

ਅਸੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੀ ਚੌਥੀ ਸ਼ਤਾਬਦੀ ਅਤੇ ਭਾਈ ਘਨੱਈਆ ਦੀ ਜਯੰਤੀ ਮਨਾ ਕੇ ਹਟੇ ਹਾਂ। ਇਨ੍ਹਾਂ ਪ੍ਰਕਾਸ਼ ਪੁੰਜਾਂ 'ਚੋਂ ਚਾਨਣ ਦੀ ਲਿਸ਼ਕ ਲੈ ਕੇ ਅਸੀਂ ਇਸ ਧਾਰਨਾ ਨੂੰ ਝੁਠਲਾਉਣਾ ਹੈ ਕਿ ਪੰਜਾਬ ਅਤੇ ਹਰਿਆਣਾ ਅਗਲੇ ਕੁੱਝ ਵਰ੍ਹਿਆਂ ਵਿੱਚ ਰੇਗਿਸਤਾਨ ਬਣ ਜਾਣਗੇ।

ਲਗਾਤਾਰ ਸੁੱਕਦੇ ਪਾਣੀ ਦੇ ਸੋਮੇ ਅਤੇ ਵਾਤਾਵਰਣ ਜੇ ਮੂਲੋਂ ਹੀ ਪਲੀਤ ਹੋ ਜਾਣ ਤਾਂ ਉਨ੍ਹਾਂ ਨੂੰ ਸੁਰਜੀਤ ਕਰਨ ਲਈ ਹਿਮਾਲਾ ਜਿੱਡੇ ਯਤਨਾਂ ਦੀ ਲੋੜ ਪੈਂਦੀ ਹੈ। ਆਉ ! ਆਪਣੇ ਮਹਾਨ ਪ੍ਰੇਰਨਾ ਸਰੋਤ ਸ਼੍ਰੀ ਹਰਿਮੰਦਰ ਸਾਹਿਬ ਅਤੇ ਜਯੋਤੀਸਰ ਦੇ ਅੰਮ੍ਰਿਤ ਸਰੋਵਰਾਂ 'ਚੋਂ ਅੰਮ੍ਰਿਤ ਲੈ ਕੇ ਬੇਕਦਰੀ ਦੇ ਗਾਰੇ ਨਾਲ ਭਰੇ ਜਾ ਰਹੇ ਆਪਣੇ ਟੋਭਿਆਂ, ਢਾਬਾਂ, ਛੱਪੜਾਂ ਅਤੇ ਤਾਲਾਬਾਂ ਵਿੱਚ ਛਿੜਕ ਕੇ ਪਰਮ ਪਿਤਾ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗਦੇ ਹੋਏ ਬੇਨਤੀ ਕਰੀਏ, ਹੇ ਸੱਚੇ ਪਾਤਸ਼ਾਹ ! ਹਰੀ ਕ੍ਰਾਂਤੀ ਤੇਰੀ ਕੁਦਰਤ ਦੇ ਖ਼ਿਲਾਫ਼ ਜੰਗ ਸੀ, ਤੇਰੇ ਸਹਿਜ ਘੁੰਮਦੇ ਚੱਕੇ ਨੂੰ ਅਸੀਂ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਵਿੱਚ ਅਸੀਂ ਆਪਣੀ ਮਿੱਟੀ, ਪਾਣੀ, ਰੁੱਖ, ਪਸ਼ੂ, ਪਰਿੰਦੇ ਅਤੇ ਆਪਣੇ ਲਹੂ ਦੀ ਲਾਲੀ ਦੇ ਨਾਲ-ਨਾਲ ਆਪਣਾ ਨਿੱਘਾ ਸਭਿਆਚਾਰ ਤੱਕ ਗੁਆ ਬੈਠੇ ਹਾਂ। ਸਾਡੀਆਂ ਰਗਾਂ ਵਿੱਚ ਅੱਜ ਲਹੂ ਦੀ ਥਾਂ ਪੈਸਟੀਸਾਈਡ ਤੈਰ ਰਿਹਾ ਹੈ। ਹੇ ਬਖ਼ਸ਼ਣਹਾਰ ! ਸਾਡੀ ਭੁੱਲ ਮੁਆਫ਼ ਕਰ। ਅਸੀਂ ਤੇਰੀਆਂ ਦਾਤਾਂ ਨੂੰ ਬਚਾਉਣ ਲਈ ਕਾਰ ਸੇਵਾ ਕਰਾਂਗੇ। ਸਾਨੂੰ 'ਹੁਕਮ' ਦੇ ਕਿ ਅਸੀਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਜਿਹੀ ਅਮਰ ਬਾਣੀ ਆਪਣੇ ਮਨ-ਮਸਤਕ ਵਿੱਚ ਧਾਰਨ ਕਰਕੇ ਪਾਣੀ ਦੇ ਸੋਮਿਆਂ ਤੇ ਵਾਤਾਵਰਣ ਨੂੰ ਪਹਿਲਾਂ ਵਾਂਗ ਰੰਗਤਾਂ 'ਚ ਲਿਆ ਸਕੀਏ।

ਬੀਆਬਾਨਾਂ ਵੱਲ ਵਧਦੀ ਸੱਭਿਅਤਾ ਦੇ ਸੰਕਟ ਦੇ ਇਸ ਦੌਰ ਵਿੱਚ ਸੋਧ ਸਿਰਫ਼ ਸੰਸਕ੍ਰਿਤੀ, ਪ੍ਰੰਪਰਾਵਾਂ ਦੀ ਪੜਤਾਲ ਨਾਲ ਹੀ ਸੰਭਵ ਹੈ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਨਾਤਨ ਧਰਮ ਸਭਾਵਾਂ, ਪੰਚਾਇਤਾਂ, ਯੂਥ ਕਲੱਬਾਂ ਦੇ ਉੱਦਮੀ, ਸਨਅਤਕਾਰ ਅਤੇ ਲੋਕ ਗਾਇਕ ਮਿਲ ਕੇ 'ਵਾਤਾਵਰਣ ਬਚਾਉਣ' ਲਈ ਅੱਗੇ ਆਉਣ ਤਾਂ ਹੀ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਸੁਰੱਖਿਅਤ ਹੋ ਸਕਦਾ ਹੈ। ਰੱਬੀ ਕਾਰਜਾਂ ਤੋਂ ਦੂਰ ਹੋ ਚੁੱਕੇ ਧਾਰਮਿਕ ਆਗੂਆਂ ਨੂੰ ਆਪਣੇ ਏ. ਸੀ. ਕਮਰਿਆਂ 'ਚੋਂ ਬਾਹਰ ਆ ਕੇ ਸੁਲਘਦੀ ਧਰਤੀ ਦੀ ਸਾਂਭ-ਸੰਭਾਲ ਲਈ ਕਾਰ ਸੇਵਾ ਦੇ ਦੀਵਾਨ ਸਜਾਉਣੇ ਚਾਹੀਦੇ ਹਨ।

ਆਓ ! ਪੰਜਾਬ -ਹਰਿਆਣਾ ਨੂੰ ਬੇ-ਆਬ ਅਤੇ ਬੀਆਬਾਨ ਹੋਣ ਤੋਂ ਬਚਾਉਣ ਲਈ ਪ੍ਰਭਾਤ-ਫੇਰੀਆਂ, ਨਗਰ ਕੀਰਤਨ, ਸ਼ੋਭਾ ਯਾਤਰਾਵਾਂ ਕੱਢੀਏ। ਅੱਜ ਵਿਸ਼ਵ ਵਪਾਰ ਸੰਗਠਨ ਜਿਹੇ 'ਵਲੀ ਕੰਧਾਰੀ' ਸਾਨੂੰ ਫੇਰ ਤਿਹਾਇਆਂ ਮਾਰਨਾ ਚਾਹੁੰਦੇ ਹਨ। ਇਸ ਸੁਹਾਵੀ ਧਰਤ 'ਤੇ ਕਦੀ ਜਪੁਜੀ ਅਤੇ ਗੀਤਾ ਨੇ ਡੂੰਘੇ ਪਸਰੇ ਹਨੇਰਿਆਂ ਨੂੰ ਸੇਧ ਦਿੱਤੀ ਸੀ। ਆਪਾਂ ਸਾਰੇ ਪਾਰਥ 'ਸ਼ੁਭ ਕਰਮਨ ਕਰਨ' ਤੋਂ ਕਦੋਂ ਤੱਕ ਟਲਦੇ ਰਹਾਂਗੇ ?

ਸੁਰਿੰਦਰ ਬਾਂਸਲ

# ਅੱਜ ਵੀ ਖਰੇ ਹਨ ਤਾਲਾਬ



|| ਹਮਾਰਾ ਪਰਿਆਵਰਣ ||



# ਅੱਜ ਵੀ ਖਰੇ ਹਨ ਤਾਲਾਬ


**ਅਨੁਪਮ ਮਿਸ਼ਰ**

ਪੰਜਾਬੀ ਅਨੁਵਾਦ

**ਸੁਰਿੰਦਰ ਬਾਂਸਲ**

ਹਮਾਰਾ ਪਰਿਆਵਰਣ, ਸ਼ਾਹਾਬਾਦ ਮਾਰਕੰਡਾ
ਹਰਿਆਣਾ

HAMARA PARYAWARAN
507/3, GOPI VIHAR,
SHAHABAD MARKANDA-136135
HARYANA
M : 94165 72686, 9855542421



ਮੂਲ ਲੇਖਕ : ਅਨੁਪਮ ਮਿਸ਼ਰ
ਸ਼ੋਧ ਅਤੇ ਸੰਪਾਦਨ : ਸ਼ੀਨਾ, ਮੰਜੂਸ਼੍ਰੀ ਮਿਸ਼ਰ
ਸਜਾਵਟ ਅਤੇ ਰੇਖਾ ਚਿੱਤਰ : ਦਿਲੀਪ ਚਿੰਚਾਲਕਰ


ਪੰਜਾਬੀ ਅਨੁਵਾਦ : ਸੁਰਿੰਦਰ ਬਾਂਸਲ
ਪ੍ਰਕਾਸ਼ਕ : ॥ ਹਮਾਰਾ ਪਰਿਆਵਰਣ ॥
507/3, ਗੋਪੀ ਵਿਹਾਰ,
ਸ਼ਾਹਬਾਦ ਮਾਰਕੰਡਾ (ਹਰਿਆਣਾ)
ਮੋਬਾਇਲ : +91-94165 72686
+91-98555 42421

ਟਾਈਪ ਅਤੇ ਪੇਜ ਸੈਟਿੰਗ ਮਹਿਤਾਬ-ਉਦ-ਦੀਨ
ਫ਼ੋਨ +91-98157 03226

3000 ਕਾਪੀਆਂ, ਮਈ 2006


ਮੁੱਲ : 150/- ਰੁਪਏ

ਇਸ ਪੁਸਤਕ ਦੀ ਸਮੱਗਰੀ ਦਾ ਕਿਸੇ ਵੀ ਰੂਪ ਵਿੱਚ ਇਸਤੇਮਾਲ ਕੀਤਾ
ਜਾ ਸਕਦਾ ਹੈ, ਸਰੋਤ ਦਾ ਵਰਨਣ ਕੀਤਾ ਜਾਵੇ ਤਾਂ ਚੰਗਾ ਲੱਗੇਗਾ



ਪੰਜ ਨਦੀਆਂ ਦੇ ਵਾਰਿਸ ਹੁਣ ਬੀਆਬਾਨਾਂ ਦੇ ਸ਼ਾਹ 5
ਵੱਟ ਦੇ ਕੰਢੇ ਰੱਖਿਆ ਇਤਿਹਾਸ 31
ਨੀਂਹ ਤੋਂ ਸ਼ਿਖ਼ਰ ਤੱਕ 36
ਸੰਸਾਰ ਸਾਗਰ ਦੇ ਨਾਇਕ 42
ਸਾਗਰ ਦੇ ਆਗਰ 55
ਸਾਫ਼ ਮੱਥੇ ਦਾ ਸਮਾਜ 66
ਸੈਂਕੜੇ ਹਜ਼ਾਰ ਨਾਂ 75
ਮ੍ਰਿਗ-ਤ੍ਰਿਸ਼ਨਾ ਝੁਠਲਾਉਂਦੇ ਤਾਲਾਬ 84
ਤਾਲਾਬ ਬੰਨ੍ਹਦਾ ਧਰਮ ਸੁਭਾਅ 98
ਅੱਜ ਵੀ ਖਰੇ ਹਨ ਤਾਲਾਬ 106

ਆਪਣੇ ਹੀ ਹਰੇ-ਭਰੇ ਵਿਹੜੇ 'ਚ
ਉਜਾੜ ਹੁੰਦੇ ਜਾ ਰਹੇ ਸਮਾਜ ਦੇ ਨਾਂ



"ਮਿੱਟੀ, ਜੰਗਲ, ਜੀਵ ਅਤੇ ਪਾਣੀ
ਇਨ੍ਹਾਂ ਤੋਂ ਬਿਨਾਂ ਹਰ ਯੋਜਨਾ ਕਾਣੀ"

# ਪੰਜ ਨਦੀਆਂ ਦੇ ਵਾਰਿਸ ਹੁਣ ਬੀਆਬਾਨਾਂ ਦੇ ਸ਼ਾਹ

ਇਹ ਗੱਲ 1993 ਦੀ ਹੈ। ਉਦੋਂ ਹਿੰਦੀ ਅਖ਼ਬਾਰ 'ਜਨਸੱਤਾ' ਚੰਡੀਗੜ੍ਹ ਤੋਂ ਵੀ ਨਿੱਕਲਦਾ ਸੀ ਅਤੇ ਉਸਦੇ ਸੰਪਾਦਕ ਸ਼੍ਰੀ ਪ੍ਰਭਾਸ਼ ਜੋਸ਼ੀ ਆਪਣੇ ਪ੍ਰਸਿੱਧ ਐਤਵਾਰੀ ਕਾਲਮ 'ਕਾਗਦ ਕਾਰੇ' ਵਿੱਚ ਭਾਰਤੀ ਲੋਕ ਜੀਵਨ ਦੀਆਂ ਨਿੱਘੀਆਂ ਪ੍ਰੰਪਰਾਵਾਂ ਬਾਰੇ ਬੜੀ ਸ਼ਿੱਦਤ ਨਾਲ਼ ਲਿਖਿਆ ਕਰਦੇ ਸਨ। 17 ਅਕਤੂਬਰ, 1993 ਦੇ 'ਕਾਗਦ ਕਾਰੇ' ਕਾਲਮ ਵਿੱਚ ਉਨ੍ਹਾਂ ਨੇ 'ਆਜ ਭੀ ਖਰੇ ਹੈਂ ਤਾਲਾਬ' ਪੁਸਤਕ ਦੀ ਸਮੀਖਿਆ ਅਤੇ ਪੁਸਤਕ ਦੇ ਲੇਖਕ ਸ਼੍ਰੀ ਅਨੁਪਮ ਮਿਸ਼ਰ ਬਾਰੇ ਇੱਕ ਲੇਖ 'ਪਰਿਆਵਰਣ ਕਾ ਯਹ ਅਨੁਪਮ ਆਦਮੀ' ਲਿਖਿਆ। ਲੇਖ ਮਨ ਦੀ ਨਿੱਕੀ ਜਿਹੀ ਖੂਹੀ ਵਿੱਚ ਨਿਰਮਲ ਜਲ ਵਾਂਗ ਠਹਿਰ ਗਿਆ। ਅਨੁਪਮ ਜੀ ਨੂੰ ਚਿੱਠੀ ਲਿਖੀ। ਉਸੇ ਹਫ਼ਤੇ ਉੱਤਰ ਸਹਿਤ ਪੁਸਤਕ ਘਰ ਪਹੁੰਚ ਗਈ। ਜਿਵੇਂ-ਜਿਵੇਂ ਪੁਸਤਕ ਪੜ੍ਹਦਾ ਗਿਆ, ਕੋਈ ਦੈਵੀ ਬਾਣੀ ਨਾ ਸਿਰਫ਼ ਮਨ ਦੀਆਂ ਸੁੱਤੀਆਂ ਕਲਾਂ ਜਗਾਉਂਦੀ ਗਈ, ਬਲਕਿ ਜ਼ਿੰਦਗੀ ਦੇ ਕਰਮ ਅਤੇ ਸ੍ਵੈਧਰਮ ਨੂੰ ਵੀ ਸਮਝਾਉਂਦੀ ਚਲੀ ਗਈ। ਇੱਕ ਵਾਰ ਤਾਂ ਅੰਦਰੋਂ-ਬਾਹਰੋਂ ਸਭ ਕੁੱਝ ਹੇਠ-ਉੱਤੇ ਹੋ ਗਿਆ। ਰੋਜ਼ੀ-ਰੋਟੀ ਦਾ ਸੰਘਰਸ਼ ਤਾਂ ਵੱਖਰਾ ਸੀ ਹੀ। ਅਜਿਹੀ ਉਥਲ-ਪੁਥਲ ਦੇ ਸਮੇਂ ਵਿੱਚ ਹੀ ਦਿੱਲੀ ਜਾਣ ਅਤੇ ਅਨੁਪਮ ਜੀ ਨੂੰ ਮਿਲਣ ਦਾ ਮੌਕ਼ਾ ਮਿਲਿਆ। ਬੱਸ! ਜਿਵੇਂ ਬੇ-ਅਰਥੇ ਜੀਵਨ ਨੂੰ ਤੁਰਨ ਲਈ ਪਗਡੰਡੀ ਮਿਲ ਗਈ। ਵਾਪਿਸ ਮਾਲੇਰ-ਕੋਟਲਾ ਆਉਂਦਿਆਂ (ਉਨ੍ਹੀਂ ਦਿਨੀਂ ਅਸੀਂ ਆਪਣੇ ਜੱਦੀ ਸ਼ਹਿਰ ਮਾਲੇਰ-ਕੋਟਲਾ ਰਹਿੰਦੇ ਹੁੰਦੇ ਸੀ) ਬਸ ਵਿੱਚ ਬੈਠੇ-ਬੈਠੇ ਪਾਣੀ ਨਾਲ ਜੁੜੀਆਂ ਯਾਦਾਂ ਦੇ ਅਨੇਕ ਸਫ਼ੇ ਖੁੱਲ੍ਹਦੇ ਚਲੇ ਗਏ....

ਪਿਤਾ ਜੀ ਕਿਉਂ ਨਹਾਉਂਦੇ ਸਮੇਂ 'ਜਲ ਮਿਲਿਆ ਪਰਮੇਸ਼ਰ ਮਿਲਿਆ, ਮਨ ਦੀ ਟਲੀ ਬਲਾ' ਕਹਿੰਦੇ ਸਨ, ਬੀਜੀ ਕਿਉਂ ਤਿਉਹਾਰਾਂ ਦੇ ਦਿਨੀਂ ਪਾਣੀ ਵਿੱਚ ਬਲਦੇ ਦੀਵੇ ਛੱਡਣ ਲਈ ਆਖਦੇ ਸਨ, ਕਿਉਂ ਜਮਾਲਪੁਰਾ ਵਿਖੇ, ਸਾਡੇ ਘਰ ਦੇ ਕੋਲ ਪੁਰਾਣੇ ਟੋਭੇ ਵਿੱਚ ਮੱਛੀਆਂ ਲਈ ਆਟੇ ਦੀਆਂ ਗੋਲੀਆਂ ਪਾਉਣ ਲਈ ਕਹਿੰਦੇ ਸਨ, ਕਿਉਂ ਦੁਸਹਿਰੇ ਦੀ ਪੂਜਾ ਦੇ ਦਿਨ ਵਗਦੇ ਪਾਣੀ ਵਿੱਚ ਜੌਂ ਤਾਰਨ ਲਈ ਆਖਦੇ ਸਨ, ਕਿਉਂ ਰੋਜ਼ ਸਵੇਰੇ ਮੈਨੂੰ ਸਕੂਲੇ ਜਾਣ ਤੋਂ ਪਹਿਲਾਂ ਛੱਤ 'ਤੇ ਪੰਛੀਆਂ ਲਈ ਰੱਖੇ ਠੂਠੇ ਦਾ ਪਾਣੀ

ਬਦਲਣ ਲਈ ਕਹਿੰਦੇ ਸਨ, ਕਿਉਂਕਿ ਜਲ ਨਾਲ ਹੀ ਜੀਵਨ ਦੀ ਜੋਤ ਬਲਦੀ ਹੈ। ਅਜਿਹੀਆਂ ਗਹਿਰੀਆਂ ਆਸਥਾਵਾਂ ਨਾਲ ਜੁੜੇ ਯਾਦਾਂ ਦੇ ਅਨੇਕ ਸਫ਼ੇ ਖੁੱਲ੍ਹਦੇ ਚਲੇ ਗਏ .... ਲੇਕਿਨ ਅਚਾਨਕ ਬਚਪਨ ਦੀਆਂ ਯਾਦਾਂ ਨਾਲ ਜੁੜੇ ਅਜਿਹੇ ਹੀ ਇੱਕ ਸਫ਼ੇ ਉੱਤੇ ਆਤਮਾ ਠਹਿਰ ਗਈ ....

ਇਹ ਗੱਲ ਬਚਪਨ ਦੀ ਯਾਨੀ ਤੀਹ-ਬੱਤੀ ਸਾਲ ਪੁਰਾਣੀ ਹੈ। ਉਨ੍ਹਾਂ ਭਲੇ ਵਕਤਾਂ ਵਿੱਚ ਬੱਚੇ ਗਰਮੀ ਦੀਆਂ ਛੁੱਟੀਆਂ ਮਨਾਉਣ ਆਪਣੇ ਨਾਨਕੇ ਜਾਇਆ ਕਰਦੇ ਸਨ। ਮੈਂ ਵੀ ਆਪਣੇ ਨਾਨਕੇ ਪਿੰਡ ਪਾਇਲ (ਜ਼ਿਲ੍ਹਾ ਲੁਧਿਆਣਾ) ਗਿਆ ਹੋਇਆ ਸੀ। ਚੁਹੱਟੇ ਮੁਹੱਲੇ ਵਿੱਚ ਨਾਨਾ ਜੀ ਦਾ ਘਰ ਸੀ, ਹੁਣ ਵੀ ਹੈ। ਨਾਨਾ ਜੀ ਲੱਕੜੀ ਦੇ ਕਿਸੇ ਕੰਮ ਵਿੱਚ ਮਸ਼ਗੂਲ ਸਨ। ਉਸ ਦਿਨ ਵੀ ਨਾਨਾ ਜੀ ਆਪਣੇ ਕੋਲ ਬੈਠੇ ਇੱਕ ਬਜ਼ੁਰਗ ਦਾ ਕੋਈ ਕੰਮ ਕਰ ਰਹੇ ਸਨ। ਕੋਲ ਹੀ ਸਾਰੇ ਮੁਹੱਲੇ ਦੇ ਬੱਚੇ ਬੰਟੇ ਖੇਡ ਰਹੇ ਸਨ। ਮੈਂ ਵੀ ਆਪਣੀ ਵਾਰੀ ਦੀ ਉਡੀਕ ਵਿੱਚ ਨਾਨਾ ਜੀ ਦੇ ਕੋਲ ਹੀ ਬੈਠਾ ਸੀ। ਮੈਨੂੰ ਯਾਦ ਹੈ ਲਿਸ਼ਕਦੀਆਂ ਅੱਖਾਂ ਵਾਲੇ ਉਹ ਬਜ਼ੁਰਗ ਨਾਨਾ ਜੀ ਨੂੰ ਆਪਣੇ ਉਸ ਪੁੱਤਰ ਬਾਰੇ ਦੱਸ ਰਹੇ ਸਨ, ਜਿਸਦੀ ਸ਼ਾਇਦ ਕਿਸੇ ਉੱਚੇ ਅਹੁਦੇ ਵਾਲੀ ਨੌਕਰੀ ਨਵੀਂ-ਨਵੀਂ ਲੱਗੀ ਸੀ। ਬੰਟੇ ਖੇਡਦੇ ਬੱਚਿਆਂ ਦੇ ਰੌਲੇ ਵਿੱਚ ਵੀ ਮੈਨੂੰ ਉਨ੍ਹਾਂ ਦੀਆਂ ਗੱਲਾਂ ਵਿੱਚੋਂ ਸੁਆਦ ਆਉਣ ਲੱਗਾ। ਬਾਬਾ ਜੀ ਕਹਿ ਰਹੇ ਸਨ, "ਨੰਦ ਰਾਮਾਂ! ਮੇਰੇ ਘਰ ਸੱਤ ਪੁੱਤ ਜੰਮੇ, ਪਰ ਕੋਈ ਬਚਦਾ ਹੀ ਨਹੀਂ ਸੀ, ਸਾਰੇ ਬਹੁਤ ਦੁਖੀ ਸਨ। ਸਭ ਜਗ੍ਹਾ ਮੱਥਾ ਟੇਕ ਆਏ, ਪਰ ਹਰ ਵਾਰ ਖ਼ੁਸ਼ੀ ਦੀ ਕਿਲਕਾਰੀ ਦੀ ਥਾਂ ਘਰ ਦੇ ਅੰਦਰੋਂ ਮੌਤ ਦੀ ਚੀਕ ਹੀ ਬਾਹਰ ਆਉਂਦੀ ਸੀ। ਮੈਂ ਹਾਰ ਗਿਆ ਸੀ, ਟੁੱਟ ਗਿਆ ਸੀ, ਪਤਾ ਨਹੀਂ ਸਾਡੀ ਦੇਹਲੀ ਉੱਤੇ ਵੀ ਕੋਈ ਦੀਵਾ ਬਾਲਣ ਵਾਲਾ ਹੋਵੇਗਾ ਜਾਂ ਨਹੀਂ।" ਥੋੜ੍ਹੀ ਦੇਰ ਦੀ ਚੁੱਪੀ ਤੋਂ ਬਾਅਦ ਬਾਬਾ ਜੀ ਫੇਰ ਬੋਲੇ,"ਨੰਦ ਰਾਮਾਂ, ਇੱਕ ਦਿਨ ਤੜਕੇ-ਸਾਝਰੇ, ਬ੍ਰਹਮ ਬੇਲਾ ਵਿੱਚ, ਮੈਂ ਖੇਤਾਂ ਵਿੱਚ ਜਾਂਦੇ-ਜਾਂਦੇ ਆਪਣੇ ਪਿੰਡ ਦੇ ਚੌਰਾਹੇ ਦੀ ਤ੍ਰਿਵੈਣੀ ਹੇਠ ਬਣੇ ਚਬੂਤਰੇ ਉੱਤੇ ਬੈਠ ਗਿਆ, ਚੜ੍ਹਦੇ ਸੂਰਜ ਦੇ ਚਾਨਣੇ ਵੱਲ ਵੇਖਦਿਆਂ ਮਨ ਹੀ ਮਨ ਵਾਹਿਗੁਰੂ ਅੱਗੇ ਅਰਦਾਸ ਕਰਨ ਲੱਗਾ, ਹੇ ਸੱਚੇ ਪਾਤਸ਼ਾਹ! ਜੇਕਰ ਇਸ ਵਾਰ ਤੂੰ ਮੇਰੇ ਘਰ ਆਉਣ ਵਾਲੇ ਜੀਅ ਦੀ ਜ਼ਿੰਦਗੀ ਬਖ਼ਸ਼ ਦੇਵੇਂ ਤਾਂ ਮੈਂ ਪਿੰਡ ਦੇ ਸਾਰੇ ਚੌਰਾਹਿਆਂ ਉੱਤੇ ਤ੍ਰਿਵੈਣੀਆਂ (ਨਿੰਮ, ਪਿੱਪਲ, ਬਰੋਟੇ) ਲਗਵਾਵਾਂਗਾ ਅਤੇ ਪਿੰਡ ਦੇ ਮੰਦਰ ਦੀ ਬਾਉਲੀ, ਗੁਰਦੁਆਰੇ ਦਾ ਸਰੋਵਰ ਅਤੇ ਸ਼ਮਸ਼ਾਨ ਵਾਲਾ ਘਾਟ ਸਾਫ਼ ਕਰਵਾਵਾਂਗਾ। ....ਨੰਦ ਰਾਮਾਂ, ਔਹ ਵੇਖ, ਔਹ, ਤ੍ਰਿਵੈਣੀ ਉਹੀ ਹੈ ਜਿਹੜੀ ਕਾਕੇ ਦੇ ਜੰਮਣ 'ਤੇ ਮੈਂ ਆਪਣੇ ਹੱਥਾਂ ਨਾਲ, ਪਰਮਪਿਤਾ ਦਾ ਧੰਨਵਾਦ ਕਰਦਿਆਂ ਲਗਾਈ ਸੀ। ਵਾਹਿਗੁਰੂ ਮੇਰੇ ਕਾਕੇ ਨੂੰ ਉਸ ਤ੍ਰਿਵੈਣੀ ਦੀ ਉਮਰ ਅਤੇ ਉਸ ਤ੍ਰਿਵੈਣੀ ਨੂੰ ਮੇਰੇ ਕਾਕੇ ਦੀ ਉਮਰ ਬਖ਼ਸ਼ੇ।"

ਮੈਨੂੰ ਅੱਜ ਵੀ ਬਾਬਾ ਜੀ ਦੀ ਅੱਖਾਂ ਦੀ ਉਹ ਲਿਸ਼ਕ ਯਾਦ ਹੈ। ਯਾਦਾਂ ਦੇ ਇਸ ਪਵਿੱਤਰ ਆਲਮ ਵਿੱਚ ਮੈਨੂੰ ਅਨੁਪਮ ਜੀ ਦੀ ਇਸੇ ਪੁਸਤਕ ਨੇ ਪਹੁੰਚਾਇਆ ਸੀ।



ਬਸ ਵਿੱਚ ਬੈਠਾ ਮੈਂ ਸੋਚ ਰਿਹਾ ਸੀ,"ਅੱਜ ਜਦੋਂ ਚਾਰੋ ਪਾਸੇ ਧਰਮਾਂ, ਧਾਰਮਿਕ ਆਗੂਆਂ ਅਤੇ ਧਾਰਮਿਕ ਲੋਕਾਂ ਦਾ ਅਫ਼ਾਰਾ ਹੈ, ਕੀ ਕਿਸੇ ਕੋਲ ਵੀ ਮੇਰੇ ਨਾਨਕੇ ਵਾਲੇ ਬਾਬੇ ਜਿਹੀ ਕੋਈ ਅਰਦਾਸ, ਕੋਈ ਦੁਆ, ਕੋਈ ਪ੍ਰਾਰਥਨਾ ਬਚੀ ਹੈ, ਜਿਸਨੂੰ ਆਉਣ ਵਾਲੀਆਂ ਨਸਲਾਂ ਦੇ ਸੁਰੱਖਿਅਤ ਜੀਵਨ ਹਿੱਤ ਬੀਜਿਆ ਜਾ ਸਕੇ, ਤਾਂ ਜੋ ਆਉਣ ਵਾਲੀਆਂ ਨਸਲਾਂ ਸਾਡੀਆਂ ਬੀਜੀਆਂ ਨੇਕੀਆਂ ਦੀਆਂ ਕੁੱਝ ਫ਼ਸਲਾਂ ਦਾ ਆਨੰਦ ਮਾਣ ਸਕਣ। ਸਾਡਾ ਅੱਜ ਦਾ ਜੀਵਨ ਸਾਡੇ ਪੁਰਖਿਆਂ ਦੀਆਂ ਬੀਜੀਆਂ ਦੁਆਵਾਂ ਦੇ ਸਦਕੇ ਹੀ ਤਾਂ ਹੈ। ਕੀ ਅੱਜ ਸੱਚਮੁਚ ਸਾਡੇ ਅਖੌਤੀ ਧਾਰਮਿਕ ਆਗੂ, ਡੇਰਿਆਂ, ਜ਼ਮੀਨਾਂ, ਜਾਇਦਾਦਾਂ ਦੀ ਰਿਲੇਅ ਰੇਸ ਖੇਡਦੇ ਸਾਡੇ ਸੰਤ-ਮਹੰਤ, ਮੌਲਵੀ, ਪਾਦਰੀ ਅਜਿਹੀਆਂ ਕੁੱਝ ਅਰਦਾਸਾਂ ਕਰਦੇ ਹੋਣਗੇ, ਜਿਨ੍ਹਾਂ ਨਾਲ ਸਭ ਨੂੰ ਛਾਂ ਮਿਲ ਸਕੇ, ਸਭ ਦੀ ਪਿਆਸ ਬੁਝ ਸਕੇ? ਸ਼ਾਇਦ ਨਹੀਂ।

ਮਨ ਨੂੰ ਤੁਰਨ ਲਈ ਪਗਡੰਡੀ ਮਿਲ ਹੀ ਚੁੱਕੀ ਸੀ, ਮਨ-ਲਹਿਰਾਂ ਉੱਤੇ ਸੈਂਕੜੇ ਪ੍ਰਸ਼ਨ ਉੱਭਰਦੇ, ਮਿਟ ਜਾਂਦੇ ... ਦਿਨ ਬੀਤਦੇ ਗਏ ... ਬੀਤਦੇ ਗਏ। ਕਿਤਾਬ ਕਈ ਵਾਰ ਪੜ੍ਹ ਚੁੱਕਾ ਸੀ। ਆਪਣੇ ਆਲੇ-ਦੁਆਲੇ ਪੁਰਾਣੇ ਸੜਦੇ ਟੋਭੇ ਵੇਖਦਾ, ਰੁਤਬਾ ਗੁਆ ਚੁੱਕੇ ਪੁਰਾਣੇ ਬਜ਼ੁਰਗਾਂ ਜਿਹੇ ਦਰੱਖ਼ਤਾਂ ਦੀਆਂ ਯਾਦਾਂ ਵੇਖਦਾ, ਆਪਣੇ ਸ਼ਹਿਰ ਮਾਲੇਰ-ਕੋਟਲਾ ਦੀ ਠੰਢੀ ਸੜਕ (ਜਿਹੜੀ ਫੈਕਟਰੀਆਂ ਬਣਨ ਕਾਰਨ ਹੁਣ ਸ਼ਹਿਰ ਦੀ ਸਭ ਤੋਂ ਵੱਧ ਤੱਤੀ ਸੜਕ ਬਣ ਚੁੱਕੀ ਸੀ) ਦੀਆਂ ਠੰਢੀਆਂ ਯਾਦਾਂ ਨੂੰ ਮਹਿਸੂਸ ਕਰਦਾ, ਸੜਕ ਦੇ ਕਿਨਾਰੇ ਵਿਕਾਸ ਦੀਆਂ ਚਿਮਨੀਆਂ 'ਚੋਂ ਨਿੱਕਲਦੇ ਕਾਲੇ ਧੂੰਏਂ ਨਾਲ ਕਾਲੀਆਂ ਹੋਈਆਂ ਜਾਮੁਣਾਂ ਦੀਆਂ ਟਾਹਣੀਆਂ ਵੇਖਦਾ, ਕੁੱਝ ਹੋਰ ਪੁਰਾਣੇ ਵੈਰਾਗੇ ਹੋਏ ਦਰੱਖ਼ਤ ਵੇਖ ਮਨ ਹੀ ਮਨ ਉਦਾਸ ਹੁੰਦਾ, ਪਤਾ ਨਹੀਂ ਇਹ ਬੇਢਬਾ ਅੰਨ੍ਹਾ ਵਿਕਾਸ ਸਾਨੂੰ ਕਿਹੜੇ ਖੂੰਜੇ ਲਿਜਾ ਕੇ ਸੁੱਟੇਗਾ! ਪ੍ਰਾਚੀਨ ਜਲ ਸੋਮਿਆਂ ਬਾਰੇ, ਵਾਤਾਵਰਣ ਬਾਰੇ ਕੁੱਝ ਸਾਹਿਤ ਲੱਭਣ ਦੀ ਕੋਸ਼ਿਸ਼ ਕਰਦਾ, ਕੁੱਝ ਦੋਸਤਾਂ, ਕੁੱਝ ਬਜ਼ੁਰਗਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰਦਾ, ਪਰ ਜ਼ਿਆਦਾਤਰ ਨਿਰਾਸ਼ਾ ਹੀ ਹੱਥ ਲਗਦੀ। ਇੰਝ ਲਗਦਾ ਜਿਵੇਂ ਖੂਹ ਤਾਂ ਗਏ ਹੀ ਗਏ, ਨੇਕੀਆਂ ਤੋਂ ਵੀ ਅਸੀਂ ਸਭ ਨੇ ਹੱਥ ਝਾੜ ਲਏ ਹੋਣ। ਵੱਡੇ ਭਰਾ ਵਰਗੇ ਖ਼ਾਲਿਦ ਕਿਫ਼ਾਇਤ ਸਾਹਿਬ ਤੋਂ ਇੱਕ ਵਾਰ ਪੁੱਛਣ 'ਤੇ ਪਤਾ ਲੱਗਿਆ ਸੀ ਕਿ ਮਾਲੇਰ-ਕੋਟਲਾ ਸ਼ਹਿਰ ਦੀਆਂ ਰਵਾਇਤਾਂ ਵਿੱਚ ਨਵਾਬ ਮਾਲੇਰ-ਕੋਟਲਾ ਨੇ ਸ਼ਹਿਰ ਦੀਆਂ ਅਲੱਗ-ਅਲੱਗ ਥਾਵਾਂ 'ਤੇ ਸੱਤ ਖੂਹ ਪੁਟਵਾਏ ਸਨ ਅਤੇ ਉਨ੍ਹਾਂ ਖੂਹਾਂ ਵਿੱਚ ਅਲੱਗ-ਅਲੱਗ ਥਾਵਾਂ ਤੋਂ ਲਿਆਂਦਾ ਪਾਣੀ ਪਾਇਆ ਸੀ। ਖੂਹਾਂ ਦਾ ਪਾਣੀ ਹਮੇਸ਼ਾ ਮਿੱਠਾ ਰਹੇ, ਇਸ ਲਈ ਉਸ ਦੌਰ ਦੇ ਨੇਕ ਬਜ਼ੁਰਗਾਂ ਤੋਂ ਦੁਆਵਾਂ ਪੜ੍ਹਵਾਈਆਂ ਗਈਆਂ ਸਨ। ਫੇਰ ਵੱਖ-ਵੱਖ ਇਲਾਕਿਆਂ 'ਚੋਂ ਲਿਆ ਕੇ ਉਨ੍ਹਾਂ ਖੂਹਾਂ ਦੁਆਲੇ ਲੋਕਾਂ ਨੂੰ ਵਸਾਇਆ ਗਿਆ ਸੀ। ਖ਼ਾਲਿਦ ਕਿਫ਼ਾਇਤ ਸਾਹਿਬ ਨੇ ਮਾਲੇਰ-ਕੋਟਲਾ ਸਰਹਿੰਦੀ ਗੇਟ ਦੇ ਬਾਹਰ ਉਸ ਸ਼ਾਹੀ ਤਾਲਾਬ ਬਾਰੇ ਵੀ ਜਾਣਕਾਰੀ ਦਿੱਤੀ ਜਿਸਨੂੰ ਹਾਲ ਵਿੱਚ ਹੀ ਪੰਜਾਬ ਦੀ ਇੱਕ ਅਜੀਬੋ ਗ਼ਰੀਬ ਸੰਸਥਾ 'ਇੰਪਰੂਵਮੈਂਟ ਟਰੱਸਟ'

ਲਗਭਗ 20 ਲੱਖ ਰੁਪਏ ਦੀ ਮਿੱਟੀ ਨਾਲ ਭਰਕੇ ਹਟੀ ਸੀ। ਰੋਜ਼ੀ-ਰੋਟੀ ਦੇ ਸੰਘਰਸ਼ਾਂ ਨਾਲ ਇਹ ਸਭ ਕੁੱਝ ਵੀ ਚਲਦਾ ਰਿਹਾ।


ਰੋਜ਼ਗਾਰ ਦੀ ਤਲਾਸ਼ ਲਈ ਬਸਾਂ ਵਿੱਚ ਸਫ਼ਰ ਕਰਦਿਆਂ ਅਕਸਰ ਮੈਂ ਬਜ਼ੁਰਗਾਂ ਨਾਲ ਗੱਲਾਂ ਕਰਦਾ-ਪੰਜਾਬ ਦੇਸ਼ ਦਾ ਇੱਕੋ-ਇੱਕ ਸੂਬਾ ਹੈ, ਜਿਸਦਾ ਨਾਂ ਪਾਣੀ ਉੱਤੇ ਰੱਖਿਆ ਗਿਆ। ਪੰਜਾਬ ਦੇ ਪਾਣੀ ਦੇ ਨਾਲ ਸਾਡੇ ਲੋਕ ਜੀਵਨ ਦੇ ਕਿੰਨੇ ਨਿੱਤਨੇਮ ਜੁੜੇ ਸਨ, ਖੂਹ, ਤਾਲਾਬ, ਸਰੋਵਰ, ਬਾਓਲੀਆਂ — ਕਿੰਨੇ ਸੋਹਣੇ ਰੂਪਾਂ ਵਿੱਚ ਸਾਡੇ ਲੋਕ ਜੀਵਨ ਦੀ ਧੜਕਣ ਸਨ। ਉਹ ਰੰਗਤਾਂ ਭਰੇ ਦਿਨ, ਜਦੋਂ ਜਲ ਸੋਮਿਆਂ ਦੀ ਪੂਜਾ ਕੀਤੀ ਜਾਂਦੀ ਸੀ, ਮੱਸਿਆ ਦੇ ਗ੍ਰਹਿਣ ਸਮੇਂ ਪਾਣੀ ਵਿੱਚ ਇਸ਼ਨਾਨ ਮਹਾਤਮ ਦਿੱਤਾ ਜਾਂਦਾ ਸੀ, ਦੀਵਾਲੀ ਨੂੰ ਨਦੀਆਂ ਦੇ ਕੰਢੇ ਦੀਵੇ ਬਾਲ ਕੇ ਰੱਖੇ ਜਾਂਦੇ ਸਨ ਤਾਂ ਜੋ ਪੰਜਾਂ ਤੱਤਾਂ ਵਿੱਚ ਜੀਵਨ ਜੋਤ ਬਲਦੀ ਰਹੇ, ਨਾ ਕਿਸੇ ਦੇ ਮਨ ਵਿੱਚ, ਨਾ ਹੀ ਬਾਹਰ ਹਨੇਰਾ ਰਹੇ। ਕੋਈ ਪਿਆਸਾ, ਕੋਈ ਭੁੱਖਾ ਨਾ ਰਹੇ, ਸਭ ਦਾ ਮੰਗਲ ਹੋਵੇ। ਇਹੋ ਸਭ ਲੱਭਣ ਦੀ ਕੋਸ਼ਿਸ਼ ਕਰਦਾ।

ਹੌਲੀ-ਹੌਲੀ ਹੱਥੋਂ ਛੁੱਟੇ ਰੰਗਲੀ ਪ੍ਰੰਪਰਾ ਦੇ ਤਾਰ ਪਕੜ ਵਿੱਚ ਆਉਣ ਲੱਗੇ। ਇਸ ਖੇਤਰ ਵਿੱਚ ਸੰਘਣੇ ਜੰਗਲਾਂ ਦੇ ਨਾਲ-ਨਾਲ ਪਾਣੀ ਦੇ ਪ੍ਰੰਪਰਾਗਤ ਸੋਮੇ ਲਗਭਗ ਅੱਠ ਪ੍ਰਕਾਰ ਦੇ ਸਨ, ਜਿਨ੍ਹਾਂ ਵਿੱਚ ਦਰਿਆ, ਚੋਅ, ਵੇਂਈਆਂ, ਛੱਪੜ, ਢਾਬ, ਡਿੱਗੀਆਂ, ਖੂਹ ਅਤੇ ਕੁੱਝ ਹੋਰ ਕੁਦਰਤੀ ਸੋਮੇ ਸ਼ਾਮਲ ਸਨ। ਇਨ੍ਹਾਂ ਸਭ ਜਲ ਸੋਮਿਆਂ ਦੇ ਕੰਢਿਆਂ ਉੱਤੇ ਬੇਹੱਦ ਸੰਘਣੇ ਸ਼ਾਂਤ ਅਤੇ ਰਮਣੀਕ ਜੰਗਲ ਸਨ। ਇਹ ਜੰਗਲ ਸਦੀਆਂ ਤੋਂ ਤਪੱਸਵੀਆਂ ਦੀਆਂ ਇਬਾਦਤਗਾਹਾਂ ਬਣੇ ਰਹੇ। ਇਨ੍ਹਾਂ ਸੰਘਣੇ ਜੰਗਲਾਂ ਵਿੱਚ ਹੀ ਵੇਦਾਂ ਦੀਆਂ ਰਿਚਾਵਾਂ ਉੱਤਰੀਆਂ ਅਤੇ ਕੁਦਰਤ ਦੀਆਂ ਗੂੜ੍ਹ ਉਲਝਣਾਂ ਦੀ ਪੜਤਾਲ ਕੀਤੀ ਗਈ।

ਸੰਸਾਰ ਦੀ ਸਭ ਤੋਂ ਵਿਸ਼ਾਲ ਅਤੇ ਖੇਤਰਫ਼ਲ ਦੇ ਹਿਸਾਬ ਨਾਲ ਸਭ ਤੋਂ ਲੰਮੀ ਸਭਿਅਤਾ ਸਿੰਧੂ ਘਾਟੀ ਦੀ ਸਭਿਅਤਾ ਮੰਨੀ ਗਈ ਹੈ ਜਿਹੜੀ ਕਿ ਲਗਭਗ ਨੌਂ ਸੌ ਮੀਲ ਵਿੱਚ ਫੈਲੀ ਹੋਈ ਸੀ। ਅਜਿਹੀ ਵਿਸ਼ਾਲ ਸਭਿਅਤਾ ਦੇ ਮੂਲ ਵਿੱਚ ਸੰਘਣੇ ਵਣ ਅਤੇ ਉਹ ਸਾਰੇ ਦਰਿਆ ਹੀ ਸਨ ਜਿਹੜੇ ਅੱਗੇ ਜਾ ਕੇ ਸਿੰਧ ਵਿੱਚ ਮਿਲ ਜਾਂਦੇ ਸਨ। ਮਹਾਭਾਰਤ ਕਾਲ ਵਿੱਚ ਪੰਜਾਬ ਦਾ ਨਾਂ ਪੰਚਨੰਦਾ ਸੀ। ਇਸਤੋਂ ਵੀ ਪ੍ਰਾਚੀਨ ਨਾਂ ਸਪਤਸਿੰਧੂ ਸੀ ਕਿਉਂਕਿ ਉਦੋਂ ਇੱਥੇ ਸਿੰਧ ਅਤੇ ਯਮੁਨਾ ਜਿਹੇ ਦਰਿਆ ਵੀ ਵਗਦੇ ਸਨ। ਜਦੋਂ ਨਾਪਾਕ ਇਰਾਦਿਆਂ ਨਾਲ ਦੇਸ਼ ਦਾ ਇੱਕ ਅੰਗ ਹਲਾਲ 'ਪਾਕ' ਕੀਤਾ ਗਿਆ ਤਾਂ ਵੀ ਇਹ ਦਰਿਆ ਹੀ ਹੱਦਬੰਦੀ ਦਾ ਆਧਾਰ ਬਣੇ ਸਨ। ਇਨ੍ਹਾਂ ਸਭ ਦਰਿਆਵਾਂ ਦੇ ਕੰਢਿਆਂ ਉੱਤੇ ਸੰਘਣੇ ਜੰਗਲਾਂ ਦਾ ਵੱਡਾ ਪਸਾਰਾ ਸੀ। ਅਜਿਹੇ ਪਵਿੱਤਰ ਵਾਤਾਵਰਣ ਕਾਰਨ ਹੀ ਦਰਿਆਵਾਂ ਅਤੇ ਜੰਗਲਾਂ ਦੇ ਕਿਨਾਰੇ ਧਾਰਮਿਕ ਨਗਰ, ਧਰਮਸ਼ਾਲਾਵਾਂ ਉਸਾਰੀਆਂ ਗਈਆਂ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕੰਢੇ ਕਰਤਾਰਪੁਰ ਵਿਖੇ ਪਹਿਲੀ ਧਰਮਸ਼ਾਲਾ ਦਾ ਨਿਰਮਾਣ ਕਰਵਾਇਆ ਸੀ। ਠੀਕ ਇਸੇ



ਤਰ੍ਹਾਂ ਬਿਆਸ ਦਰਿਆ ਦੇ ਕਿਨਾਰੇ ਸ਼੍ਰੀ ਬਾਉਲੀ ਸਾਹਿਬ, ਸ਼੍ਰੀ ਹਰਗੋਬਿੰਦਪੁਰ ਸਾਹਿਬ, ਸ਼੍ਰੀ ਕੀਰਤਪੁਰ ਸਾਹਿਬ ਅਤੇ ਸ਼੍ਰੀ ਆਨੰਦਪੁਰ ਸਾਹਿਬ ਜਿਹੀਆਂ ਧਰਮ ਨਗਰੀਆਂ ਦੀ ਸਥਾਪਨਾ ਕੀਤੀ ਗਈ।



ਉਦੋਂ 'ਨਦੀ ਜੋੜੋ' ਜਿਹੀਆਂ ਗ਼ੈਰ ਅਮਲੀ ਯੋਜਨਾਵਾਂ ਬਣਾਉਣ ਵਾਲੇ ਯੋਜਨਾਕਾਰ ਨਹੀਂ ਸਨ ਹੁੰਦੇ, ਉਦੋਂ ਲੋਕੀ ਖ਼ੁਦ ਹੀ ਨਦੀਆਂ ਨਾਲ ਜੁੜੇ ਹੋਏ ਸਨ, ਸਾਰੇ ਕੁਦਰਤੀ ਸੋਮਿਆਂ ਨਾਲ ਲੋਕ ਜੁੜੇ ਹੋਏ ਸਨ। ਕੁਦਰਤ ਨੂੰ ਹੀ ਪਰਮਪਿਤਾ ਦੇ ਦਸਤਖ਼ਤ ਸਮਝ ਪੂਜਦੇ ਸਨ। ਨਦੀਆਂ ਦੇ ਪ੍ਰਤੀ ਅਜਿਹੀ ਸ਼ਰਧਾ ਸੀ ਕਿ ਉਨ੍ਹਾਂ ਨੂੰ ਪਾਪ ਨਾਸ਼ਕ ਮੰਨਿਆ ਜਾਂਦਾ ਸੀ। ਲੋਕ ਆਪਣੇ ਦੁੱਖ-ਸੁੱਖ ਨਦੀਆਂ ਦਰੱਖ਼ਤਾਂ ਨਾਲ ਹੀ ਸਾਂਝੇ ਕਰਦੇ ਸਨ। ਪੰਜਾਬ ਦਾ ਕੋਈ ਵੀ ਦਰਿਆ ਅਜਿਹਾ ਨਹੀਂ ਸੀ ਜਿਸਦੇ ਕਿਨਾਰੇ ਮੱਸਿਆ, ਸੰਗਰਾਂਦ, ਪੁੰਨਿਆ, ਬਸੰਤ ਪੰਚਮੀ ਦੇ ਮੇਲੇ ਨਹੀਂ ਸਨ ਭਰਦੇ ਜਾਂ ਹੋਲੀ ਦੀ ਪੂਜਾ ਨਹੀਂ ਸੀ ਹੁੰਦੀ। ਜਦੋਂ ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਵਡਾਲੀ ਤੋਂ ਅੰਮ੍ਰਿਤਸਰ ਲਿਆਂਦਾ ਗਿਆ ਤਾਂ ਅੰਮ੍ਰਿਤਸਰ ਸਾਹਿਬ ਨੇੜੇ ਹੀ ਛੇਹਰਟੇ ਦੇ ਕੋਲ ਪਹਿਲੀ ਵਾਰ 1599 ਵਿੱਚ ਬਸੰਤ ਪੰਚਮੀ ਦਾ ਮੇਲਾ ਲਗਾਇਆ ਗਿਆ ਸੀ। ਅੱਜ ਵੀ ਇੱਥੇ ਗੁਰੂ ਜੀ ਦੀ ਯਾਦ ਵਿੱਚ ਛੇਹਰਟਾ (ਛੇ ਹਲਟਾ) ਖੂਹ ਮੌਜੂਦ ਹੈ। ਅਜਿਹਾ ਹੀ ਇੱਕ ਪ੍ਰਸੰਗ ਵਿਸਾਖੀ ਦਾ ਵੀ ਹੈ, ਜਿਸਨੂੰ ਮੰਤਰੀਆਂ ਵਾਂਗ ਬਦਲਦੀਆਂ ਇਤਿਹਾਸ ਦੀਆਂ ਕਿਤਾਬਾਂ ਪੜ੍ਹਕੇ ਨਵਾਂ ਸਮਾਜ ਭੁੱਲ ਚੁੱਕਿਆ ਹੈ। 1589 ਈਸਵੀ ਵਿੱਚ ਜਦੋਂ ਅੰਮ੍ਰਿਤਸਰ ਦਾ ਸਰੋਵਰ ਬਣ ਕੇ ਪੂਰਾ ਹੋਇਆ ਸੀ, ਉਦੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਵਿਸਾਖੀ ਮਨਾਉਣ ਦਾ ਆਦੇਸ਼ ਦਿੱਤਾ ਸੀ। ਸਿੱਧੀਆਂ-ਸਿੱਧੀਆਂ ਨਿਰਮਲ ਗੀਤਾਂ ਵਾਲੇ ਸਾਡੇ ਮੇਲਿਆਂ ਨੂੰ ਵੀ ਅੱਜ ਭੰਬਲ-ਭੂਸਿਆਂ 'ਚ ਉਲਝੇ ਸਾਡੇ ਨੇਤਾਵਾਂ ਨੇ ਅਗਵਾ ਕਰ ਲਿਆ ਹੈ।

ਜਿਹੜੇ ਲੋਕ ਸਦੀਆਂ ਤੋਂ ਸਹਿਜ-ਸਰਲ ਰੂਪ ਵਿੱਚ ਰਹਿੰਦੇ ਆਏ ਹੋਣ, ਕੀ ਉਨ੍ਹਾਂ ਕੋਲ ਅਜਿਹਾ ਕੁੱਝ ਨਹੀਂ ਸੀ ਜੋ ਸਤਿਕਾਰਯੋਗ ਹੋਵੇ, ਗੌਰਵਸ਼ਾਲੀ ਹੋਵੇ? ਜਿਵੇਂ ਦਰਸ਼ਨ ਫ਼ਿਲਾਸਫ਼ੀ ਨਹੀਂ ਹੁੰਦਾ, ਜਿਵੇਂ ਸ਼ਰਧਾ ਨਿਰਾ ਫੇਥ ਨਹੀਂ ਹੁੰਦੀ, ਜਿਵੇਂ ਪ੍ਰੰਪਰਾ

**ਟ੍ਰੈਡੀਸ਼ਨ ਨਹੀਂ ਹੁੰਦੀ, ਜਿਵੇਂ ਗੁਰਪੁਰਬ ਕਿਸੇ ਦਾ ਹੈਪੀ ਬਰਥਡੇਅ ਨਹੀਂ ਹੁੰਦਾ, ਜਿਵੇਂ ਗੁਰ ਪੁੰਨਿਆ ਆਕਾਸ਼ ਵਿੱਚ ਚਮਕਦਾ ਨਿਰਾ ਚੰਦ ਨਹੀਂ ਹੁੰਦੀ, ਜਿਵੇਂ ਕੋਈ ਸੰਕਲਪ ਸਿਰਫ਼ ਬਾਈ-ਗਾੱਡ ਨਹੀਂ ਹੁੰਦਾ, ਠੀਕ ਉਸੇ ਤਰ੍ਹਾਂ ਸਾਡੀਆਂ ਨਦੀਆਂ, ਸਾਡੇ ਸਰੋਵਰ, ਸੰਸਾਰ ਦੇ ਦੂਜੇ ਜਲ ਸਰੋਤਾਂ ਵਾਂਗ ਨਹੀਂ ਸਨ ਹੁੰਦੇ, ਇਨ੍ਹਾਂ ਦੀ ਨੁਹਾਰ ਅਤੇ ਮਹਿਮਾ ਵਿਲੱਖਣ ਸੀ।** ਜੇਕਰ ਇਹ ਉਨ੍ਹਾਂ ਸਰੋਤਾਂ ਤੋਂ ਵੱਖਰੇ ਨਾ ਹੁੰਦੇ ਤਾਂ ਸਾਡੀਆਂ ਨਦੀਆਂ ਦੇ ਇੰਨੇ ਸੋਹਣੇ ਨਾਂ, ਬੜੇ ਗਹਿਰੇ ਅਰਥਾਂ ਭਰੇ ਨਾਂ ਨਾ ਹੁੰਦੇ ਅਤੇ ਨਾ ਹੀ 'ਸਰ' (ਤਾਲਾਬ) ਸ਼ਬਦ ਹਜ਼ਾਰਾਂ-ਲੱਖਾਂ ਧਰਮ ਸਥਾਨਾਂ ਨਾਲ ਜੁੜਦਾ। ਸਾਡੇ ਜਲ ਸੋਮੇ ਸਿਰਫ਼ ਆਦਮੀ ਦੇ ਭੋਗ ਦੀ ਚੀਜ਼ ਨਹੀਂ ਸਨ, ਉਹ ਤਾਂ ਜੀਵਨ ਤੋਂ ਵੀ ਉੱਪਰ ਉੱਠ ਕੇ ਜੀਵਨਦਾਇਕ ਬਣ ਜਾਂਦੇ ਸਨ। ਅੱਜ ਸਾਨੂੰ ਆਪਣੇ ਇਤਿਹਾਸ ਦੀਆਂ ਪੁਸਤਕਾਂ ਤੋਂ 'ਲਾਲ ਜਿਲਦਾਂ' ਹਟਾ ਕੇ ਬਿਨਾਂ ਸੱਜੇ-ਖੱਬੇ ਮੁੜੇ, ਸਿਰਫ਼ ਸਿੱਧੇ ਖਲੋ ਕੇ ਇਹ ਸੋਚਣਾ ਚਾਹੀਦਾ ਹੈ ਕਿ ਆਖ਼ਿਰ ਉਹ ਕਿਹੜੇ ਨਿਯਮ ਸਨ ਜਿਨ੍ਹਾਂ ਕਾਰਨ ਸਾਡਾ ਪੂਰਾ ਸਮਾਜ ਹਜ਼ਾਰਾਂ ਸਾਲਾਂ ਤੱਕ ਕੁਦਰਤ ਨਾਲ ਬੇਹੱਦ ਸਹਿਜ-ਸਰਲ ਅਤੇ ਬੜੇ ਆਤਮਿਕ ਸਬੰਧ ਬਣਾ ਕੇ ਰੱਖ ਸਕਿਆ? ਅੱਜ ਆਪਾਂ ਭੁੱਲ ਹੀ ਗਏ ਹਾਂ ਕਿ ਗਲੀਆਂ-ਮੁਹੱਲਿਆਂ ਵਿੱਚ ਘੁੰਮਣ ਵਾਲੇ ਫ਼ਕੀਰਾਂ ਨੂੰ ਉਦੋਂ ਮੰਗਤੇ ਨਹੀਂ ਸੀ ਕਿਹਾ ਜਾਂਦਾ। ਉਦੋਂ ਇਹ ਫ਼ਕੀਰ ਸਾਲ ਵਿੱਚ ਇੱਕ ਵਾਰ ਆਪਣੇ ਨਾਲ ਜੁੜੇ ਪਰਿਵਾਰਾਂ ਕੋਲ ਜ਼ਰੂਰ ਆਉਂਦੇ ਸਨ। ਜਿਸ ਸਾਲ ਇਹ ਨਹੀਂ ਸਨ ਆਉਂਦੇ, ਉਸ ਸਾਲ ਪਰਿਵਾਰ ਉਦਾਸ ਹੁੰਦਾ ਸੀ, ਕਿਉਂਕਿ ਇਹ ਫ਼ਕੀਰ ਨਦੀਆਂ, ਸਰੋਵਰਾਂ ਦੀ ਪਰਿਕਰਮਾ ਕਰ ਕੇ ਆਇਆ ਕਰਦੇ ਸਨ। ਉਦੋਂ ਅਜਿਹੀ ਬੋਲੀ ਕੋਈ ਨਹੀਂ ਸੀ ਬੋਲਦਾ,"ਬਾਬਾ ਅੱਗੇ ਜਾ" ਜਾਂ "ਬਾਬਾ ਹੱਟਾ-ਕੱਟਾ ਏਂ, ਕੰਮ ਕਰ ਕੇ ਖਾਇਆ ਕਰ।" ਉਦੋਂ ਸਾਡੀ ਸਿੱਖਿਆ ਅਤੇ ਬੋਲਚਾਲ ਦੀ ਭਾਸ਼ਾ ਵਿੱਚ ਅਜਿਹੀ ਸ਼ਬਦਾਵਲੀ ਦਾ ਭੂ-ਮੰਡਲੀਕਰਣ ਨਹੀਂ ਸੀ ਹੋਇਆ ਕਿਉਂਕਿ ਉਦੋਂ ਲੋਕਾਂ ਦੇ ਵਿਸ਼ਵਾਸ ਬੜੇ ਡੂੰਘੇ ਸਨ, ਉਨ੍ਹਾਂ ਦੀ ਆਸਥਾ ਬੜੀ ਗਹਿਰੀ ਸੀ ਕਿ ਇਹ ਫ਼ਕੀਰ ਜ਼ਰੂਰ ਕੁੱਝ ਅਜਿਹੇ ਤਜਰਬਿਆਂ ਵਿੱਚ ਲੱਗੇ ਹੋਏ ਹਨ, ਜਿਨ੍ਹਾਂ ਵਿੱਚ ਸਭ ਦੀ ਸਲਾਮਤੀ, ਸਭ ਦੀ ਖ਼ੈਰ ਹੈ। **ਲੇਕਿਨ 'ਬੁੱਧੀਜੀਵੀ' ਸ਼ਬਦ ਦੇ ਪ੍ਰਚਲਿਤ ਹੋਣ ਤੋਂ ਬਾਅਦ ਕਰੋੜਾਂ ਨਿਰਮਲ-ਚਿੱਤ ਲੋਕਾਂ ਨੂੰ 'ਚੱਲ ਸਾਲਾ ਦੇਸੀ' ਜਿਹੀ ਗਾਲ੍ਹ ਦੇ ਕੋਟੇ ਵਿੱਚ ਸੁੱਟ ਦਿੱਤਾ ਗਿਆ।** ਕੁੱਝ ਨਵੇਂ ਪ੍ਰਗਤੀਸ਼ੀਲ ਵੀਰਾਂ ਨੇ ਅਜਿਹੀਆਂ ਹਜ਼ਾਰਾਂ ਪਵਿੱਤਰ ਪ੍ਰੰਪਰਾਵਾਂ, ਰਸਮਾਂ ਦੇ ਵਿਗਿਆਨਕ ਆਧਾਰ ਸਮਝੇ ਬਿਨਾਂ ਹੀ ਇਨ੍ਹਾਂ ਦਾ ਸ਼ੀਲ ਭੰਗ ਕਰ ਦਿੱਤਾ ਅਤੇ ਇਨ੍ਹਾਂ ਪ੍ਰੰਪਰਾਵਾਂ ਉੱਤੇ ਸਿਰਫ਼ ਅੰਧਵਿਸ਼ਵਾਸਾਂ ਜਾਂ ਕਰਮਕਾਂਡਾਂ ਦਾ ਪੱਕਾ ਠੱਪਾ ਹੀ ਲਗਾ ਦਿੱਤਾ। ਜਦੋਂ ਕਿ ਸਿਰਫ਼ ਤਰਕ ਨੂੰ ਹੀ ਪ੍ਰਗਤੀਸ਼ੀਲਤਾ ਮੰਨਣ ਵਾਲੇ ਉੱਚ ਸਿੱਖਿਆ ਪ੍ਰਾਪਤ ਸਮਾਜ ਦੇ ਨਵੇਂ ਆਗੂਆਂ ਨੇ ਹੀ ਜ਼ਿਆਦਾਤਰ ਲੋਕਾਂ ਨੂੰ ਇਹ ਸਿਖਾਇਆ ਹੈ ਕਿ ਅੱਧੀ ਰਾਤੀਂ ਟੁੱਲੂ ਪੰਪਾਂ ਰਾਹੀਂ ਗੁਆਂਢੀ ਦਾ ਪਾਣੀ ਖਿੱਚ ਕੇ ਚੁੱਪ-ਚਾਪ ਸੌਂ ਜਾਓ।



ਇਹ ਸਭ ਕੁੱਝ ਇੰਨਾ ਪੁਰਾਣਾ ਨਹੀਂ ਸੀ ਹੋਇਆ ਕਿ ਗੱਲ ਦਾ ਕੋਈ ਸਿਰਾ ਹੀ ਹੱਥ ਨਾ ਆਵੇ। ਜਿਹੜੇ ਪੰਜਾਬ-ਹਰਿਆਣਾ 'ਚੋਂ ਅੱਜ ਗਿੱਧਾਂ ਤੋਂ ਇਲਾਵਾ ਪੰਛੀਆਂ ਦੀਆਂ 90 ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ, ਉੱਥੇ ਹੀ ਕਦੀ 'ਹਰੀਕੇ ਪੱਤਣ' ਜਿਹੀਆਂ ਵਿਸ਼ਾਲ ਜਲਗਾਹਾਂ ਉੱਤੇ ਹਜ਼ਾਰਾਂ ਪ੍ਰਵਾਸੀ ਪੰਛੀ ਆਉਂਦੇ ਸਨ। ਹੀਰ-ਰਾਂਝਾ, ਸੋਹਣੀ-ਮਹੀਂਵਾਲ ਦੀਆਂ ਅੱਜ ਵੀ ਸੁਣਾਈਆਂ ਜਾਣ ਵਾਲੀਆਂ ਕਹਾਣੀਆਂ ਕਦੀ ਅਜਿਹੇ ਹੀ ਰਮਣੀਕ ਖੇਤਰਾਂ ਦਾ ਸੱਚ ਸਨ।

ਪੰਜਾਬ ਦੇ ਸਾਰੇ ਦਰਿਆ ਕਦੀ ਸਾਡੀਆਂ ਆਸਥਾਵਾਂ ਅਤੇ ਨਿੱਘੇ ਜੀਵਨ ਮੁੱਲਾਂ ਦੇ ਸਾਰਥੀ ਸਨ। ਜਿਵੇਂ ਕੁਦਰਤ ਵਿੱਚ ਹਰੇਕ ਜੜ੍ਹ-ਚੇਤਨ ਦਾ ਸੁਭਾਅ ਵੱਖੋ-ਵੱਖਰਾ ਹੁੰਦਾ ਹੈ, ਉਸੇ ਤਰ੍ਹਾਂ ਇਨ੍ਹਾਂ ਸਾਰੇ ਦਰਿਆਵਾਂ ਦੇ ਸੁਭਾਅ ਵੀ ਵੱਖੋ-ਵੱਖਰੇ ਸਨ।

ਬਿਆਸ ਦਰਿਆ ਰਿਸ਼ੀਆਂ-ਮੁਨੀਆਂ ਦਾ ਚਹੇਤਾ ਦਰਿਆ ਸੀ। ਇਸਦਾ ਪ੍ਰਾਚੀਨ ਨਾਂ ਬਿਪਾਸ਼ਾ ਸੀ। ਇਹ ਬਹੁਤ ਮਰਿਆਦਾ ਵਾਲਾ ਦਰਿਆ ਮੰਨਿਆ ਜਾਂਦਾ ਰਿਹਾ ਹੈ। ਸਿੱਧੀਆਂ ਅੱਖਾਂ ਨਾਲ ਵੇਖਣ ਵਾਲੇ ਵਕਤਾਂ ਵਿੱਚ ਇਸਨੂੰ 'ਵੇਦਾਂ ਦਾ ਦਰਿਆ' ਵੀ ਕਿਹਾ ਜਾਂਦਾ ਸੀ।

ਰਾਵੀ ਦਰਿਆ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਧਰਮ ਦੀ ਰੱਖਿਆ ਖ਼ਾਤਿਰ ਦਿੱਤੀ ਸ਼ਹੀਦੀ ਦੀ ਗਵਾਹੀ ਵਾਲਾ ਦਰਿਆ ਹੈ। ਵੇਦਾਂ ਵਿੱਚ ਰਾਵੀ ਦਾ ਨਾਂ ਇਰਾਵਤੀ ਅਤੇ ਰਾਵਿਕਾ ਹੈ, ਇਸ ਦਾ ਅਰਥ ਹੈ ਦੈਵੀ ਸੁਆਦ ਵਾਲਾ ਪਾਣੀ। ਪਰ ਇਸ ਨਦੀ ਦੇ ਵਿਸ਼ੇਸ਼ ਗੁਣ ਵੇਖਦੇ ਹੋਏ ਰਿਸ਼ੀਆਂ ਨੇ ਇਸ ਦਾ ਨਾਂ ਇਰਾਵਤੀ ਰੱਖਿਆ। ਸਵਾਮੀ ਰਾਮਤੀਰਥ ਦੇ ਵੈਰਾਗ ਅਤੇ ਸੰਨਿਆਸ ਦੇ ਕੱਚੇ ਵਿਚਾਰ ਇਸੇ ਨਦੀ ਦੇ ਕਿਨਾਰੇ ਪੱਕੇ ਹੋਏ ਸਨ। **ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਗਵਾਹੀ ਅਤੇ ਮਹਾਰਾਜਾ ਰਣਜੀਤ ਸਿੰਘ ਲਈ ਹੰਝੂਆਂ ਦੇ ਬੁਲਬੁਲੇ ਅੱਜ ਵੀ ਇਸ ਨਦੀ ਦੀਆਂ ਲਹਿਰਾਂ ਵਿੱਚ ਮਹਿਸੂਸ ਕੀਤੇ ਜਾ ਸਕਦੇ ਹਨ।** ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ ਤੋਂ ਬਾਅਦ ਗਾਂਧੀ ਜੀ ਨੇ ਆਪਣੇ ਅਹਿੰਸਕ ਅੰਦੋਲਨ ਵਿੱਚ ਕਿਤੇ ਜ਼ਿਆਦਾ ਮਜ਼ਬੂਤੀ ਵੇਖੀ। ਪੰਜਾਬੀਆਂ ਦੀਆਂ ਕੁਰਬਾਨੀਆਂ ਵੇਖਦੇ ਹੋਏ ਦਸੰਬਰ 1929 ਵਿੱਚ ਕਾਂਗਰਸ ਦਾ ਸਾਲਾਨਾ ਸੰਮੇਲਨ ਵੀ ਰਾਵੀ ਦੇ ਕੰਢੇ ਹੀ ਸੱਦਿਆ ਗਿਆ ਅਤੇ ਫੇਰ ਇਸੇ ਦੇ ਕੰਢੇ 'ਸੰਪੂਰਣ ਆਜ਼ਾਦੀ' ਦੀ ਸਹੁੰ ਵੀ ਖਾਧੀ ਗਈ। ਇੱਥੋਂ ਹੀ ਪਰਜਾ ਮੰਡਲ ਲਹਿਰ ਸ਼ੁਰੂ ਹੋਈ ਸੀ।

ਚਨਾਬ ਦਰਿਆ ਸਾਡੇ ਖੇਤਰ ਦੇ ਪੇਂਡੂ ਲੋਕ ਜੀਵਨ ਦਾ ਪ੍ਰਤੀਕ ਦਰਿਆ ਹੈ। ਬੇਸ਼ੱਕ ਸੋਹਣੀ ਦੇ ਕੱਚੇ ਘੜੇ ਦੀ ਪਿੱਲੀ ਮਿੱਟੀ ਦੀ ਭਿੰਨੀ-ਭਿੰਨੀ ਮਹਿਕ ਜਿਹੇ ਦੁਖਾਂਤ ਵੀ ਇਸ ਦੀਆਂ ਵਗਦੀਆਂ ਅਤੇ ਹੇਠਾਂ ਠਹਿਰੀਆਂ ਲਹਿਰਾਂ ਵਿੱਚ ਘੁਲੇ ਹੋਏ ਹਨ ਪਰ ਫੇਰ ਵੀ ਪੇਂਡੂ ਜੀਵਨ ਵਿੱਚ ਪਲਦੀਆਂ ਛੋਟੀਆਂ-ਛੋਟੀਆਂ ਨਿੱਘੀਆਂ ਪ੍ਰੇਮ ਕਹਾਣੀਆਂ ਅੱਜ ਵੀ ਇਸਦੀਆਂ ਵਗਦੀਆਂ ਲਹਿਰਾਂ ਵਿੱਚ ਲੱਭੀਆਂ ਜਾ ਸਕਦੀਆਂ ਹਨ। ਚਨਾਬ ਦਾ ਵੇਦਕਾਲੀਨ ਨਾਂ ਭਗਵਤੀ ਚੰਦਰਭਾਗਾ ਸੀ। ਪੰਜਾਬ ਜਿਹੀ ਵੀਰਾਂ ਦੀ ਧਰਤੀ

ਨੂੰ ਇਸ ਨਦੀ ਨੇ ਦੁੱਧ ਵਰਗਾ ਪਾਣੀ ਪਿਆਇਆ ਹੈ। ਇਸੇ ਭਗਵਤੀ ਚੰਦਰਭਾਗਾ ਦਾ ਜਲ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਗੁਰੂ ਦੀ ਫਤਿਹ ਬੁਲਾਉਂਦਾ ਸੀ। ਪੰਜਾਬੀ ਦੇ ਮਹਾਨ ਕਵੀ ਵਾਰਿਸ ਸ਼ਾਹ ਦਾ ਬਚਪਨ ਅਤੇ ਉਨ੍ਹਾਂ ਦੇ ਕਾਵਿ ਸੰਸਾਰ ਦੇ ਇਤਿਹਾਸ ਦੀਆਂ ਜੜ੍ਹਾਂ ਦੀਆਂ ਕਰੂੰਬਲਾਂ ਅੱਜ ਵੀ ਇਸ ਦਰਿਆ ਦੇ ਕੰਢੇ ਦੀ ਸੇਮ ਵਿੱਚੋਂ ਲੱਭੀਆਂ ਜਾ ਸਕਦੀਆਂ ਹਨ।

ਜਿਹਲਮ ਦਰਿਆ ਕੁਦਰਤ ਦੀ ਗੋਦੀ ਵਿੱਚ ਰਹਿੰਦੇ ਸਿੱਧੀ-ਸਾਦੀ ਆਤਮਾ ਵਾਲੇ ਲੋਕਾਂ ਦਾ ਦਰਿਆ ਹੈ। ਜਿਹਲਮ ਨਦੀ ਦੀ ਸ਼ਾਨੋ-ਸ਼ੌਕਤ ਵੇਖ ਕੇ ਰਾਜਾ ਜਹਾਂਗੀਰ ਨੇ ਕਿਹਾ ਸੀ "ਸੰਸਾਰ ਵਿੱਚ ਜੇਕਰ ਕਿਤੇ ਜੰਨਤ ਹੈ ਤਾਂ ਉਹ ਬੱਸ ਇੱਥੇ ਹੀ, ਸਿਰਫ਼ ਇੱਥੇ ਹੀ ਹੈ"। ਵੇਦ ਕਾਲ ਵਿੱਚ ਇਸਦਾ ਨਾਂ ਵਿਤਸਤਾ ਸੀ। ਵਿਤਸਤਾ ਪਾਰਵਤੀ ਦਾ ਵੀ ਇੱਕ ਨਾਂ ਹੈ। ਜਹਾਂਗੀਰ ਨੇ ਇਸਦੇ ਮੂਲ ਸਥਾਨ ਕੋਲ ਅੱਠ ਖੂੰਜਾ ਤਾਲਾਬ ਵੀ ਬਣਵਾਇਆ ਸੀ।

ਸਤਲੁਜ ਦੇ ਕੰਢੇ ਹੀ ਦਸਮੇਸ਼ ਪਿਤਾ ਨੇ ਚਿੜੀਆਂ ਸੰਗ ਬਾਜ਼ ਲੜਾਉਣ ਦੀ ਸਹੁੰ ਖਾਧੀ ਸੀ। ਸਤਲੁਜ ਦਾ ਵੇਦਕਾਲੀਨ ਨਾਂ ਸ਼ਤਦਰੂ ਜਾਂ ਸ਼ਤੂਦਰੀ ਹੈ, ਜਿਸਦਾ ਅਰਥ ਹੁੰਦਾ ਹੈ ਸੌ ਪ੍ਰਵਾਹਾਂ ਵਿੱਚ ਵਗਣ ਵਾਲੀ ਨਦੀ —ਗੀਤਾ :11-28। ਆਜ਼ਾਦੀ ਤੋਂ ਫੌਰਨ ਬਾਅਦ ਇਸੇ ਦਰਿਆ ਉੱਤੇ ਭਾਖੜਾ ਬੰਨ੍ਹ ਬਣਿਆ। ਪੰਡਿਤ ਨਹਿਰੂ ਨੇ ਇਸਦੀ ਨੀਂਹ ਰੱਖੀ ਸੀ। ਇੱਥੋਂ ਹਜ਼ਾਰਾਂ ਲੋਕਾਂ ਨੂੰ ਉਜਾੜਿਆ ਗਿਆ ਸੀ ਜਿਹੜੇ ਅਜੇ ਤੱਕ ਵੀ ਪੂਰੀ ਤਰ੍ਹਾਂ ਵਸ ਨਹੀਂ ਸਕੇ। ਅਜਿਹੇ ਹੀ ਉੱਜੜੇ ਲੋਕਾਂ 'ਚੋਂ ਇੱਕ ਹਨ ਸ਼੍ਰੀ ਮੰਤ ਰਾਮ, ਜਿਨ੍ਹਾਂ ਦੀ ਉਮਰ ਹੈ 66 ਸਾਲ, ਪਿੰਡ ਉਡੱਪਰ-ਜ਼ਿਲ੍ਹਾ ਬਿਲਾਸਪੁਰ। ਮੰਤ ਰਾਮ ਜੀ ਨੇ ਦੱਸਿਆ ਕਿ ਜਦੋਂ ਨਹਿਰੂ ਜੀ ਨੇ ਭਾਖੜਾ ਬੰਨ੍ਹ ਦੀ ਨੀਂਹ ਰੱਖੀ ਤਾਂ ਚਾਰ-ਚਾਰ ਲੱਡੂ ਵੰਡੇ ਗਏ ਸਨ, ਪਰ ਸਿਰਫ਼ ਉੱਥੇ ਕੰਮ ਕਰ ਰਹੇ ਕਰਮਚਾਰੀਆਂ ਨੂੰ। ਉਜਾੜੇ ਗਏ ਲੋਕ ਵੀ ਉੱਥੇ ਕੋਲ ਹੀ ਸਨ, ਉਸ ਸਮੇਂ ਨਾ ਉਨ੍ਹਾਂ ਨੂੰ ਲੱਡੂ ਦਿੱਤੇ ਗਏ ਅਤੇ ਨਾ ਹੀ ਇਹ ਲੇਖ ਲਿਖੇ ਜਾਣ ਤੱਕ ਉੱਜੜਨ ਦਾ ਮੁਆਵਜ਼ਾ। ਭਾਖੜਾ ਬੰਨ੍ਹ ਕਾਰਣ ਉਜਾੜੇ ਗਏ 2100 ਪਰਿਵਾਰਾਂ ਵਿੱਚੋਂ ਹਾਲੇ ਤੱਕ ਵੀ 730 ਪਰਿਵਾਰ ਹੀ ਕਿਸੇ ਢੰਗ ਨਾਲ ਵਸ ਸਕੇ ਹਨ। ਇਸ ਭਾਖੜਾ ਬੰਨ੍ਹ ਨੇ ਪੰਜਾਬ-ਹਰਿਆਣਾ-ਰਾਜਸਥਾਨ-ਦਿੱਲੀ ਨੂੰ ਬਿਜਲੀ, ਖੇਤੀ ਵਿੱਚ ਖੂਬ ਮੁਨਾਫ਼ਾ ਦਿੱਤਾ, ਪਰ ਕਾਸ਼! ਸਾਡੇ ਉਸ ਸਮੇਂ ਦੇ ਦੂਰਦਰਸ਼ੀ ਅਤੇ ਅੱਜ ਦੇ ਯੋਜਨਾਕਾਰ ਇਨ੍ਹਾਂ ਸੂਬਿਆਂ ਨੂੰ ਦਿੱਤੀ ਗਈ ਬਿਜਲੀ ਦੇ ਬਿਲਾਂ ਵਿੱਚ ਮੁਆਵਜ਼ੇ ਵਜੋਂ ਪੰਜ ਪੈਸੇ ਹੀ ਉਜਾੜੇ ਗਏ ਲੋਕਾਂ ਲਈ ਵੀ ਰੱਖ ਲੈਂਦੇ ਤਾਂ ਜੋ ਭਾਖੜੇ ਦੀ ਨੀਂਹ ਰੱਖਦੇ ਸਮੇਂ ਉੱਜੜੇ ਲੋਕਾਂ ਦੀਆਂ ਭਾਵਨਾਵਾਂ ਪੀੜਤ ਨਾ ਹੁੰਦੀਆਂ।

**ਇਸੇ ਦਰਿਆ 'ਤੇ ਬਣੇ ਬੰਨ੍ਹ ਕਾਰਨ 'ਹਰੇ ਇਨਕ਼ਲਾਬ' ਦਾ ਸੁਪਨਾ ਲੋਕਾਂ ਦੀਆਂ ਅੱਖਾਂ ਵਿੱਚ ਉਤਰਿਆ ਜਿਹੜਾ ਅੱਜ ਪੂਰੇ ਖ਼ਿੱਤੇ ਦੀਆਂ ਅੱਖਾਂ ਦਾ ਕਾਲਾ ਮੋਤੀਆ ਬਣ ਚੁੱਕਿਆ ਹੈ।**



ਦਰਿਆਵਾਂ 'ਚੋਂ ਰਿਸਦਾ ਪਾਣੀ ਵੇਂਈਆਂ ਦੀ ਸ਼ਕਲ ਵਿੱਚ ਸਮਾਜ ਦੀ ਸੇਵਾ ਕਰਦਾ ਸੀ। ਪੰਜਾਬ ਦੀਆਂ ਸਭ ਤੋਂ ਪ੍ਰਸਿੱਧ ਵੇਂਈਆਂ ਸਨ-ਕਾਲੀ ਵੇਂਈਂ ਅਤੇ ਚਿੱਟੀ ਵੇਂਈਂ। ਕਾਲੀ ਵੇਂਈਂ ਦਸੂਹਾ ਤੋਂ ਸ਼ੁਰੂ ਹੋ ਕੇ ਟਾਂਡਾ ਦੇ ਕੋਲੋਂ ਹਰਗੋਬਿੰਦਪੁਰ ਸਾਹਿਬ ਦੇ ਨਜ਼ਦੀਕ ਸੁਭਾਨਪੁਰ, ਹਮੀਰਾ, ਅੰਮ੍ਰਿਤਸਰ, ਕਪੂਰਥਲਾ, ਸੁਲਤਾਨਪੁਰ ਲੋਧੀ ਤੋਂ ਲੰਘ ਕੇ ਸਤਲੁਜ ਵਿੱਚ ਮਿਲ ਜਾਂਦੀ ਹੈ। ਕਾਲੀ ਵੇਂਈਂ ਦੀ ਮਹਾਨਤਾ 'ਤੇ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ। ਗੰਦੇ ਨਾਲੇ ਵਿੱਚ ਤਬਦੀਲ ਹੋ ਚੁੱਕੀ ਇਹ ਉਹ 'ਕਾਲੀ ਵੇਂਈਂ' ਹੈ ਜਿਹੜੀ ਕਦੇ 'ਜਪੁਜੀ' ਦੇ ਇਲਹਾਮ ਦੀ ਜਿਉਂਦੀ ਜਾਗਦੀ ਗਵਾਹ ਰਹੀ ਹੈ। ਬਾਬਾ ਨਾਨਕ ਜੀ ਨੇ ਕਿਹਾ ਸੀ "ਪਹਿਲਾ ਪਾਣੀ ਜੀਓ ਹੈ, ਜਿਤੁ ਹਰਿਆ ਸਭ ਕੋਇ।" ਇਨ੍ਹਾਂ ਵੇਂਈਆਂ ਨੇ ਕਦੀ ਆਪਣੇ 'ਪ੍ਰਸੰਨ ਜਲ' (Crystal Clear Water) ਦੇ ਕਾਰਨ ਹੀ ਹਜ਼ਾਰਾਂ ਲੋਕਾਂ ਨੂੰ ਆਪਣੇ ਲਾਗੇ ਵਸਣ ਦਾ ਸੱਦਾ ਦਿੱਤਾ ਸੀ। ਉਦੋਂ ਲੋਕਾਂ ਵਿੱਚ ਵੀ ਕੁਦਰਤ ਝਲਕਦੀ ਸੀ ਯਾਨੀ ਲੋਕੀ ਵੀ ਨਦੀਆਂ, ਦਰੱਖ਼ਤਾਂ ਵਰਗੇ ਹੀ ਨਿਰਮਲ ਅਤੇ ਤਨ-ਮਨ ਤੋਂ ਹਰੇ-ਭਰੇ ਸਨ। ਉਦੋਂ ਜਲ ਸਰੋਤਾਂ ਨੂੰ ਗੰਦਾ ਕਰਨਾ ਪਾਪ ਸਮਝਿਆ ਜਾਂਦਾ ਸੀ। ਅਜਿਹਾ ਸਮਝਣ ਵਾਲੇ ਅਤੇ ਅਜਿਹਾ ਸਮਝਾਉਣ ਵਾਲੇ ਲੋਕ ਹਰ ਘਰ ਵਿੱਚ ਮੌਜੂਦ ਸਨ। ਉਸ ਸਮੇਂ ਖੁੱਲ੍ਹਾ ਜਲ ਵੀ ਨਿਰਮਲ ਹੁੰਦਾ ਸੀ, ਅੱਜ ਲੋਕਾਂ ਦੇ ਦਿਲਾਂ ਵਾਂਗ ਸੁੰਗੜੇ ਅੰਡਰਗਰਾਊਂਡ ਪਾਈਪਾਂ ਰਾਹੀਂ ਆਉਣ ਵਾਲਾ ਪਾਣੀ ਵੀ ਗੰਦਾ ਹੁੰਦਾ ਹੈ। ਕਾਲੀ ਵੇਂਈਂ ਨੂੰ ਮੁੜ ਨਿਰਮਲ ਕਰਨ ਵਿੱਚ ਜੁਟੇ ਨਿਰਮਲ ਕੁਟੀਆ ਵਾਲੇ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੂੰ ਪਰਮਪਿਤਾ ਵੱਡੀਆਂ ਉਮਰਾਂ ਬਖ਼ਸ਼ੇ, ਤਾਂ ਜੋ ਉਹ ਕਾਲੀ ਵੇਂਈਂ ਨੂੰ ਪਹਿਲਾਂ ਵਰਗੀ ਰੰਗਤ ਵਿੱਚ ਲਿਆ ਸਕਣ। ਬਲਬੀਰ ਸਿੰਘ ਜੀ ਨੇ ਸੱਚਮੁੱਚ ਸੰਤਪੁਣੇ ਦੀ ਲਾਜ ਰੱਖ ਲਈ ਹੈ।

ਦਰਿਆਵਾਂ ਤੋਂ ਦੂਰ ਜਿੱਥੇ ਕਿਤੇ ਵੀ ਨਵਾਂ ਪਿੰਡ ਵਸਾਇਆ ਜਾਂਦਾ, ਉੱਥੇ ਪਾਣੀ ਦਾ ਪੱਧਰ, ਪਾਣੀ ਦਾ ਸੁਆਦ ਅਤੇ ਹੇਠਲਾ ਖੇਤਰ, ਜਿੱਥੇ ਪਾਣੀ ਸਾਲ ਭਰ ਕੰਮ ਦੇ ਸਕੇ ਆਦਿ ਨੂੰ ਧਿਆਨ ਵਿੱਚ ਰੱਖ ਕੇ ਹੀ ਪਿੰਡ ਦੀ ਬੁਨਿਆਦ ਰੱਖੀ ਜਾਂਦੀ। ਪੂਰਾ ਸਾਲ ਪਿੰਡ ਦਾ ਸਾਰਾ ਕੰਮ ਸੁਚਾਰੂ ਰੂਪ ਵਿੱਚ ਚੱਲਦਾ ਰਹੇ, ਇਸ ਲਈ ਛੱਪੜ, ਟੋਭੇ, ਢਾਬ ਅਤੇ ਡਿੱਗੀਆਂ ਬਣਾਈਆਂ ਜਾਂਦੀਆਂ। ਕੁੱਝ ਵੱਡੇ ਪਿੰਡਾਂ ਵਿੱਚ ਵੱਡੇ ਛੱਪੜ, ਵੱਡੀਆਂ ਢਾਬਾਂ ਅਤੇ ਵੱਡੀਆਂ ਡਿੱਗੀਆਂ ਸਨ, ਜਿਨ੍ਹਾਂ ਦੀਆਂ ਯਾਦਾਂ ਦੇ ਨਿਸ਼ਾਨ ਅੱਜ ਵੀ ਕਿਤੇ-ਕਿਤੇ ਦਿਸ ਪੈਂਦੇ ਹਨ। ਅੱਜ ਵੀ ਅਜਿਹੇ ਸੈਂਕੜੇ ਤਾਲਾਬ ਥੱਕੇ-ਟੁੱਟੇ ਉਨ੍ਹਾਂ ਬਜ਼ੁਰਗਾਂ ਦੀ ਤਰ੍ਹਾਂ ਉਜਾੜਾਂ 'ਚ ਪਏ ਹੋਏ ਹਨ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਸਭ ਕੁੱਝ ਖੋਹ ਕੇ ਬੇ-ਦਖ਼ਲ ਕਰ ਦਿੱਤਾ ਹੈ। ਇਸੇ ਤਰ੍ਹਾਂ ਦੇ ਤਾਲਾਬਾਂ ਵਿੱਚੋਂ ਖਰੜ ਵਿਖੇ ਰਾਜਾ ਦਸ਼ਰਥ ਦੇ ਪਿਤਾ ਮਹਾਰਾਜਾ ਅਜ ਦੇ ਨਾਂ 'ਤੇ ਬਣਿਆ 'ਅਜਸਾਗਰ'। ਸੁਨਾਮ ਵਿਖੇ 'ਸੀਤਾਸਰ', ਇਹ ਕਾਫ਼ੀ ਵੱਡਾ ਤਾਲਾਬ ਹੈ, ਇਸਦੇ ਇੱਕ ਪਾਸੇ ਮੰਦਰ ਅਤੇ ਦੂਜੇ ਪਾਸੇ ਗੁਰਦੁਆਰਾ ਹੈ। ਘੜੂੰਆਂ ਵਿਖੇ ਵੀ ਇੱਕ ਵਿਸ਼ਾਲ ਤਾਲਾਬ ਹੈ ਜਿਹੜਾ ਲਗਭਗ 2000 ਸਾਲ ਪੁਰਾਣਾ ਹੈ। ਅੱਜ ਵੀ ਇਸਦੇ

ਕਿਨਾਰੇ ਬਹੁਤ ਸੋਹਣੇ ਅਤੇ ਪ੍ਰਾਚੀਨ ਪੰਜ ਮੰਦਰ ਤੋੜ ਭੰਨ ਕੀਤੇ ਗਏ ਭਾਰਤ ਤੋਂ ਪਹਿਲਾਂ ਦੀ ਸ਼ਾਨ੍ਹ ਦਰਸਾਉਂਦੇ ਹਨ। ਦਸੂਹਾ ਵਿਖੇ ਪਾਂਡੂਸਰ, ਅੰਮ੍ਰਿਤਸਰ ਜ਼ਿਲ੍ਹੇ ਵਿੱਚ ਰਾਜੇ ਦਾ ਤਾਲ ਅਤੇ ਬੋਪਾਰਾਏ ਕਲਾਂ ਵਿੱਚ ਲਗਭਗ ਇੱਕ ਹਜ਼ਾਰ ਸਾਲ ਪੁਰਾਣੇ ਸੋਹਣੇ ਤਾਲਾਬ ਹਨ। ਪਿੰਡ ਚਾਮੁੰਡਾ (ਜਿਹੜਾ ਪਾਕਿਸਤਾਨੀ ਖਿਡਾਰੀ ਵਸੀਮ ਅਕਰਮ ਦੇ ਪਿਓ ਦਾ ਪਿੰਡ ਹੋਣ ਕਰਕੇ ਖ਼ਬਰਾਂ 'ਚ ਆਇਆ ਹੈ) ਵਿਖੇ ਨਾਨਕਸ਼ਾਹੀ ਇੱਟਾਂ ਨਾਲ ਬਣਿਆ ਬੇਹੱਦ ਸ਼ਾਨਦਾਰ ਤਾਲਾਬ ਸੀ। ਪੋਸਟਰਾਂ ਅਤੇ ਫਲੈਕਸੋ ਦੇ ਹੋਰਡਿੰਗਜ਼ ਦੇ ਉੱਤੇ ਹੀ ਸਾਰਾ ਵਿਰਸਾ ਸੰਭ੍ਹਾਲਣ ਵਾਲੇ ਉੱਚ ਸਿੱਖਿਆ ਪ੍ਰਾਪਤ ਪ੍ਰਗਤੀਸ਼ੀਲਾਂ ਨੇ ਇਹ ਇੱਟਾਂ ਉਖਾੜ ਕੇ ਇੱਥੇ ਵੀ ਹੁਣ ਉਹੀ ਪੱਥਰ ਲਗਾ ਦਿੱਤਾ ਹੈ ਜਿਹੜਾ ਸਾਡੇ ਟਾਇਲਟਾਂ, ਬਾਥਰੂਮਾਂ, ਰਸੋਈਆਂ 'ਚੋਂ ਹੁੰਦਾ ਹੋਇਆ ਅੱਜ ਹਰੇਕ ਭਾਈਚਾਰੇ ਦੀ ਧਾਰਮਿਕ ਇਮਾਰਤ 'ਤੇ ਲੱਗਿਆ ਦਿਸਦਾ ਹੈ। ਇਨ੍ਹਾਂ ਧਾਰਮਿਕ ਇਮਾਰਤਾਂ ਉੱਤੇ ਲੱਗੇ ਖ਼ਤਰਨਾਕ ਰੜ੍ਹਦੇ ਗ੍ਰੇਨਾਈਟ ਉੱਤੇ ਜਦੋਂ ਮੀਂਹ ਦਾ ਪਾਣੀ ਡਿਗਦਾ ਹੈ ਤਾਂ ਧੁਖਦੇ ਤਵੇ 'ਤੇ ਡਿਗਦੇ ਪਾਣੀ ਦੀ ਤਰ੍ਹਾਂ ਛੰਨ..... ਕਰਕੇ ਉੱਡ ਜਾਂਦਾ ਹੈ।

ਇਸੇ ਤਰ੍ਹਾਂ ਦਾ ਇੱਕ ਹੋਰ ਸੋਹਣਾ ਤਾਲਾਬ ਕਾਹਨਗੜ੍ਹ ਵਿਖੇ ਵੀ ਹੈ। ਅਟਾਰੀ ਵਿਖੇ ਵੀ ਢੰਡ ਕਸੇਲ ਤਾਲਾਬ ਖ਼ਾਸਾ ਮਸ਼ਹੂਰ ਹੈ। ਬਟਾਲਾ ਵਿਖੇ ਵੀ ਅਕ਼ਬਰ ਦਾ ਬਣਵਾਇਆਂ ਇੱਕ ਤਾਲਾਬ ਹਾਲੇ ਜਿਊਂਦਾ ਹੈ। ਨਾਭਾ ਵਿਖੇ-ਹਾਥੀਖਾਨਾ, ਪ੍ਰੀਤਨਗਰ ਵਿੱਚ ਵੀ ਬੜੇ ਵੱਡੇ-ਵੱਡੇ ਤਾਲਾਬ ਸਨ। ਇਸੇ ਤਰ੍ਹਾਂ ਸੰਗਰੂਰ ਦੇ ਚਾਰੋਂ ਪਾਸੇ ਬੜੇ ਸੁੰਦਰ ਤਾਲਾਬ ਸਨ। ਬਨਕਸਰ ਬਾਗ਼ ਵੀ ਉਨ੍ਹਾਂ ਤਾਲਾਬਾਂ ਦੀਆਂ ਬਚੀਆਂ ਯਾਦਾਂ ਵਿੱਚੋਂ ਇੱਕ ਤਾਲਾਬ ਦੀ ਹੀ ਨਿਸ਼ਾਨੀ ਹੈ। ਸੰਗਰੂਰ ਵਿਖੇ ਹੀ ਜਿੱਥੇ ਹੁਣ ਨੈਣਾਂ ਦੇਵੀ ਮੰਦਰ ਅਤੇ ਦੁਕਾਨਾਂ ਦੀ ਲੰਮੀ ਡਾਰ ਦਿਸਦੀ ਹੈ ਉੱਥੇ ਵੀ ਬੜਾ ਵੱਡਾ ਅਤੇ ਡੂੰਘਾ ਤਾਲਾਬ ਸੀ। ਝੁਨੀਰ, ਮਾਨਸਾ, ਪਟਿਆਲਾ ਦੇ ਮੁੱਖ ਮਾਰਗਾਂ 'ਤੇ ਬੜੇ ਸੋਹਣੇ ਤਾਲਾਬ ਸਨ। ਮਾਲੇਰਕੋਟਲਾ-ਲੁਧਿਆਣਾ ਰੋਡ 'ਤੇ ਡੇਹਲੋਂ ਵਿਖੇ ਸ਼ਿਵ ਮੰਦਰ ਦੇ ਲਾਗੇ ਇੱਕ ਸੋਹਣਾ ਤਾਲਾਬ ਸੀ ਜਿਹੜਾ ਹੁਣ ਵੱਡੇ ਟੋਭੇ ਵਾਂਗ ਦਿਸਦਾ ਹੈ। ਰਾਮਤੀਰਥ-ਅੰਮ੍ਰਿਤਸਰ ਵਿਖੇ ਮਹਾਂਰਿਸ਼ੀ ਵਾਲਮੀਕ ਜੀ ਦੇ ਸਮੇਂ ਦਾ ਤਾਲਾਬ ਹੈ-ਇੱਥੇ ਹੀ ਲਵ-ਕੁਸ਼ ਅਤੇ ਰਾਮਚੰਦਰ ਜੀ ਦੀ ਸੈਨਾ ਦਾ ਯੁੱਧ ਹੋਇਆ ਸੀ।

ਇਸੇ ਤਰ੍ਹਾਂ ਗੁਰਦਾਸਪੁਰ ਵਿਖੇ ਸਤਲਾਨੀ ਤਾਲ, ਸ਼੍ਰੀ ਤਖ਼ਤਗੜ੍ਹ ਸਾਹਿਬ, ਬਿਬੇਕਸਰ, ਸੰਤੋਖਸਰ ਵਿਖੇ ਚੌਥੀ ਪਾਤਸ਼ਾਹੀ ਸ਼੍ਰੀ ਗੁਰੂ ਰਾਮਦਾਸ ਦੁਆਰਾ ਬਣਵਾਏ ਪੁਰਾਣੇ ਤਾਲਾਬ ਹਨ। ਚਮਿਆਰੀ-ਅਜਨਾਲਾ, ਸੈਲਾ ਖੁਰਦ-ਹੁਸ਼ਿਆਰਪੁਰ ਵਿਖੇ ਵੀ ਵੱਡੇ-ਵੱਡੇ ਪ੍ਰਾਚੀਨ ਤਾਲਾਬ ਹਨ। ਗੁਰੂ ਕੀ ਢਾਬ-ਜੈਤੋ, ਮੱਤੇ ਕੀ ਢਾਬ-ਫ਼ਰੀਦਕੋਟ ਵਿਖੇ ਖਿਦਰਾਣਾ, ਰੁਪਾਣਾ ਅਤੇ ਤਿੰਘਾਣਾ ਨਾਂ ਦੇ ਤਿੰਨ ਭਰਾਵਾਂ ਨੇ ਕਈ ਸਾਰੇ ਤਾਲਾਬ ਬਣਵਾਏ ਸਨ।

ਗੋਇੰਦਵਾਲ-ਅੰਮ੍ਰਿਤਸਰ ਵਿਖੇ ਵੀ ਬਾਓਲੀਆਂ ਦੀ ਸੁੰਦਰ ਲੜੀ ਹੈ। ਚੂਨਾ ਮੰਡੀ ਲਾਹੌਰ ਵਿਖੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਬਣਵਾਈ ਬਾਓਲੀ ਅੱਜ ਵੀ ਆਪਣੀ



ਕੁੱਖ ਵਿੱਚ ਸਰਬੱਤ ਦਾ ਭਲਾ ਚਾਹੁਣ ਦੇ ਬਾਵਜੂਦ ਸ਼ਹੀਦ ਕਰ ਦਿੱਤੇ ਗਏ ਸਾਡੇ ਗੁਰੂਜਨਾਂ ਦੀਆਂ ਯਾਦਾਂ ਲੁਕਾ ਕੇ ਬੈਠੀ ਹੈ। ਪੰਡੋਰੀ-ਗੁਰਦਾਸਪੁਰ, ਬੱਦਾ ਝੀਲ-ਫ਼ਾਜ਼ਿਲਕਾ ਦੇ ਤਾਲਾਬ ਲਗਭਗ ਸਵਾ ਦੋ ਏਕੜ ਰਕ਼ਬੇ ਵਿੱਚ ਬਣੇ ਵਿਸ਼ਾਲ ਤਾਲਾਬ ਹਨ। ਫ਼ਿਰੋਜ਼ਪੁਰ ਵਿਖੇ ਲਗਭਗ 1000 ਹੈਕਟੇਅਰ 'ਚ ਛਾਂਗਲੀ ਢਾਬ ਹੈ।

ਕਸ਼ਮੀਰੀ ਸ਼ਰਨਾਰਥੀਆਂ ਦੀ ਤਰ੍ਹਾਂ ਅੱਜ ਵੀ ਅਨੇਕ ਵੰਨ-ਸੁਵੰਨੇ ਤਾਲਾਬ ਇੱਧਰ-ਉੱਧਰ ਖਿੰਡੇ ਪਏ ਹਨ ਜਿਨ੍ਹਾਂ ਵਿਚੋਂ ਧਰਮਕੋਟ ਧਾਮ-ਡੇਰਾ ਬਾਬਾ ਨਾਨਕ, ਜਸਤਰਵਾਲ ਝੀਲ, ਬ਼ਰੇਟਾ ਝੀਲ-ਮਾਨਸਾ, ਕਾਹਨਵਾਲ ਛੰਬ-ਗੁਰਦਾਸਪੁਰ, ਕੇਸ਼ਵਪੁਰ ਮਧਾਨੀ-ਗੁਰਦਾਸਪੁਰ, ਨਾਰਾਇਣਗੜ੍ਹ-ਹੁਸ਼ਿਆਰਪੁਰ, ਸ਼ੀਤਲਸਾਗਰ-ਹੁਸ਼ਿਆਰਪੁਰ, ਲੁਬਾਣਾ ਝੀਲ-ਨਾਭਾ, ਭੁਪਿੰਦਰ ਸਾਗਰ-ਪਟਿਆਲਾ, ਜੰਗਰ-ਫ਼ਿਰੋਜ਼ਪੁਰ, ਗੰਗ ਬਾਕਿਸ-ਫ਼ਿਰੋਜ਼ਪੁਰ, ਗੌਂਸਪੁਰ ਛੰਬ-ਹੁਸ਼ਿਆਰਪੁਰ, ਮਾਛੀਵਾੜਾ ਵਿਖੇ ਅੱਜ ਵੀ ਕਈ ਬਾਓਲੀਆਂ ਸ਼ਰਧਾਲੂਆਂ ਦੁਆਰਾ ਕੀਤੀ ਜਾਣ ਵਾਲੀ ਕਾਰ ਸੇਵਾ ਦੀ ਉਡੀਕ ਵਿੱਚ ਹਨ। ਰਬਾਬਸਰ-ਕਪੂਰਥਲਾ ਵਿਖੇ ਸੈਂਕੜੇ ਹੈਕਟੇਅਰ ਵਿੱਚ ਬਣਿਆ ਉਹ ਤਾਲਾਬ ਹੈ, ਜਿਸ ਨਾਲ ਭਾਈ ਮਰਦਾਨੇ ਦੀਆਂ ਅਨੇਕ ਯਾਦਾਂ ਜੁੜੀਆਂ ਹਨ। ਰਬਾਬਸਰ ਬਾਰੇ ਕਿਹਾ ਜਾਂਦਾ ਹੈ ਇੱਥੇ ਭਾਈ ਮਰਦਾਨੇ ਨੂੰ ਰਬਾਬ ਮਿਲੀ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੇ ਤਾਲਾਬ. ਉਹ ਹਨ ਜਿਹੜੇ ਬਾਅਦ ਵਿੱਚ ਮਹਾਨ ਤੀਰਥ ਸਥਾਨ ਬਣੇ ਜਿਵੇਂ ਸ਼੍ਰੀ ਕੌਲਸਰ, ਸ਼੍ਰੀ ਅੰਮ੍ਰਿਤਸਰ, ਸੰਤੋਖਸਰ, ਬਿਬੇਕਸਰ, ਰਾਮਸਰ ਅਤੇ ਲਛਮਣਸਰ।

**ਅਜਿਹੇ ਹੀ ਸੋਹਣੇ ਤਾਲਾਬਾਂ ਨੂੰ ਵੇਖਦੇ ਹੋਏ 11ਵੀਂ ਸਦੀ ਵਿੱਚ ਆਏ ਅਲਬਰੂਨੀ (ਵਿਦੇਸ਼ੀ ਯਾਤਰੀ) ਨੇ ਆਪਣੀ ਪੁਸਤਕ 'ਅਲਹਿੰਦ' ਵਿੱਚ ਲਿਖਿਆ,"…. ਜਦੋਂ ਸਾਡੇ ਲੋਕ ਹਿੰਦ ਦੇ ਤਾਲਾਬਾਂ ਨੂੰ ਵੇਖਦੇ ਹਨ ਤਾਂ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ। ਅਜਿਹੇ ਤਾਲਾਬਾਂ ਦਾ ਨਿਰਮਾਣ ਤਾਂ ਦੂਰ, ਉਹ ਉਨ੍ਹਾਂ ਬਾਰੇ ਠੀਕ ਢੰਗ ਨਾਲ ਗੱਲ ਵੀ ਨਹੀਂ ਕਰ ਸਕਦੇ।"**

ਛੱਪੜ ਪਿੰਡਾਂ ਦੇ ਨੇੜੇ ਹੀ ਬਣਾਏ ਜਾਂਦੇ ਸਨ, ਤਾਂ ਜੋ ਪਾਣੀ ਤੋਂ ਇਲਾਵਾ ਛੱਪੜਾਂ ਦੀ ਮਿੱਟੀ ਦਾ ਇਸਤੇਮਾਲ ਵੀ ਲਿੱਪਣ-ਪੋਚਣ ਵਾਸਤੇ ਕੀਤਾ ਜਾ ਸਕੇ। ਗਰਮੀਆਂ ਦੇ ਮੌਸਮ ਵਿੱਚ ਜਦੋਂ ਛੱਪੜਾਂ ਦਾ ਪਾਣੀ ਉੱਡਣ ਲਗਦਾ ਤਾਂ ਹੋਰਨਾਂ ਸਰੋਤਾਂ ਰਾਹੀਂ ਇਨ੍ਹਾਂ ਨੂੰ ਫੇਰ ਭਰ ਦਿੱਤਾ ਜਾਂਦਾ। ਪਰ ਤਪਦੀਆਂ ਲੂਆਂ ਵਿੱਚ ਛੱਪੜ ਫੇਰ ਖ਼ਾਲੀ ਹੋਣ ਲੱਗ ਜਾਂਦੇ। ਫੇਰ ਮੀਂਹ ਨੂੰ ਛੇਤੀ ਬੁਲਾਉਣ ਵਾਲੇ ਗੀਤ ਗਾਏ ਜਾਂਦੇ। ਛੱਪੜਾਂ ਦੇ ਕੰਢਿਆਂ ਉੱਤੇ ਚੌਲਾਂ ਦੀਆਂ ਦੇਗਾਂ ਉਤਾਰੀਆਂ ਜਾਂਦੀਆਂ। ਨਿੱਕੇ-ਬੱਚੇ ਗਲੀਆਂ ਵਿੱਚ ਗੀਤ ਗਾਉਂਦੇ ਫਿਰਦੇ, 'ਰੱਬਾ-ਰੱਬਾ ਮੀਂਹ ਵਰਸਾ ਸਾਡੀ ਕੋਠੀ ਦਾਣੇ ਪਾ', 'ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰਸਾ ਦੇ ਜ਼ੋਰੋ ਜ਼ੋਰ।' ਛੱਪੜ ਪਿੰਡ ਦੀ ਧੜਕਣ ਹੁੰਦਾ। ਅਕਸਰ ਇਨ੍ਹਾਂ ਛੱਪੜਾਂ ਦੇ ਕੋਲ ਮਾਤਾ ਦੇ ਥਾਨ ਹੁੰਦੇ, ਜਿੱਥੇ ਬੱਚਿਆਂ ਦੇ ਚੇਚਕ ਨਿੱਕਲਣ ਤੋਂ ਬਾਅਦ ਮੱਥੇ ਟਿਕਾਏ ਜਾਂਦੇ। ਛੱਪੜਾਂ ਦੇ ਚਾਰੋ ਪਾਸੇ ਸੰਘਣੇ ਦਰੱਖ਼ਤ ਹੁੰਦੇ ਜਿੱਥੇ ਪਾਲੀ ਆਪਣੇ ਡੰਗਰਾਂ ਨੂੰ ਖੁੱਲ੍ਹਾ ਛੱਡ ਕੁੱਝ ਨਾ ਕੁੱਝ ਖੇਡਾਂ ਖੇਡਦੇ ਰਹਿੰਦੇ।

ਢਾਬਾਂ ਛੱਪੜਾਂ ਤੋਂ ਥੋੜ੍ਹੀਆਂ ਵੱਡੀਆਂ ਅਤੇ ਗਹਿਰੀਆਂ ਹੁੰਦੀਆਂ। ਇਨ੍ਹਾਂ ਵਿੱਚ ਲੰਬਾਈ-ਚੌੜਾਈ ਦੀ ਗੱਲ ਨਹੀਂ ਸੀ ਹੁੰਦੀ, ਬਲਕਿ ਇਹੋ ਆਸਥਾ ਹੁੰਦੀ ਕਿ ਇਸਦਾ ਪਾਣੀ ਕਦੀ ਸੁੱਕਦਾ ਨਹੀਂ। ਢਾਬ ਦਾ ਪਾਣੀ ਹਮੇਸ਼ਾ ਨਿਰਮਲ ਰਹੇ, ਇਸ ਲਈ ਉਸ ਵਿੱਚ ਮੱਛੀਆਂ ਛੱਡੀਆਂ ਜਾਂਦੀਆਂ। ਸੰਝ ਵੇਲੇ ਬੱਚੇ ਘਰਾਂ 'ਚੋਂ ਆਪਣੇ ਨਾਲ ਆਟੇ ਦੀਆਂ ਗੋਲੀਆਂ ਵੱਟ ਕੇ ਲਿਆਉਂਦੇ ਅਤੇ ਮੱਛੀਆਂ ਨੂੰ ਪਾਉਂਦੇ। ਮੱਛੀਆਂ ਵੀ ਜਿਵੇਂ ਉਨ੍ਹਾਂ ਦੀ ਉਡੀਕ 'ਚ ਰਹਿੰਦੀਆਂ। ਉਦੋਂ ਲੋਕਾਂ ਦੇ ਦਿਲਾਂ ਵਿੱਚ ਖੋਰ ਨਹੀਂ ਸੀ ਹੁੰਦਾ, ਅੱਜ ਵਾਂਗ ਲੋਕੀ ਮਾਸਖੋਰ ਨਹੀਂ ਸਨ ਹੁੰਦੇ। ਹੁਣ ਤਾਂ ਗਰਾਂਟਾਂ ਡਕਾਰਨ ਤੋਂ ਬਾਅਦ ਵੀ ਮਾਨਸਿਕ ਤੌਰ 'ਤੇ ਪਿੰਡਾਂ ਦੀਆਂ ਕੰਗਾਲ ਪੰਚਾਇਤਾਂ ਬਚੇ-ਖੁਚੇ ਟੋਭੇ ਸਿਰਫ਼ ਕਸਾਈਆਂ ਨੂੰ ਹੀ ਠੇਕੇ 'ਤੇ ਦਿੰਦੀਆਂ ਹਨ। ਕਾਸ਼! ਕੋਈ ਸਰਕਾਰ ਸਿਰਫ਼ ਟੋਭੇ, ਢਾਬਾਂ, ਛੱਪੜਾਂ ਦੀ ਦੇਖਭਾਲ ਕਰਨ ਵਾਲੀਆਂ ਪੰਚਾਇਤਾਂ ਨੂੰ ਹੀ ਗਰਾਂਟ ਦੇਵੇ।

ਢਾਬ ਦੇ ਕੋਲ ਹੀ ਰੋਜ਼ਾਨਾ ਦੇ ਕੰਮਾਂ ਦੀ ਗਹਿਮਾ-ਗਹਿਮੀ ਰਹਿੰਦੀ। ਤਰਖਾਣ, ਪਥੇਰੇ, ਘੁਮਿਆਰ, ਮੋਚੀ ਵਗ਼ੈਰਾ ਤਾਂ ਜਿਵੇਂ ਢਾਬ ਦਾ ਹੀ ਹਿੱਸਾ ਹੁੰਦੇ। ਖ਼ੁਸ਼ੀ-ਗ਼ਮੀ ਦੀਆਂ ਸਭ ਰਸਮਾਂ ਵਿੱਚ ਢਾਬਾਂ ਦੇ ਕੰਢੇ ਦੀ ਮਿੱਟੀ ਕੱਢੀ ਜਾਂਦੀ ਤਾਂ ਜੋ ਢਾਬ ਹੌਲੀ-ਹੌਲੀ ਹੋਰ ਗਹਿਰੀ ਹੋ ਸਕੇ ਅਤੇ ਪਿੰਡ ਦਾ ਜੀਵਨ ਜ਼ਿਆਦਾ ਲੰਮਾ ਹੋ ਸਕੇ। ਪਰ ਹੁਣ ਬੁੱਧੀਜੀਵੀਆਂ ਦੇ ਤੇਜ਼ਾਬੀ ਤਰਕਾਂ ਦੇ ਛਿੱਟਿਆਂ ਨਾਲ ਲੋਕ-ਰੀਤਾਂ ਦੀ ਇਹ ਫੁਲਕਾਰੀ ਛਿੱਦੀ ਹੋ ਚੱਲੀ ਹੈ, ਹੁਣ ਇਨ੍ਹਾਂ ਰਸਮਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਢਾਬ ਦੇ ਲਾਗੇ ਹੀ ਠਾਕਰ ਦੁਆਰਾ, ਸ਼ਿਵਾਲਾ, ਦੇਵੀ ਦੁਆਰਾ ਜਾਂ ਥਾਨ (ਦੇਵਤੇ ਦਾ ਸਥਾਨ) ਹੁੰਦਾ। ਪਰ ਜਦੋਂ ਨਹਿਰਾਂ ਨਿੱਕਲੀਆਂ ਤਾਂ ਇਨ੍ਹਾਂ ਸਾਰੇ ਜਲ ਸਰੋਤਾਂ ਪਾਸੋਂ ਮੂੰਹ ਮੋੜ ਲਿਆ ਗਿਆ। ਨਵੀਂ ਪੀੜ੍ਹੀ ਨੇ ਬਿਲਕੁਲ ਹੀ ਇਨ੍ਹਾਂ ਦੀ ਉਪਯੋਗਤਾ ਬੇਕਾਰ ਮੰਨ ਲਈ। ਬੇਸ਼ੱਕ ਉਹ ਦੂਰ-ਦੁਰਾਡੇ ਦੇ ਪਿੰਡਾਂ ਤੋਂ ਚੰਡੀਗੜ੍ਹ ਦੀ ਸੁਖਨਾ ਝੀਲ ਵੇਖਣ ਆਉਂਦੇ ਹੋਣ, ਪਰ ਆਪਣੇ ਪਿੰਡਾਂ ਦੀਆਂ ਢਾਬਾਂ ਨੂੰ ਝੀਲਾਂ 'ਚ ਬਦਲਣ ਦਾ ਨਾ ਹੀ ਖ਼ਿਆਲ ਉਨ੍ਹਾਂ ਦੇ ਦਿਲਾਂ ਵਿੱਚ ਕਦੀ ਆਇਆ ਅਤੇ ਨਾ ਸਾਡੇ ਕ਼ਾਬਿਲ ਪ੍ਰਗਤੀਸ਼ੀਲ ਵੀਰਾਂ ਨੇ ਉਨ੍ਹਾਂ ਨੂੰ ਇਨ੍ਹਾਂ ਢਾਬਾਂ, ਟੋਭਿਆਂ ਅਤੇ ਛੱਪੜਾਂ ਦਾ ਮਹੱਤਵ ਸਮਝਾਇਆ ਜਿਹੜੇ ਤਰਕਾਂ ਦੀ ਵਕਾਲਤ ਦੇ ਬਾਵਜੂਦ ਪਾਣੀ ਦਾ ਹੋਰ ਕੋਈ ਵੀ ਵਿਕਲਪ ਅਜੇ ਤੱਕ ਨਹੀਂ ਸਮਝਾ ਸਕੇ ਹਨ। ਨਵੀਂ ਪੀੜ੍ਹੀ ਨੇ ਵੀ ਤਾਲਾਬਾਂ ਜਿਹੀਆਂ ਪਾਣੀ ਦੀਆਂ ਕੁਦਰਤੀ ਬੁੱਕਾਂ ਨੂੰ ਭਰ ਕੇ ਸਿਰਫ਼ ਮਹਿੰਗੇ ਪਲਾਟਾਂ ਦੀ ਸ਼ਕਲ ਵਿੱਚ ਦੇਖਣਾ ਹੀ ਪਸੰਦ ਕੀਤਾ। ਉਨ੍ਹਾਂ ਨੇ ਇਹ ਮੰਨ ਹੀ ਲਿਆ ਹੈ ਕਿ ਧਰਤੀ ਦਾ 'ਪਲਾਟਾਂ ਤੋਂ ਇਲਾਵਾ ਸ਼ਾਇਦ ਹੋਰ ਕੋਈ ਮੁੱਲ ਹੀ ਨਹੀਂ ਹੁੰਦਾ।'


ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਵਿੱਚ ਹੜ੍ਹਾਂ ਦਾ ਇਤਿਹਾਸ ਵੀ ਪਾਣੀ ਦੇ ਕੁਦਰਤੀ ਸੋਮਿਆਂ ਦੇ ਖ਼ਾਤਮੇ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ। ਮੀਂਹਾਂ ਦਾ ਬੇਸ਼ੁਮਾਰ ਪਾਣੀ ਆਪਣੀ ਬੁੱਕ ਵਿੱਚ ਭਰਨ ਵਾਲੇ ਇਹ ਸੋਮੇ ਅੱਜ ਬੇ-ਕ਼ਦਰੀ ਦੇ ਪਾਲੀਥੀਨੀ ਗਾਰੇ ਨਾਲ ਭਰੇ ਜਾ ਰਹੇ ਹਨ। ਸਰਕਾਰਾਂ ਕੋਲ ਵੀ ਹੜ੍ਹਾਂ ਤੋਂ ਬਚਣ ਦਾ ਇੱਕੋ ਉਪਾਅ





ਹੈ ਕਿ ਜਦੋਂ ਵੀ ਬਰਸਾਤ ਵੱਧ ਹੋਵੇ ਤਾਂ ਡੈਮਾਂ ਨੂੰ ਬਚਾਉਣ ਵਾਸਤੇ ਡੈਮ ਦੇ ਦਰਵਾਜ਼ੇ ਖੋਲ੍ਹ ਕਿਸੇ ਵੀ ਸ਼ਹਿਰ ਨੂੰ ਡੁਬੋ ਕੇ ਹੜ੍ਹ ਤੋਂ ਨਿਜਾਤ ਪਾ ਲਈ ਜਾਵੇ।

ਜਿੱਥੇ ਵੀ ਪਾਣੀ ਦਾ ਚੋਅ ਡੂੰਘਾ ਹੁੰਦਾ ਜਾਂ ਕਿਸੇ ਇਲਾਕੇ ਦਾ ਪਾਣੀ ਖਾਰਾ ਹੁੰਦਾ, ਖੂਹ ਪੁੱਟਣਾ ਮਹਿੰਗਾ ਹੁੰਦਾ, ਉੱਥੇ ਪਿੰਡ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਡਿੱਗੀਆਂ ਬਣਾਈਆਂ ਜਾਂਦੀਆਂ ਸਨ। ਮਾਲਵਾ ਖੇਤਰ ਦੇ ਸੰਗਰੂਰ, ਫ਼ਿਰੋਜ਼ਪੁਰ, ਫ਼ਰੀਦਕੋਟ, ਬਠਿੰਡਾ ਆਦਿ ਕਈ ਜ਼ਿਲ੍ਹਿਆਂ ਵਿੱਚ ਕਿਤੇ-ਕਿਤੇ ਟੁੱਟੀਆਂ-ਫੁੱਟੀਆਂ ਡਿੱਗੀਆਂ ਦੇ 'ਫੁੱਲ' ਅੱਜ ਵੀ ਦੇਖਣ ਨੂੰ ਮਿਲ ਜਾਣਗੇ। ਅੰਬਾਲਾ 'ਚ ਵੀ ਦੋ ਬਹੁਤ ਵੱਡੀਆਂ ਡਿੱਗੀਆਂ ਸਨ। ਇੱਕ ਡਿੱਗੀ ਉੱਤੇ ਤਾਂ ਹੁਣ ਅੰਬਾਲੇ ਦਾ ਬਸ ਅੱਡਾ ਹੈ। ਦੂਜੀ ਡਿੱਗੀ ਜਿਹੜੀ ਐਸ. ਡੀ. ਕਾਲਜ ਦੇ ਪਿੱਛੇ ਸੀ, ਉਸਨੂੰ ਵੀ ਪਾਲੀਥੀਨ ਸਮੇਤ ਹੋਰਨਾਂ 'ਸਟੇਟਸ' ਵਾਲੇ ਪਦਾਰਥਾਂ ਨਾਲ ਭਰ ਕੇ ਪਾਰਕ ਬਣਾ ਦਿੱਤਾ ਗਿਆ ਹੈ। ਸ੍ਰੀ ਕਸ਼ਮੀਰੀ ਲਾਲ ਧੀਮਾਨ ਜੀ ਨੇ ਦੱਸਿਆ ਕਿ ਇਸ ਡਿੱਗੀ ਦੀ ਗਹਿਰਾਈ ਦੋ ਹਾਥੀਆਂ ਜਿੰਨੀ ਸੀ। ਦੁਸਹਿਰੇ ਵਾਲੇ ਦਿਨ ਰਾਮ ਜੀ ਦੀ ਸਵਾਰੀ ਲਈ ਸ਼ਿੰਗਾਰੇ ਜਾਣ ਵਾਲੇ ਹਾਥੀਆਂ ਨੂੰ ਪਹਿਲਾਂ ਇੱਥੇ ਹੀ ਇਸ਼ਨਾਨ ਕਰਵਾਇਆ ਜਾਂਦਾ ਸੀ। ਡਿੱਗੀਆਂ ਕੱਚੀਆਂ-ਪੱਕੀਆਂ ਦੋਵੇਂ ਤਰ੍ਹਾਂ ਦੀਆਂ ਹੁੰਦੀਆਂ ਸਨ। ਡੰਗਰਾਂ ਲਈ ਵੱਖ ਡਿੱਗੀਆਂ ਹੁੰਦੀਆਂ ਸਨ। ਜਿੱਥੇ ਪਾਣੀ ਦਾ ਪੱਧਰ ਜ਼ਿਆਦਾ ਗਹਿਰਾ ਹੁੰਦਾ, ਉੱਥੇ ਪਸ਼ੂ ਅਤੇ ਲੋਕਾਂ ਦੀ ਸਾਂਝੀ ਡਿੱਗੀ ਹੁੰਦੀ। ਉੱਥੇ ਪਾਣੀ ਦੀ ਵਰਤੋਂ ਬੇਹੱਦ ਕਿਫ਼ਾਇਤ ਨਾਲ ਦੇਸੀ ਘਿਉ ਦੀ ਤਰ੍ਹਾਂ ਕੀਤੀ ਜਾਂਦੀ। ਉੱਥੇ ਪਸ਼ੂਆਂ ਨੂੰ ਅੱਜ ਵਾਂਗ ਟਰੱਕਾਂ-ਟੈਂਪੂਆਂ ਵਾਂਗ ਧੋਤਾ ਨਹੀਂ ਸੀ ਜਾਂਦਾ ਅਤੇ ਨਾ ਹੀ ਲੱਖਾਂ ਯੂਨਿਟ ਬਿਜਲੀ ਅਤੇ ਡੀਜ਼ਲ ਦੇ ਖ਼ਰਚੇ ਪਾਏ ਜਾਂਦੇ ਸਨ। ਉਦੋਂ ਪਸ਼ੂ ਅਤੇ ਲੋਕ ਦੋਵੇਂ ਸਰਲ ਸਨ। ਉਦੋਂ ਪਸ਼ੂ ਆਦਮੀ ਦੀ ਸੋਹਬਤ ਵਿੱਚ ਰਹਿ ਕੇ ਵਿਗੜੇ ਨਹੀਂ ਸਨ। ਹੁਣ ਤਾਂ ਮਧੂਮੱਖੀਆਂ ਵੀ ਗੁੜ ਵਾਲੀਆਂ ਸੜੀਆਂ ਬੋਰੀਆਂ, ਟੌਫ਼ੀਆਂ ਦੀ ਚਿਪਚਿਪੀ ਪੈਕਿੰਗ ਅਤੇ ਘਟੀਆ ਚੀਨੀ ਖਾ-ਖਾ ਕੇ ਅਸਲੀ ਸ਼ਹਿਦ ਬਣਾਉਣ ਦੀ ਕਲਾ ਅਤੇ ਫੁੱਲਾਂ ਦਾ ਸੁਆਦ ਵੀ ਭੁੱਲ



ਚੁੱਕੀਆਂ ਹਨ। ਸ਼ਹਿਦ ਵਿੱਚ ਤੰਦਰੁਸਤੀ ਲੱਭਣ ਵਾਲੇ ਲੋਕੀ ਵੀ ਹੁਣ ਸਿਰਫ਼ ਸੜੀਆਂ ਗਲ਼ੀਆਂ ਟਾਫ਼ੀਆਂ ਦੀ ਚਾਸ਼ਨੀ ਹੀ ਚੱਟਦੇ ਹਨ। ਉਦੋਂ ਜ਼ਿੰਦਗੀ ਦੇ ਜ਼ਿਆਦਾਤਰ ਕੰਮ ਸੌਖੇ ਸਨ, ਅੱਜ ਵਾਂਗ ਔਖੇ ਨਹੀਂ ਸਨ ਹੋਏ। **ਜਦੋਂ ਸਮਾਜ ਅਤੇ ਸੇਵਾ ਦੋ ਵੱਖੋ-ਵੱਖਰੇ ਸ਼ਬਦਾਂ ਵਾਂਗ ਦੋਫਾੜ ਹੋ ਜਾਣ ਤਾਂ ਫੇਰ ਖ਼ਾਲੀ ਹੋਈ ਜਗ੍ਹਾ ਵਿੱਚ ਸੋਸ਼ਲ ਵਰਕਰਾਂ ਦੀ ਘੁਸਪੈਠ ਹੁੰਦੀ ਹੈ, ਇਹੋ ਸੋਸ਼ਲ ਵਰਕਰ ਤਰੱਕ਼ੀ ਕਰਕੇ ਐਨ. ਜੀ. ਓ. ਬਣਦੇ ਹਨ ਅਤੇ ਫਿਰ ਐਨ. ਜੀ. ਓਜ਼ ਨੂੰ ਲੱਭਣ ਲਈ ਸਮਾਜ ਦੀ ਥਾਂ ਕੰਪਿਊਟਰਾਂ ਦੀਆਂ ਵੈੱਬਸਾਈਟਾਂ ਖੋਲ੍ਹਣੀਆਂ ਪੈਂਦੀਆਂ ਹਨ।**

ਖੂਹ ਦੋ ਤਰ੍ਹਾਂ ਦੇ ਹੁੰਦੇ ਸਨ, ਪੀਣ ਦੇ ਪਾਣੀ ਵਾਲੇ ਅਤੇ ਖੇਤਾਂ ਦੀ ਸਿੰਜਾਈ ਵਾਲੇ। ਆਪਣੇ ਇਸ ਖ਼ਿੱਤੇ ਵਿੱਚ ਸਿੰਜਾਈ ਵਾਲੇ ਖੂਹਾਂ ਦਾ ਇਤਿਹਾਸ ਈਸਾ ਤੋਂ ਵੀ ਸੈਂਕੜੇ ਵਰ੍ਹੇ ਪਹਿਲਾਂ ਦਾ ਹੈ। ਖੂਹਾਂ 'ਚੋਂ ਪਾਣੀ ਹਲਟਾਂ ਨਾਲ ਕੱਢਣ ਦੀ ਪ੍ਰੰਪਰਾ ਵੀ ਕਾਫ਼ੀ ਪ੍ਰਾਚੀਨ ਹੈ। ਖੂਹ ਪੁੱਟਣ ਲਈ ਸਭ ਲੋਕ ਮਦਦ ਕਰਦੇ ਸਨ। ਪੁਟਾਈ ਤੋਂ ਪਹਿਲਾਂ ਅਜਿਹੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਕਿ ਪਾਣੀ ਮਿੱਠਾ ਨਿੱਕਲੇ। ਉਸ ਸਮੇਂ ਦਾ ਸਮਾਜ ਸਭ ਲਈ ਸੀ, ਸਭ ਦਾ ਮੱਥਾ ਨਿਰਮਲ ਸੀ (ਕਿਸੇ ਦੇ ਵੀ ਮੱਥੇ ਵਿੱਚ ਅਜੀਬੋ ਗ਼ਰੀਬ ਵਿਕਾਸ ਦਾ ਗਾਰਾ ਨਹੀਂ ਸੀ ਭਰਿਆ) ਪਰ ਫੇਰ ਵੀ ਪਵਿੱਤਰ ਰਸਮਾਂ ਦੀਆਂ ਰਸਭਰੀਆਂ ਪ੍ਰੰਪਰਾਵਾਂ ਨਿਭਾਈਆਂ ਹੀ ਜਾਂਦੀਆਂ ਸਨ। ਪੁਟਾਈ ਦੇ ਪਹਿਲੇ ਟੱਕ ਨਾਲ ਹੀ ਗੁੜ, ਪਤਾਸੇ, ਮਿੱਠੇ ਚੌਲ ਜਾਂ ਲੱਡੂ ਵੰਡੇ ਜਾਂਦੇ। ਮਿਹਨਤਕਸ਼ਾਂ ਦੀ ਵੀ ਰੱਜਵੀਂ ਸੇਵਾ ਕੀਤੀ ਜਾਂਦੀ। ਖੂਹ ਦੀ ਪੁਟਾਈ ਦੇ ਪੂਰੇ ਸਮੇਂ ਬਜ਼ੁਰਗ ਆਲੇ-ਦੁਆਲੇ ਘੁੰਮਦੇ ਰਹਿੰਦੇ ਅਤੇ ਦੱਸਦੇ ਰਹਿੰਦੇ ਕਿ ਹੁਣ ਪਾਣੀ ਕਿੰਨਾ ਕੁ ਦੂਰ ਹੈ। ਖੂਹ ਦਾ ਘੇਰਾ ਉੱਥੇ ਉੱਗਣ ਵਾਲੀਆਂ ਫ਼ਸਲਾਂ ਦੇ ਸੁਭਾਅ ਦੇ ਅਨੁਸਾਰ ਹੁੰਦਾ। ਅੱਜ ਵਾਂਗ ਨਹੀਂ ਕਿ ਸਭ ਕੁੱਝ ਸਭ ਪਾਸੇ ਬੀਜਦੇ ਜਾਓ। ਖੂਹ ਨੂੰ ਪਿੰਡ ਦੀ ਸੰਜੀਵਨੀ ਮੰਨਿਆ ਜਾਂਦਾ ਸੀ। ਜਿਉਂ ਹੀ ਖੂਹ ਬਣ ਕੇ ਤਿਆਰ ਹੁੰਦਾ, ਸਭ ਦੀ ਆਤਮਾ ਵਿੱਚ ਇੱਕ ਨਿੱਘੇ ਅਹਿਸਾਸ ਦੇ ਢੋਲ ਵੱਜ ਉੱਠਦੇ। ਖੂਹਾਂ ਦੇ ਆਲੇ-ਦੁਆਲੇ ਲੱਗੇ ਸੈਂਕੜੇ ਦਰੱਖ਼ਤਾਂ ਉੱਤੇ ਹਜ਼ਾਰਾਂ ਪਰਿੰਦੇ ਆਪਣੇ ਆਲ੍ਹਣੇ ਬਣਾਉਂਦੇ, ਇਹ ਦੌਰ ਉਹ ਸੀ ਜਦੋਂ ਸਭਨਾਂ ਥਾਵਾਂ ਦੇ ਲੋਕਾਂ ਦੇ ਦਿਲਾਂ ਵਿੱਚ ਸਰਬੱਤ ਦਾ ਭਲਾ ਚਾਹੁਣ ਦੇ ਨਾਮ ਦਾਨ ਦੀ ਕੁਦਰਤੀ ਬੂੰਦ ਪਈ ਹੋਈ ਸੀ, ਉਹ ਇਹ ਸਮਝਦੇ ਸਨ ਕਿ "ਦਾਣਾ-ਪਾਣੀ ਖਿੱਚ ਕੇ ਲਿਆਉਂਦਾ, ਕੌਣ ਕਿਸੇ ਦਾ ਖਾਂਦਾ।" ਹਜ਼ਾਰਾਂ ਪਰਿੰਦੇ ਉੱਥੇ ਹੀ ਦਾਣੇ ਚੁਗਦੇ, ਪਾਣੀ ਪੀਂਦੇ ਅਤੇ ਪੂਰਾ ਵਾਤਾਵਰਣ ਚਹਿਕਾਉਂਦੇ ਰਹਿੰਦੇ। **ਉਦੋਂ ਪੰਛੀਆਂ ਨੂੰ ਮਾਰ ਕੇ ਖਾਣ ਵਾਲੀਆਂ ਗੁਲੇਲਾਂ ਨਹੀਂ ਸਨ ਬਣੀਆਂ (ਉਡਾਉਣ ਵਾਲੀਆਂ ਜ਼ਰੂਰ ਸਨ), ਨਾ ਹੀ ਅੱਜ ਵਾਂਗ ਮੈਰਿਜ ਪੈਲੇਸ ਬਣੇ ਸਨ ਜਿਨ੍ਹਾਂ ਦੇ ਮੀਨੂ ਕਾਰਡਾਂ ਵਿੱਚ ਬੱਕਰੇ, ਮੁਰ਼ਗੇ ਦੇ ਨਾਲ-ਨਾਲ ਕਬੂਤਰ, ਤਿੱਤਰ, ਬਟੇਰੇ ਅਤੇ ਖ਼ਰਗੋਸ਼ ਤੱਕ ਦੇ ਮਾਸ ਪਰੋਸੇ ਜਾਣ ਦੀ ਰੰਗਦਾਰ ਛਪਾਈ ਹੋਈ ਹੁੰਦੀ ਹੈ।**



ਮੁਹੱਲਿਆਂ ਤੋਂ ਬਾਅਦ ਖੂਹ ਹੀ ਧੜਕਦੀਆਂ ਲੋਕ-ਗੀਤਾਂ ਦਾ ਕੇਂਦਰ ਹੁੰਦਾ ਸੀ। ਭਲੇ ਵਕਤਾਂ ਵਿੱਚ ਕਿਹਾ ਜਾਂਦਾ ਸੀ,'ਮੇਰੇ ਖੂਹ 'ਤੇ ਵਸਦਾ ਰੱਬ ਨੀਂ।' ਉਦੋਂ ਰੱਬ ਨੂੰ ਟੱਬ ਦੱਸਣ ਵਾਲਾ ਮੁਹਾਵਰਾ ਨਹੀਂ ਸੀ ਬਣਿਆ, ਨਾ ਹੀ ਵਿਕਾਸ ਦੇ ਏ. ਟੀ. ਐਮ. 'ਚੋਂ ਨਿੱਕਲੀ 'ਚੱਲ ਸਾਲਾ ਦੇਸੀ' ਜਿਹੀ ਗਾਲ੍ਹ ਹੁੰਦੀ ਸੀ। ਲਗਭਗ ਤੀਹ ਸਾਲ ਇਹ ਗਾਲ੍ਹ ਕੱਢਣ ਤੋਂ ਬਾਅਦ ਅਸੀਂ ਭੁੱਲ ਹੀ ਗਏ ਕਿ ਇਸ ਇੱਕ ਛੋਟੀ ਜਿਹੀ ਗਾਲ੍ਹ ਦੇ ਨਾਲ ਅਸੀਂ ਕੀ-ਕੀ ਗੁਆ ਚੁੱਕੇ ਹਾਂ। ਇਸ ਦੇਸੀ ਵਿੱਚ ਤਾਂ ਸਾਡੀ ਮਿੱਟੀ, ਪਾਣੀ, ਪਰਿੰਦੇ, ਪਸ਼ੂ, ਹਵਾ, ਤੰਦਰੁਸਤ ਲੋਕ ਜੀਵਨ, ਲੋਕ ਗੀਤ, ਲੋਕ ਸੰਗੀਤ, ਸਭ ਦੇ ਹਿੱਤ ਲਈ ਲਿਖਿਆ ਜਾਣ ਵਾਲਾ ਸਾਹਿਤ ਵੀ ਸ਼ਾਮਲ ਹੈ। ਗ਼ਲਤਫ਼ਹਿਮੀ ਵੱਖਰੀ ਚੀਜ਼ ਹੈ ਪਰ ਇਹ ਸਭ ਅਸੀਂ ਹੁਣ ਗੁਆ ਚੁੱਕੇ ਹਾਂ। ਹੁਣ ਤਾਂ ਸਾਡਾ ਖ਼ੂਨ ਵੀ ਦੇਸੀ ਨਹੀਂ ਰਿਹਾ। ਉਸਦੀ ਥਾਂ ਸਾਡੇ ਖ਼ੂਨ ਵਿੱਚ ਪੈਸਟੀਸਾਈਡ ਅਤੇ ਹੋਰਨਾਂ ਰਸਾਇਣਕ ਤੱਤਾਂ ਦੀ ਭਰਮਾਰ ਹੋ ਚੱਲੀ ਹੈ। ਸਾਡੀ ਜਿਸ ਕਣਕ 'ਤੇ ਸਾਰੇ ਦੇਸ਼ ਨੂੰ ਨਾਜ਼ ਸੀ, ਉਸਦਾ ਬੀਜ ਵੀ ਦੇਸੀ ਹੀ ਸੀ। ਗਾਲ੍ਹ ਕੱਢਣ ਤੋਂ ਬਾਅਦ ਵਿਦੇਸ਼ੀ ਬੀਜ ਆਇਆ ਜਿਸ ਨੂੰ ਉੱਨਤ ਬੀਜ ਵੀ ਆਖਿਆ ਗਿਆ, ਜਿਸ ਉੱਪਰ ਅਸਾਂ ਅੱਖਾਂ ਬੰਦ ਕਰਕੇ ਭਰੋਸਾ ਕੀਤਾ, ਉਸਦੇ ਨਾਲ ਇੱਕ ਤੁਖ਼ਮ ਵੀ ਆਇਆ, ਜਿਸਨੂੰ ਹੁਣ 'ਕਾਂਗਰਸ ਘਾਹ' ਕਿਹਾ ਜਾਂਦਾ ਹੈ। ਅੱਜ ਇਹ 'ਕਾਂਗਰਸ ਘਾਹ' ਤੁਖ਼ਮੀ ਬੰਗਲਾਦੇਸ਼ੀਆਂ ਦੀ ਤਰ੍ਹਾਂ ਇੱਕ ਵੱਡੀ ਸਮੱਸਿਆ ਬਣ ਚੁੱਕਾ ਹੈ। **ਸਿਰਫ਼ ਦੇਸੀ ਨੂੰ ਗਾਲ੍ਹ ਕੱਢਣ ਕਾਰਨ ਦੇਸੀ ਦਰੱਖ਼ਤ ਵੀ ਚਲੇ ਗਏ। ਦੇਸੀ ਦਰੱਖ਼ਤਾਂ ਦੇ ਜਾਂਦੇ ਹੀ ਸਾਡੇ ਸਭਿਆਚਾਰ ਦੀ ਹਰਿਆਲੀ ਵੀ ਚਲੀ ਗਈ। ਸਭਿਆਚਾਰ ਦੇ ਨਾਂ 'ਤੇ ਅੱਜ ਅਸੀਂ ਸਿਰਫ਼ ਸਟੇਜੀ ਬੱਲੇ-ਬੱਲੇ ਦੇ** ਮੋਹਤਾਜ ਹੋ ਚੁੱਕੇ ਹਾਂ। ਦੇਸੀ ਦਰੱਖ਼ਤਾਂ ਦੀ ਜਗ੍ਹਾ ਸਫ਼ੈਦੇ ਆਏ, ਧਰਤੀ ਬੰਜਰ ਹੋਣ ਲੱਗੀ, ਲੜਾਈਆਂ-ਝਗੜੇ ਹੋਣ ਲੱਗੇ। ਅੱਜ ਵੀ ਹਜ਼ਾਰਾਂ ਕੇਸ ਸਿਰਫ਼ ਸਫ਼ੈਦੇ ਕਾਰਨ ਹੀ ਅਦਾਲਤਾਂ ਵਿੱਚ ਲੜੇ ਜਾ ਰਹੇ ਹਨ। ਸਸਤੇ ਲੰਗਰਾਂ ਦੀ ਆੜ ਵਿੱਚ ਅਤੇ ਅਖ਼ਬਾਰੀ ਇਸ਼ਤਿਹਾਰਾਂ ਕਾਰਨ ਪਾਪੂਲਰ ਹੋਏ ਕੁੱਝ ਸੰਤ ਵੀ ਆਪਣੇ ਡੇਰਿਆਂ ਵਿੱਚ ਹੁਣ ਸਫ਼ੈਦੇ ਦੀ ਥਾਂ ਉਸੇ ਦਾ ਭਰਾ ਪੌਪਲਰ ਲਾਉਣ ਦੀਆਂ ਸਲਾਹਾਂ ਦੇ ਰਹੇ ਹਨ ਤਾਂ ਜੋ 'ਨਾਮਦਾਨ' ਦੀ ਆੜ ਵਿੱਚ 'ਨਾਮਾਂ' ਵੀ ਕਮਾਇਆ ਜਾ ਸਕੇ, ਇਹ ਵੀ 'ਦੇਸੀ' ਨੂੰ ਗਾਲ੍ਹ ਕੱਢ ਕੇ ਸਿਰਫ਼ ਪੈਸੇ ਲਈ ਸਭ ਕੁੱਝ ਕਰਨ ਦਾ ਇੱਕ ਹੋਰ ਨਮੂਨਾ ਹੈ।

ਮੰਦਰ ਦੀ ਪਹਿਲੀ ਘੰਟੀ, ਗੁਰਬਾਣੀ ਦੇ ਪਹਿਲੇ ਬੋਲ ਦੇ ਨਾਲ ਹੀ ਖੂਹਾਂ ਉੱਤੇ ਜ਼ਿੰਦਗੀ ਚਹਿਕ ਉੱਠਦੀ ਸੀ। ਬਜ਼ੁਰਗ ਅਤੇ ਬੱਚੇ ਖੂਹ ਗੇੜ ਕੇ ਪਾਣੀ ਦੀਆਂ ਟੈਂਕੀਆਂ ਅਤੇ ਪਸ਼ੂਆਂ ਲਈ ਬਣੀਆਂ ਖੁਰਲੀਆਂ ਭਰ ਦਿੰਦੇ। ਬੱਚੇ ਤੇ ਬਜ਼ੁਰਗ ਤਾਜ਼ੇ ਪਾਣੀ ਨਾਲ ਨਹਾ ਕੇ ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਸਾਰੇ ਦਿਨ ਦੇ ਕੰਮਾਂ ਲਈ ਕੁਦਰਤ ਤੋਂ ਅਸੀਸ ਲੈਂਦੇ ਸਨ।

ਈਮਾਨਦਾਰੀ ਨਾਲ ਵੇਖੀਏ ਤਾਂ ਹਰਿਆਣਾ ਅਤੇ ਪੰਜਾਬ ਹਰੇ-ਭਰੇ ਖੇਤਰ ਉਸੇ ਸਮੇਂ ਤੱਕ ਹੀ ਸਨ ਜਦੋਂ ਤੱਕ ਇੱਥੋਂ ਦੇ ਸਾਰੇ ਕੁਦਰਤੀ ਸੋਮੇ ਸਹਿਜ-ਸਰਲ ਸਨ। ਦੂਰ-ਦੂਰ ਫੈਲੇ ਸੰਘਣੇ ਜੰਗਲ ਸਨ, ਪੰਜਾਂ ਦਰਿਆਵਾਂ ਦੀਆਂ ਕਈ ਸਾਰੀਆਂ ਉਪ-ਨਦੀਆਂ ਸਨ, ਲਗਭਗ 17,500 ਛੋਟੇ-ਵੱਡੇ ਤਾਲਾਬ ਸਨ। ਮਿੱਟੀ ਦੀਆਂ ਹੇਠਲੀਆਂ ਪਰਤਾਂ ਵਿੱਚ ਰੱਜਵੀਂ ਤਾਕਤ ਸੀ। ਦੁੱਧ-ਘਿਉ ਨਾਲ ਜੁੜੀਆਂ ਅਨੇਕ ਕਹਾਵਤਾਂ ਸਨ। ਦੁੱਧ ਅਤੇ ਪੁੱਤ ਇੱਕ ਕਰਕੇ ਜਾਣੇ ਜਾਂਦੇ ਸਨ। ਅੱਜ ਜਦੋਂ ਲੱਖਾਂ ਬੱਚੀਆਂ ਕੁੱਖ ਵਿੱਚ ਹੀ ਮਾਰੀਆਂ ਜਾ ਰਹੀਆਂ ਹੋਣ, ਮੁੰਡੇ ਬਾਹਰਲੇ ਮੁਲਕਾਂ ਵਿੱਚ ਲਗਭਗ ਵੇਚੇ ਜਾ ਰਹੇ ਹੋਣ, ਤਾਂ ਸਮਝਿਆ ਜਾ ਸਕਦਾ ਹੈ ਕਿ ਮਮਤਾ ਦੀ ਡੋਰ ਦੀ ਰੇਸ਼ਮ ਕਿੰਨੀ ਕੁ ਬਚੀ ਹੋਵੇਗੀ, ਅੱਜ ਮਾਂ ਦੇ ਦੁੱਧ ਦੀ ਤੰਦ ਸਿਵਾਏ ਕਿਸੇ ਲਾਲਚ ਤੋਂ ਇਲਾਵਾ ਹੋਰ ਕੁੱਝ ਨਹੀਂ ਦਿਸਦੀ? ਧੀਆਂ ਦੇ ਘਰ ਦਾ ਪਾਣੀ ਵੀ ਨਾ ਪੀਣ ਵਾਲਾ ਪੰਜਾਬ ਅੱਜ ਕੁੱਖ ਵਿੱਚ ਹੀ ਧੀਆਂ ਮਾਰਨ ਵਾਲੇ ਸਾਰੇ ਸੂਬਿਆਂ ਤੋਂ ਅੱਗੇ ਲੰਘਣ ਦੀ ਤਾਂਘ ਵਿੱਚ ਹੈ। ਅਖ਼ਬਾਰਾਂ 'ਚ ਲਗਾਤਾਰ ਛਪਦੀਆਂ ਅਜਿਹੀਆਂ ਖ਼ਬਰਾਂ ਪੜ੍ਹ ਕੇ ਹੌਲ ਪੈਂਦਾ ਹੈ ਕਿ ਮੁੰਡਿਆਂ ਨੂੰ ਸਿਰਫ਼ ਬਾਹਰ ਭੇਜਣ ਦੇ ਲਾਲਚ ਵਿੱਚ ਚਾਚੇ, ਮਾਮੇ, ਤਾਏ ਦੀਆਂ ਕੁੜੀਆਂ ਨਾਲ ਵਿਆਹਿਆ ਜਾ ਰਿਹਾ ਹੈ। ਇਹ ਸਾਰੀਆਂ ਘਟਨਾਵਾਂ ਆਉਣ ਵਾਲੇ ਕਿਸੇ ਸੱਚੇ-ਸੁੱਚੇ ਅਤੇ ਨਿੱਗਰ ਸਮਾਜ ਦੀ ਸੱਜਰੀ ਸਵੇਰ ਦੀਆਂ ਨਿਸ਼ਾਨੀਆਂ ਨਹੀਂ ਹਨ। ਇਹ ਅੰਨ੍ਹੇਵਾਹ ਖੇਡੀ ਜਾਣ ਵਾਲੀ ਇੱਕ ਅਜਿਹੀ ਖੋ-ਖੋ ਹੈ ਜਿਸਨੂੰ ਨਾ ਸਮਝ ਕੇ ਅਸੀਂ ਬਹੁਤ ਵੱਡੀ ਭੁੱਲ ਕਰ ਰਹੇ ਹਾਂ। ਇਹ ਵੀ 'ਦੇਸੀ' ਨੂੰ ਗਾਲ੍ਹ ਕੱਢ ਕੇ ਕਿਸੇ ਵੀ ਤਰ੍ਹਾਂ ਵਿਕਸਤ ਦਿਸਣ ਦਾ ਹੀ ਉਦਾਹਰਣ ਹੈ।

ਅੱਜ ਪੰਜਾਬ ਦੀਆਂ ਚੱਕੀਆਂ ਵਿੱਚ ਪੀਸਿਆ ਜਾਣ ਵਾਲਾ ਹਰੇਕ ਦਾਣਾ ਮਰੇ ਹੋਏ ਡੰਗਰਾਂ ਦੀਆਂ ਹੱਡੀਆਂ ਦਾ ਚੂਰਾ ਅਤੇ ਨਰਮ ਪੱਥਰ ਦਾ ਚੂਰਾ ਹੀ ਹੈ। ਪੁੱਠੇ-ਸਿੱਧੇ ਟੀਕੇ ਲਾ ਕੇ ਡੰਗਰਾਂ ਤੋਂ ਲਿਆ ਜਾਣ ਵਾਲਾ ਦੁੱਧ ਕਿੰਨੀ ਕੁ ਦੇਰ ਪੰਜਾਬ ਦੇ ਪਸ਼ੂਧਨ ਨੂੰ ਟਿਕਾ ਸਕੇਗਾ, ਅਜਿਹੇ ਸਵਾਲ ਕਿਤੋਂ ਹੋਰ ਪੜ੍ਹਕੇ ਆਏ ਆਪਣੇ ਹੀ ਧਰਤੀ ਦੇ ਪੁੱਤਾਂ ਨੂੰ ਪੁੱਛੇ ਜਾਣੇ ਚਾਹੀਦੇ ਹਨ। **ਜਿਹੜੇ ਅਖੌਤੀ ਬੁੱਧੀਜੀਵੀਆਂ ਨੇ ਗੋਹੇ ਨੂੰ ਵੇਖ ਕੇ ਨੱਕ 'ਤੇ ਰੁਮਾਲ ਰੱਖੇ, ਅੱਜ ਉਹੀ ਜੈਵਿਕ ਖਾਦ ਦੇ ਹਿਮਾਇਤੀ ਦਿਸ ਰਹੇ ਹਨ। ਜਿਹੜੇ ਲੋਕਾਂ ਨੇ ਦੂਜਿਆਂ ਤੋਂ ਵੱਖਰੇ ਦਿਸਣ ਲਈ ਚਮਚਮ ਕਰਦੇ ਪਾਲੀਥੀਨ ਨੂੰ ਪ੍ਰੋਮੋਟ ਕੀਤਾ, ਅੱਜ ਉਹੀ ਵੀ. ਆਈ. ਪੀ. ਪਾਲੀਥੀਨ ਦੀ ਮੋਢੇ ਮਟਕਾ ਕੇ ਅੰਗਰੇਜ਼ੀ ਭਾਸ਼ਾ ਵਿੱਚ ਨਿਖੇਧੀ ਕਰ ਰਹੇ ਹਨ।**

ਜੇ ਕੋਈ ਕਵੀ ਚਾਹੇ ਤਾਂ ਵੀ ਅੱਜ ਪੰਜ ਦਰਿਆਵਾਂ 'ਤੇ ਗੀਤ ਨਹੀਂ ਲਿਖ ਸਕਦਾ। ਪੰਜਾਬ- ਹਰਿਆਣਾ ਦੀਆਂ ਸਰਕਾਰਾਂ ਕੁੱਝ ਵੀ ਆਖਦੀਆਂ ਹੋਣ ਪਰ ਇਨ੍ਹਾਂ ਦੋਹਾਂ ਸੂਬਿਆਂ ਦੀ ਕਣਕ ਸਿਰਫ਼ ਪੀਲੇ ਰਾਸ਼ਨ ਕਾਰਡਧਾਰੀਆਂ ਨੂੰ ਹੀ ਮਿਲਦੀ ਹੈ। ਕਿਉਂਕਿ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਇਹ ਕਣਕ ਹੁਣ ਰਿਜੇਕਟ ਹੋ ਚੁੱਕੀ ਹੈ। ਅੱਜ ਗਲੀਆਂ ਵਿੱਚ ਘੁੰਮਣ ਵਾਲੇ ਆਵਾਰਾ ਕੁੱਤੇ ਤੱਕ ਇਸ ਕਣਕ ਦੀਆਂ ਬਣੀਆਂ ਰੋਟੀਆਂ ਖਾਣੀਆਂ



ਛੱਡ ਚੁੱਕੇ ਹਨ। ਕੋਈ ਵੀ ਅਜ਼ਮਾ ਕੇ ਵੇਖ ਸਕਦਾ ਹੈ। ਛੱਤਾਂ ਉੱਤੇ ਪਰਿੰਦਿਆਂ ਨੂੰ ਪਾਈ ਜਾਣ ਵਾਲੀ ਰੋਟੀ ਸ਼ਾਮ ਤੱਕ ਪਈ-ਪਈ ਸੁੱਕ ਜਾਂਦੀ ਹੈ। **ਖੇਤਾਂ ਵਿੱਚ ਡਿੱਗੇ ਦਾਣੇ ਚੁਗ-ਚੁਗ ਪੰਛੀ ਲਗਾਤਾਰ ਮਰ ਰਹੇ ਹਨ। ਹੁਣ ਤਾਂ ਖੇਤਾਂ ਵਿੱਚ ਖੜ੍ਹੇ ਡਰਨੇ ਵੀ ਪੰਛੀਆਂ ਤੋਂ ਬਿਨਾਂ ਵੈਰਾਗ ਗਏ ਹਨ ਕਿਉਂਕਿ ਹੁਣ ਕੋਈ ਟਾਂਵਾ-ਟੱਲ੍ਹਾ ਪੰਛੀ ਵੀ ਡਰਨੇ ਦੇ ਸਿਰ ਦੀ ਥਾਂ ਰੱਖੀ ਤੌੜੀ 'ਤੇ ਠੂੰਗ ਨਹੀਂ ਮਾਰਦਾ।** ਮਿੱਟੀ ਅਤੇ ਪਾਣੀ 'ਚ ਵਧਦੇ ਜ਼ਹਿਰੀਲੇ ਤੱਤਾਂ ਕਾਰਨ ਬਹੁਤ ਸਾਰੇ ਦਰੱਖ਼ਤਾਂ ਨੂੰ ਵੀ ਫਲੀਆਂ ਲੱਗਣੀਆਂ ਬੰਦ ਹੋ ਚੁੱਕੀਆਂ ਹਨ, ਯਾਨੀ ਦਰੱਖ਼ਤ ਵੀ ਬਾਂਝ ਹੋ ਚੱਲੇ ਹਨ, ਪਤਾ ਨਹੀਂ ਆਪਾਂ ਕਦੋਂ ਤੱਕ ਚਾਰੇ ਪਾਸੇ ਸਹੇੜਦੇ ਜਾ ਰਹੇ ਉਜਾੜ ਨੂੰ ਵਿਕਾਸ ਕਹਿਣ ਦੀ ਗ਼ਲਤਫ਼ਹਿਮੀ ਪਾਲ਼ੀ ਰੱਖਾਂਗੇ?

ਪੰਜਾਬ ਦੇ ਕਿਸਾਨ ਦਾ ਮਾਣ-ਸਨਮਾਨ ਉਦੋਂ ਤੱਕ ਹੀ ਸੀ ਜਦੋਂ ਤੱਕ ਉਹ ਖ਼ੁਦ ਮਿਹਨਤੀ ਸੀ, ਧਰਤੀ ਦਾ ਪੁੱਤ ਕਹਾਉਂਦਾ ਸੀ। ਪਰ ਧਰਤੀ ਦੇ ਇਨ੍ਹਾਂ ਪੁੱਤਾਂ ਨੇ ਆਪਣੀ ਹੀ ਧਰਤੀ ਦੇ ਸਾਰੇ ਸਤ ਨਿਚੋੜ ਕੇ ਦਾਰੂ ਦੀਆਂ ਕੁਰਲੀਆਂ ਵਿੱਚ ਵਹਾ ਦਿੱਤੇ ਹਨ। ਹਰਮਨਪਿਆਰੀ ਧਰਤੀ ਨੂੰ ਵੀ ਰਸਾਇਣਕ ਖਾਦਾਂ ਪਿਆ-ਪਿਆ ਕੇ ਨਸ਼ੇੜੀ ਬਣਾ ਦਿੱਤਾ ਹੈ। ਵਿਚਾਰੀ ਇਹ ਨਸ਼ੇੜੀ ਧਰਤੀ ਵੀ ਕਦੋਂ ਤੱਕ ਅਤੇ ਕਿੱਥੋਂ ਤੱਕ ਸਾਡੇ ਜਿਹੇ ਗ਼ੈਰ-ਸ਼ੁਕਰਿਆਂ ਦਾ ਸਾਥ ਦੇਵੇਗੀ। ਇਸੇ ਕਰਕੇ ਇਨ੍ਹਾਂ ਧਰਤੀ ਪੁੱਤਰਾਂ ਦੀ ਲੜਾਈ ਵੀ ਹੁਣ ਕਿਰਾਏ ਦੇ ਸੈਨਿਕਾਂ 'ਤੇ ਨਿਰਭਰ ਹੋ ਚੁੱਕੀ ਹੈ। ਪ੍ਰਵਾਸੀ ਮਜ਼ਦੂਰਾਂ ਦੇ ਸਿਰ ਉੱਤੇ ਟਿਕੀ ਸਾਡੀ ਖੇਤੀ ਕਿੰਨੀ ਦੇਰ ਅਤੇ ਕਿੰਨੀ ਹੋਰ ਦੂਰ ਤੱਕ ਟਿਕ ਸਕੇਗੀ, ਇਹ ਸਭ ਸਿਰਫ਼ ਦਵਾਈਆਂ ਦੇ ਸਹਾਰੇ ਮਰੀਜ਼ ਸਾਂਭਣ ਵਾਲੇ ਮਾਡਰਨ ਖੇਤੀ ਦੇ ਸਾਡੇ ਯੋਜਨਾਕਾਰਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ। ਵਾਢੀ ਤੋਂ ਪਹਿਲਾਂ ਜਦੋਂ ਪ੍ਰਵਾਸੀ ਮਜ਼ਦੂਰ ਆਉਂਦੇ ਹਨ ਤਾਂ ਰੇਲਵੇ ਸਟੇਸ਼ਨਾਂ ਉੱਤੇ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ। ਚੰਗੇ-ਚੰਗੇ ਰਾਜਾ ਭੋਜ ਉਨ੍ਹਾਂ ਸਾਹਮਣੇ ਗੰਗੂ ਤੇਲੀਆਂ ਵਾਂਗ ਹੱਥ ਬੰਨ੍ਹੀ ਖਲੋਤੇ ਹੁੰਦੇ ਹਨ।

'ਹਰੇ ਇਨਕਲਾਬ' ਮਗਰੋਂ ਤਰੱਕੀ ਦੀ ਪਹਿਲੀ ਫੈਕਸ 1988 ਵਿੱਚ ਉਦੋਂ ਬਾਹਰ ਆਈ, ਜਦੋਂ ਕਰਜ਼ੇ ਵਿੱਚ ਡੁੱਬੇ ਪੰਜਾਬ ਦੇ ਪਹਿਲੇ ਕਿਸਾਨ ਨੇ ਖ਼ੁਦਕੁਸ਼ੀ ਕੀਤੀ। ਉਸੇ ਸਾਲ 15 ਹੋਰ ਆਤਮ ਹੱਤਿਆਵਾਂ ਹੋਈਆਂ। 1997 ਤੱਕ ਇਹ ਗਿਣਤੀ 400 ਤੱਕ ਪੁੱਜ ਗਈ ਅਤੇ ਸੰਨ 2006 ਤੱਕ ਇਹ ਗਿਣਤੀ 2118 ਹੋ ਗਈ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਇਹ ਅੰਕੜੇ ਸਰਕਾਰ ਚਲਾਉਣ ਵਾਲੇ ਉਨ੍ਹਾਂ ਨੇਤਾਵਾਂ ਦੇ ਦਿੱਤੇ ਹੋਏ ਹਨ, ਜਿਹੜੇ ਦਿਨ-ਰਾਤ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਬੈਠ ਕੇ ਦੇਸ਼ ਸੇਵਾ ਦੇ ਨਸ਼ੇ ਵਿੱਚ ਟੁੰਨ ਦਿਸਦੇ ਹਨ। ਚੋਣਾਂ ਦੇ ਸੀਜ਼ਨ ਵਿੱਚ ਦੇਸ਼ ਸੇਵਾ ਦੀ ਇਸੇ ਪਿਨਕ ਵਿੱਚੋਂ ਕਈ ਨੇਤਾਵਾਂ ਦੇ ਮੂੰਹ 'ਚੋਂ ਬੇ-ਆਬ ਹੁੰਦੇ ਪੰਜਾਬ ਨੂੰ ਪੈਰਿਸ ਬਣਾਉਣ ਦੀ ਝੱਗ ਵੀ ਨਿੱਕਲਣ ਲੱਗ ਪੈਂਦੀ ਹੈ। ਪੰਜਾਬ ਵਿੱਚ ਅੱਜ ਜਿਸ ਕਿਸਾਨ ਕੋਲ 10 ਏਕੜ ਜ਼ਮੀਨ ਹੈ, ਉਸਦੀ ਸਿਰਫ਼ ਦੋ ਵਕਤ ਦੀ ਰੋਟੀ ਹੀ ਚੱਲਦੀ ਹੈ। ਮਾਲਵੇ ਦੇ

ਕਈ ਜ਼ਿਲ੍ਹਿਆਂ ਵਿੱਚ ਅਜਿਹੀ ਤੰਗੀ ਕਾਰਨ ਬਹੁਤ ਸਾਰੇ ਘਰਾਂ ਵਿੱਚ ਕਈ-ਕਈ ਭਰਾਵਾਂ ਦੀ ਇੱਕੋ-ਇੱਕ ਪਤਨੀ ਹੈ ਤਾਂ ਜੋ ਔਲਾਦ ਵਧਣ ਦੇ ਕਾਰਣ ਜ਼ਮੀਨ ਦੀ ਵੰਡ ਨਾ ਹੋਵੇ। ਰਾਜਿੰਦਰ ਸਿੰਘ ਬੇਦੀ ਜਿਉਂਦੇ ਹੁੰਦੇ ਤਾਂ ਉਹ 'ਏਕ ਚਾਦਰ ਮੈਲੀ ਸੀ' ਦੀ ਥਾਂ 'ਏਕ ਧਰਤੀ ਮੈਲੀ ਸੀ' ਜ਼ਰੂਰ ਲਿਖਦੇ। ਪੰਜਾਬ ਦਾ 72 ਫ਼ੀ ਸਦੀ ਕਿਸਾਨ ਤੰਗਹਾਲੀ ਦਾ ਸ਼ਿਕਾਰ ਹੈ। ਅੰਕੜਿਆਂ ਦੇ ਹਿਸਾਬ ਨਾਲ ਸਿਰਫ਼ 28 ਫ਼ੀ ਸਦੀ ਕਿਸਾਨ ਹੀ ਕਾਮਯਾਬ ਕਿਸਾਨ ਹਨ। ਲਗਭਗ 12.12 ਲੱਖ ਕਿਸਾਨ ਪਰਿਵਾਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹਨ। ਪੰਜਾਬ ਦੇ ਕਿਸਾਨਾਂ ਉੱਪਰ 20 ਫ਼ੀ ਸਦੀ ਕਰਜ਼ਾ ਸਰਕਾਰੀ ਹੈ ਅਤੇ 80 ਫ਼ੀ ਸਦੀ ਕਰਜ਼ਾ ਪਠਾਣੀ ਮਹਾਜਨਾਂ ਦਾ ਹੈ। ਸਿਰਫ਼ ਪੰਜਾਬ ਦੇ ਕਿਸਾਨਾਂ ਉੱਪਰ ਹੀ 9,314 ਕਰੋੜ ਰੁਪਏ ਦਾ ਕਰਜ਼ਾ ਹੈ। **ਸਰਕਾਰੀ ਕਰਜ਼ੇ ਦਾ ਵਿਆਜ ਤਾਂ ਫੇਰ ਵੀ ਕਿਸੇ ਲਛਮਣ ਰੇਖਾ ਦੇ ਅੰਦਰ ਰਹਿੰਦਾ ਹੈ, ਲੇਕਿਨ ਆੜ੍ਹਤੀਆਂ ਦਾ ਅਤੇ ਨਵੀਂ ਕਿਸਮ ਦੇ ਫ਼ਾਈਨੈਂਸਰਾਂ ਦਾ ਵਿਆਜ ਤਾਂ ਜ਼ਬਰਦਸਤੀ ਪੱਥੇ ਗਏ ਬਿਜਲੀ ਦੇ ਨਵੇਂ ਮੀਟਰਾਂ ਦੀਆਂ ਯੂਨਿਟਾਂ ਵਾਂਗ ਚੱਲਦਾ ਹੈ।** ਪੇਂਡੂ ਕਰਜ਼ਦਾਰ ਹਾਲੇ ਵੀ ਮਹਾਜਨੀ ਪੰਜੇ ਵਿੱਚ ਫਸੇ ਹਨ। ਹਰਿਆਣਾ ਅਤੇ ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ 40 ਤੋਂ 60 ਫ਼ੀ ਸਦੀ ਹੈ। ਉਂਝ ਦੇਸ਼ ਦੇ 69 ਫ਼ੀ ਸਦੀ ਕਿਸਾਨਾਂ ਵਿੱਚੋਂ 50 ਫ਼ੀ ਸਦੀ ਕਿਸਾਨ ਕਰਜ਼ਾਈ ਹੋ ਚੁੱਕੇ ਹਨ। ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਕਿਸਾਨਾਂ ਲਈ ਕਿਸੇ ਸੁਚੱਜੀ ਨੀਤੀ ਦੀ ਥਾਂ ਸਰਕਾਰਾਂ ਕੋਲ ਹਰ ਸਾਲ ਦੇ ਬਜਟ ਵਿੱਚ ਕਿਸਾਨਾਂ ਦਾ ਜੀਵਨ ਉੱਚਾ ਚੁੱਕਣ ਲਈ ਸਿਰਫ਼ ਕਰਜ਼ੇ ਦਾ ਹੀ ਵਿਸ਼ੇਸ਼ ਪੈਕੇਜ ਹੁੰਦਾ ਹੈ।

ਪੰਜਾਬ ਵਿੱਚ ਕੁੱਲ ਖੇਤੀ ਯੋਗ ਭੂਮੀ 50 ਲੱਖ ਹੈਕਟੇਅਰ ਹੈ। ਪੂਰੇ ਦੇਸ਼ ਵਿੱਚ ਲਗਭਗ 16 ਲੱਖ ਟਰੈਕਟਰ ਹਨ, ਪਰ ਇਕੱਲੇ ਪੰਜਾਬ ਵਿੱਚ ਟਰੈਕਟਰਾਂ ਦੀ ਗਿਣਤੀ 5 ਲੱਖ ਤੋਂ ਉੱਪਰ ਹੈ। ਯਾਨੀ ਦੇਸ਼ ਦੀ ਕੁੱਲ ਧਰਤੀ ਦੇ 1.54 ਫ਼ੀ ਸਦੀ ਹਿੱਸੇ ਵਾਲੇ ਖੇਤਰ ਦਾ ਕਿਸਾਨ ਦੂਜੇ ਕਿਸਾਨਾਂ ਦੇ ਮੁਕ਼ਾਬਲੇ 24 ਗੁਣਾ ਜ਼ਿਆਦਾ ਸਮਰੱਥਾ ਵਾਲਾ ਕਿਸਾਨ ਹੈ। ਪੰਜਾਬ ਦੇ ਕਿਸਾਨ ਨੂੰ ਇਹੋ ਹਾਈ-ਫਾਈ ਹੋਣਾ ਮਹਿੰਗਾ ਪੈ ਰਿਹਾ ਹੈ। ਇਹ ਘਰ ਵਿੱਚ ਹਾਥੀ ਬੰਨ੍ਹਣ ਵਾਲੀ ਗੱਲ ਹੈ। ਉਸਦੇ ਉੱਪਰੋਂ ਅਕਲਮੰਦੀ ਦਾ ਝੰਡਾ ਇਹ ਕਿ ਉਸਨੇ 26 ਲੱਖ ਹੈਕਟੇਅਰ ਭੂਮੀ ਵਿੱਚ ਝੋਨੇ ਦੀ ਬਿਜਾਈ ਸ਼ੁਰੂ ਕਰ ਦਿੱਤੀ, ਜਿਸ ਕਾਰਨ ਹਰ ਸਾਲ 40 ਸੈਂਟੀਮੀਟਰ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਲੱਗ ਪਿਆ। ਪੰਜਾਬ ਦੀ ਖੇਤੀ 70 ਫ਼ੀ ਸਦੀ ਧਰਤੀ ਹੇਠਲੇ ਪਾਣੀ ਅਤੇ 30 ਫ਼ੀ ਸਦੀ ਨਹਿਰੀ ਪਾਣੀ 'ਤੇ ਨਿਰਭਰ ਕਰਦੀ ਹੈ। 1960 ਵਿੱਚ ਚੌਲਾਂ ਦੀ ਪੈਦਾਵਾਰ ਤਿੰਨ ਲੱਖ ਟਨ ਸੀ, ਲੇਕਿਨ 'ਹਰੇ ਇਨਕ਼ਲਾਬ' ਦੇ ਜੇਹਾਦੀ ਨਾਅਰੇ ਤੋਂ ਬਾਅਦ ਨਿੱਕਲੀ ਲਾਲਚੀ ਜੀਭ ਕਾਰਨ ਇਹ ਅੰਕੜਾ 143 ਲੱਖ ਟਨ ਤੱਕ ਪੁੱਜ ਗਿਆ। ਪੂਰੇ ਭਾਰਤ ਵਿੱਚ 4271 ਜਲਗਾਹਾਂ ਹਨ। ਉਨ੍ਹਾਂ ਵਿੱਚ ਪਾਣੀ ਦੀ ਦੁਰਵਰਤੋਂ ਵਾਲੇ ਖੇਤਰ 231 ਹਨ, ਜਿਨ੍ਹਾਂ ਵਿੱਚ 107 ਸਿਰਫ਼ ਪੰਜਾਬ ਅਤੇ ਹਰਿਆਣਾ ਵਿੱਚ ਹੀ ਹਨ। ਅੱਜ ਸਿਰਫ਼ ਪੰਜਾਬ ਵਿੱਚ ਹੀ 12,402 ਪਿੰਡਾਂ ਵਿੱਚੋਂ 11,859 ਪਿੰਡ ਪਾਣੀ ਦੀ ਤੰਗੀ ਝੱਲ ਰਹੇ ਹਨ। ਸ਼ੋਧਕਾਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਸਾਂ ਸਾਲਾਂ ਵਿੱਚ ਪਾਣੀ ਦਾ ਪੱਧਰ 160 ਫੁੱਟ ਹੋਰ ਹੇਠਾਂ ਜਾ ਸਕਦਾ ਹੈ।


ਪੰਜਾਬ ਵਿੱਚ ਕੁੱਲ ਜਲਗਾਹ ਖੇਤਰ 184 ਹਨ, ਜਿਨ੍ਹਾਂ ਵਿਚੋਂ 104 ਡਾਰਕ ਜ਼ੋਨਾਂ ਵਿੱਚ ਬਦਲ ਚੁੱਕੇ ਹਨ। ਹਰਿਆਣਾ-ਪੰਜਾਬ ਦੇ ਬਾਰਡਰਾਂ ਉੱਤੇ ਲੱਗੇ ਧੰਨਵਾਦੀ ਸਾਈਨ ਬੋਰਡ ਆਉਂਦੇ ਜਾਂਦੇ ਯਾਤਰੀਆਂ ਨੂੰ ਭਾਵੇਂ ਕੁੱਝ ਵੀ ਕਹਿਣ, ਦੋਵੇਂ ਪਾਸੇ ਬਣੇ ਢਾਬਿਆਂ 'ਤੇ ਬੈਠ ਪੰਜਾਬੀ ਅਤੇ ਹਰਿਆਣਵੀ ਬੇਸ਼ੱਕ ਇੱਕ ਦੂਜੇ ਦਾ ਕਿੰਨਾ ਵੀ ਮਖ਼ੌਲ ਉਡਾਉਣ, ਪਰ ਦੋਵੇਂ ਸੂਬਿਆਂ ਦੀ ਧਰਤੀ ਹੇਠਲਾ ਦੁੱਖ ਦੇਸ਼ ਦੇ ਬਾਕੀ ਦੁੱਖਾਂ ਦੀ ਤਰ੍ਹਾਂ ਸਾਂਝਾ ਹੀ ਹੈ। ਹਰਿਆਣਾ ਕੋਲ 108 ਜਲਗਾਹ ਖੇਤਰ ਹਨ ਜਿਨ੍ਹਾਂ ਵਿਚੋਂ 65 ਡਾਰਕ ਜ਼ੋਨ ਵਿੱਚ ਤਬਦੀਲ ਹੋ ਚੁੱਕੇ ਹਨ। ਹਰਿਆਣਾ ਵਿੱਚ ਸਿਰਫ਼ 37 ਫ਼ੀ ਸਦੀ ਪਾਣੀ ਹੀ ਮਿੱਠਾ ਬਚਿਆ ਹੈ, 55 ਫ਼ੀ ਸਦੀ ਪਾਣੀ ਖਾਰਾ ਹੋ ਚੱਲਿਆ ਹੈ। ਕੈਥਲ ਜ਼ਿਲ੍ਹੇ ਦੇ ਪਿੰਡ ਕੈਲਰਮ ਵਿਖੇ ਇੱਕ ਕਿਸਾਨ ਨੇ 850 ਫੁੱਟ ਡੂੰਘਾ ਸਬਮਰਸੀਬਲ ਲਗਵਾਇਆ ਹੈ ਜਦੋਂ ਕਿ 700 ਫੁੱਟ ਡੂੰਘੇ ਸਬਮਰਸੀਬਲ ਤਾਂ ਸੈਂਕੜੇ ਹੀ ਹਨ। ਪਰ ਵੇਖੋ! ਦੋਵੇਂ ਪਾਸੇ ਦੀਆਂ ਸਰਕਾਰਾਂ ਆਪਣੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰਨ ਦੀ ਬਜਾਏ ਕਮਲੀਆਂ ਤੀਵੀਆਂ ਵਾਂਗ ਲੜਨ ਵਿੱਚ ਮਸ਼ਗੂਲ ਹਨ। ਪੰਜਾਬ ਵਿੱਚ ਲਗਭਗ 10 ਲੱਖ 75 ਹਜ਼ਾਰ 162 ਸਬਮਰਸੀਬਲ ਅਤੇ ਹਰਿਆਣਾ ਵਿੱਚ ਲਗਭਗ 7 ਲੱਖ ਸਬਮਰਸੀਬਲ ਪਾਤਾਲ ਦਾ ਪਾਣੀ ਅੰਨ੍ਹੇਵਾਹ ਉਲੱਦ ਰਹੇ ਹਨ, ਬਿਨਾਂ ਇਹ ਸੋਚੇ ਕਿ ਪਤਾਲ ਤੱਕ ਪਾਣੀ ਪਹੁੰਚਣ ਲਈ ਢਾਈ ਲੱਖ ਵਰ੍ਹੇ ਲਗਦੇ ਹਨ ਉਹ ਵੀ ਤਾਂ ਜੇਕਰ ਆਪਾਂ ਟੋਭਿਆਂ, ਢਾਬਾਂ, ਸਰੋਵਰਾਂ ਵਿੱਚ ਮੀਂਹ ਦਾ ਪਾਣੀ ਰੋਕਾਂਗੇ। ਲੇਕਿਨ ਅਫ਼ਸੋਸ! ਦੋਵੇਂ ਪਾਸੇ ਕੁਰਸੀ ਦੀ ਛੂਣ-ਛਲੀਕਾ ਖ਼ਾਤਰ ਬਿਜਲੀ ਮੁਫ਼ਤ, ਪਾਣੀ ਮੁਫ਼ਤ ਜਿਹੀ ਮੂਰਖਤਾ ਭਰੀ ਖੇਡ ਖੇਡੀ ਜਾ ਰਹੀ ਹੈ। ਹੁਣ ਤਾਂ ਦੋਵੇਂ ਪਾਸੇ ਦੀਆਂ ਸਰਕਾਰਾਂ ਨੂੰ ਬਿਜਲੀ ਮੁਫ਼ਤ ਦੇ ਐਲਾਨ ਦੇ ਨਾਲ-ਨਾਲ ਇਹ ਵੀ ਦੱਸਣਾ ਪਵੇਗਾ ਕਿ ਉਹ ਬਿਜਲੀ ਲੋਕਾਂ, ਕਿਸਾਨਾਂ ਨੂੰ ਦੇਣਗੇ ਜਾਂ ਉਨ੍ਹਾਂ ਬਿਜਲੀ ਨਾਲ ਜਗਣ ਵਾਲੀਆਂ ਨਕਲੀ ਖਜੂਰਾਂ ਨੂੰ ਦੇਣਗੇ ਜਿਸਨੂੰ ਪਪੀਤੇ ਜਿੱਡੀ ਖਜੂਰ ਲਗਦੀ ਹੈ ਅਤੇ ਜਿਹੜੀਆਂ ਖਜੂਰਾਂ ਮੂਰਥਲ ਤੋਂ ਸ਼ੁਰੂ ਹੋ ਕੇ ਜੀ. ਟੀ. ਰੋਡ ਤੋਂ ਘੁੰਮ-ਘੁਮਾ ਕੇ ਸ਼ਹਿਰਾਂ ਦੇ ਅੰਦਰ-ਬਾਹਰ ਹੁੰਦੀਆਂ-ਹੋਈਆਂ ਵਾਹਗਾ ਬਾਰਡਰ ਤੱਕ ਜਾ ਪੁੱਜੀਆਂ ਹਨ।

ਪੰਜਾਬ-ਹਰਿਆਣਾ ਬੇਸ਼ੱਕ ਕਣਕ ਦੇ ਮਿਸਾਲੀ ਖੇਤਰ ਸਨ, ਲੇਕਿਨ 'ਹਰੇ ਇਨਕਲਾਬ' ਦੇ ਜੇਹਾਦੀ ਨਾਅਰੇ ਤੋਂ ਬਾਅਦ ਇੱਥੋਂ ਦੇ ਕਿਸਾਨਾਂ ਨੇ 'ਪ੍ਰੇਮ ਅਤੇ ਜੰਗ ਵਿੱਚ ਸਭ ਜਾਇਜ਼ ਹੈ' ਵਿੱਚੋਂ ਕੁਦਰਤ ਪ੍ਰਤੀ ਆਪਣਾ ਪ੍ਰੇਮ ਹਟਾ ਕੇ ਬਾਕ਼ੀ ਪਿਛਲੇ ਹਿੱਸੇ 'ਤੇ ਫੌਰੀ ਅਮਲ ਸ਼ੁਰੂ ਕਰ ਦਿੱਤਾ। ਇੱਕ ਕਿਲੋ ਚੌਲਾਂ ਦੀ ਪੈਦਾਵਾਰ ਲੈਣ ਲਈ 5000 ਘਣ ਲਿਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਸਾਡੇ ਨੇਤਾਵਾਂ, ਨੀਤੀ ਘਾੜਿਆਂ, ਯੋਜਨਾਕਾਰਾਂ ਅਤੇ ਖੇਤੀਬਾੜੀ ਕਾਲਜਾਂ ਵਿੱਚ ਬੈਠੇ ਯੂ. ਜੀ. ਸੀ. ਮਾਰਕਾ ਬੁੱਧੀਜੀਵੀਆਂ

ਨੂੰ ਇਹ ਨਹੀਂ ਅਹੁੜਿਆ ਕਿ ਜਦੋਂ ਮਾਮੂਲੀ ਨਲਕੇ ਲੱਗਣ ਨਾਲ ਖੂਹ ਸੁੱਕ ਗਏ, ਟਿਊਬਵੈਲ ਲੱਗਣ ਨਾਲ ਛੱਪੜ, ਤਾਲਾਬ, ਟੋਭੇ ਸੁੱਕ ਗਏ, ਹੁਣ ਦਿਨ ਰਾਤ ਪਾਤਾਲ ਦਾ ਪਾਣੀ ਉਲੱਦ ਰਹੇ ਲੱਖਾਂ ਸਬਮਰਸੀਬਲਾਂ ਜਿਹੀਆਂ ਧਰਤੀ ਨੂੰ ਚੰਬੜੀਆਂ ਜੋਕਾਂ ਤੋਂ ਬਾਅਦ ਕੀ ਹੋਵੇਗਾ? **ਧਰਤੀ ਪਰਮਾਤਮਾ ਦੀ ਸਭ ਤੋਂ ਵੱਡੀ ਮਿੱਟੀ ਦੀ ਗੋਲਕ ਹੈ, ਇਸ ਵਿੱਚ ਆਪਾਂ ਜੋ ਵੀ ਪਾਵਾਂਗੇ, ਉਹੀ ਵਾਪਸ ਕੱਢ ਸਕਾਂਗੇ। ਧਰਤੀ 'ਚੋਂ ਕੱਢ ਆਪਾਂ ਬਹੁਤ ਕੁੱਝ ਰਹੇ ਹਾਂ, ਪਰ ਸਿਵਾਏ ਪਾਲੀਥੀਨ, ਜ਼ਹਿਰੀਲੀਆਂ ਖਾਦਾਂ, ਸੀਮਿੰਟ ਆਦਿ ਤੋਂ ਇਲਾਵਾ ਪਾ ਕੁੱਝ ਵੀ ਨਹੀਂ ਰਹੇ।**

ਆਪਣੇ ਦੇਸ਼ ਦਾ ਕੋਈ ਵੀ ਧਰਮ ਸਥਾਨ ਤਾਲਾਬ, ਬੌੜੀ, ਸਰ, ਸਰੋਵਰ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਹੈ ਇੱਥੋਂ ਤੱਕ ਕਿ ਸ਼ਮਸ਼ਾਨ ਨਾਲ ਵੀ ਘਾਟ ਜ਼ਰੂਰੀ ਹੁੰਦਾ ਸੀ। ਲੇਕਿਨ ਇਨ੍ਹਾਂ ਸਾਰੇ ਪਵਿੱਤਰ ਅਸਥਾਨਾਂ ਨੂੰ ਸੰਸਥਾਵਾਂ ਵਿੱਚ ਬਦਲਣ ਵਾਲੇ ਆਗੂਆਂ ਨੂੰ ਲੱਗਿਆ ਕਿ ਇਨ੍ਹਾਂ ਦੀ ਹੁਣ ਕੀ ਲੋੜ ਹੈ! ਭਰੋ ਇਨ੍ਹਾਂ ਨੂੰ। ਦੁਕਾਨਾਂ ਕੱਢੋ .... ਦੁਕਾਨਾਂ ਤੋਂ ਬਾਅਦ ਫੇਰ ਦੁਕਾਨਦਾਰੀ ਦਾ ਅੰਤਹੀਣ ਸਿਲਸਿਲਾ ਜਾਰੀ ਰਹਿੰਦਾ ਹੈ। ਦੁਕਾਨਦਾਰੀ 'ਚੋਂ 'ਦਾਰ' (ਫਾਂਸੀ ਦਾ ਫੰਦਾ) ਸ਼ਬਦ ਦਾ ਸਹਾਰਾ ਲੈ ਕੇ ਸ਼ਰਧਾ ਅਤੇ ਆਸਥਾ ਫਾਂਸੀ 'ਤੇ ਝੂਲ ਜਾਂਦੀਆਂ ਹਨ ਅਤੇ ਬਚੀ ਦੁਕਾਨ ਭਰਪੂਰ ਪ੍ਰਫੁੱਲਤ ਹੋਣ ਲੱਗ ਪੈਂਦੀ ਹੈ। ਅੱਜ ਹਰ ਚੀਜ਼ 'ਤੇ ਕਬਜ਼ੇ ਦੀ ਇਸੇ ਪ੍ਰਵਿਰਤੀ ਨੂੰ ਧਾਰਮਿਕ ਕੰਮਾਂ ਦਾ ਮਿਆਰ ਮੰਨਿਆ ਜਾਣ ਲੱਗ ਪਿਆ ਹੈ। ਕੁਦਰਤੀ ਜਲ ਸੋਮਿਆਂ ਨੂੰ ਉਜਾੜਨ ਅਤੇ ਧਾਰਮਿਕ ਸਥਾਨਾਂ ਨਾਲ ਜੁੜੇ ਪੁਰਾਣੇ ਸਰੋਵਰਾਂ ਨੂੰ ਉਜਾੜਨ ਜਾਂ ਸਵਿਮਿੰਗ ਪੂਲਾਂ ਵਿੱਚ ਬਦਲਣ ਦੇ ਸਭ ਤੋਂ ਵੱਧ ਕਸੂਰਵਾਰ ਧਾਰਮਿਕ ਆਗੂ ਹੀ ਹਨ। ਧਾਰਮਿਕ ਇਮਾਰਤਾਂ ਨਾਲ ਜੁੜੇ ਜ਼ਿਆਦਾਤਰ ਸਰੋਵਰ ਮੀਂਹਾਂ ਦਾ ਪਾਣੀ ਰੋਕਣ ਦੀ ਬਜਾਏ ਟਿਊਬਵੈੱਲਾਂ ਨਾਲ ਹੀ ਭਰੇ ਜਾ ਰਹੇ ਹਨ। ਅੱਜ ਇਨ੍ਹਾਂ ਆਗੂਆਂ ਨੂੰ ਜੇਕਰ ਗ਼ੌਰ ਨਾਲ ਸੁਣਿਆ ਜਾਵੇ ਤਾਂ ਉਨ੍ਹਾਂ ਦੇ ਪ੍ਰਵਚਨਾਂ ਵਿੱਚ ਕੁਦਰਤ ਪ੍ਰਤੀ ਸ਼ਰਧਾ ਦੇ ਇਤਰ ਦਾ ਕੋਈ ਛਿੱਟਾ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਰੱਬੀ ਜਜ਼ਬੇ ਦੀ ਖ਼ੁਸ਼ਬੂ ਹੁੰਦੀ ਹੈ, ਯਾਨੀ ਪੰਜ ਤੱਤਾਂ ਦਾ ਕੋਈ ਜ਼ਿਕਰ ਉਨ੍ਹਾਂ ਦੇ ਪ੍ਰਵਚਨਾਂ ਵਿੱਚ ਨਹੀਂ ਹੁੰਦਾ। ਇੱਕ ਗ਼ੈਰ-ਸਰਕਾਰੀ ਸਰਵੇ ਦੇ ਮੁਤਾਬਿਕ਼ ਦੇਸ਼ ਭਰ ਵਿੱਚ ਧਾਰਮਿਕ ਪ੍ਰੋਗਰਾਮਾਂ 'ਤੇ ਖ਼ਰਚ ਹੋਣ ਵਾਲੇ ਸਾਲਾਨਾ ਧਨ ਨਾਲ ਦੁਨੀਆ ਦੇ ਲਗਭਗ 40 ਦੇਸ਼ਾਂ ਦਾ ਗੁਜ਼ਾਰਾ ਹੋ ਸਕਦਾ ਹੈ। **ਅੱਜ ਕੋਈ ਸੰਤ-ਮਹੰਤ, ਮੌਲਵੀ, ਪਾਦਰੀ ਜਾਂ ਕਿਸੇ ਵੀ ਫ਼ਿਰਕੇ ਦਾ ਧਾਰਮਿਕ ਆਗੂ ਇਹ ਨਹੀਂ ਕਹਿੰਦਾ ਕਿ ਅਸੀਂ ਸਿਰਫ਼ ਦਰੱਖ਼ਤ ਲਾਵਾਂਗੇ, ਜਾਂ ਅਸੀਂ ਸਿਰਫ਼ ਪੁਰਾਣੇ ਸਰੋਵਰਾਂ ਨੂੰ, ਪੁਰਾਣੇ ਟੋਭਿਆਂ ਨੂੰ ਸੋਹਣੀਆਂ ਝੀਲਾਂ ਵਿੱਚ ਬਦਲਾਂਗੇ, ਜਾਂ ਅਸੀਂ ਆਪਣੀ ਮਿੱਟੀ, ਪਸ਼ੂ, ਪਰਿੰਦੇ ਬਚਾਉਣ ਦੀ ਮੁਹਿੰਮ ਚਲਾਵਾਂਗੇ ਜਾਂ ਅਸੀਂ ਸਾਰੇ ਮਿਲ ਕੇ ਰੱਬ ਦੀਆਂ ਨਿਆਮਤਾਂ ਬਚਾਵਾਂਗੇ।** ਪਾਖੰਡੀ ਦੁਆਵਾਂ ਦਾ ਆਸ਼ੀਰਵਾਦ ਵੰਡਦੇ ਇਨ੍ਹਾਂ ਅਖੌਤੀ ਆਗੂਆਂ ਨੂੰ ਆਪਣੇ ਲਈ ਨੇਤਾਵਾਂ ਦੇ ਆਸ਼ੀਰਵਾਦ ਦੀ ਤਾਂਘ ਹਮੇਸ਼ਾ ਰਹਿੰਦੀ ਹੈ। ਉਂਝ ਜੇਕਰ ਸੋਚਿਆ ਜਾਵੇ





ਜਿਹੜੇ ਲੋਕ ਰੱਬੀ ਦਾਤਾਂ (ਮਾਸਖੋਰ ਭਲਿਓ ਲੋਕੋ! ਪਸ਼ੂ ਵੀ ਰੱਬੀ ਦਾਤਾਂ ਦਾ ਹੀ ਹਿੱਸਾ ਹਨ) ਬਚਾਉਣ ਲਈ ਕੋਈ ਉਪਰਾਲਾ ਨਹੀਂ ਕਰਦੇ ਉਹ ਧਾਰਮਿਕ ਵੀ ਕਿੱਦਾਂ ਹੋ ਸਕਦੇ ਹਨ?

ਹਰ ਸਾਲ ਸਿਰਫ਼ ਪੰਜਾਬ 159 ਲੱਖ ਟਨ ਪਰਾਲੀ ਫੂਕਦਾ ਹੈ। ਜਿਸ ਨਾਲ 233 ਲੱਖ ਟਨ ਕਾਰਬਨ ਡਾਇਆਕਸਾਈਡ ਅਤੇ ਦੂਜੇ ਸਸਪੈਂਡਿਡ ਤੱਤਾਂ ਦੀ ਮਾਤਰਾ ਵਧਦੀ ਹੈ। ਪਰਾਲ਼ੀ ਸਾੜਨ ਦੇ ਨਾਲ ਹਰ ਸਾਲ ਦੋ ਇੰਚ ਮਿੱਟੀ ਦੀ ਪਰਤ ਸੜ ਕੇ ਸੁਆਹ ਹੋ ਜਾਂਦੀ ਹੈ ਜਿਹੜੀ ਫੇਰ ਕਿਸੇ ਕੰਮ ਦੀ ਨਹੀਂ ਰਹਿੰਦੀ। ਪਰਾਲ਼ੀ ਫੂਕਣ ਨਾਲ ਪੰਜਾਬ ਅਤੇ ਹਰਿਆਣਾ ਵਿੱਚ 98 ਫ਼ੀ ਸਦੀ ਮਿੱਟੀ ਦਾ ਆਰਗੈਨਿਕ ਕਾਰਬਨ ਘਟ ਚੁੱਕਾ ਹੈ। ਇਸੇ ਪਰਾਲੀ ਤੋਂ ਜੈਵਿਕ ਖਾਦ ਬਣਾਈ ਜਾ ਸਕਦੀ ਹੈ। ਜੇਕਰ ਪਰਾਲ਼ੀ ਦੀ

ਮਾਤਰਾ ਫੇਰ ਵੀ ਜ਼ਿਆਦਾ ਹੋਵੇ ਤਾਂ ਉਸਨੂੰ ਉਨ੍ਹਾਂ ਸੂਬਿਆਂ ਵਿੱਚ ਭੇਜਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚ ਡੰਗਰਾਂ ਲਈ ਚਾਰਾ ਘੱਟ ਹੁੰਦਾ ਹੈ। ਲੇਕਿਨ ਇਹ ਸਭ ਕਰਨ ਲਈ ਮਨ ਦਾ ਵੀ ਜੈਵਿਕ ਹੋਣਾ ਜ਼ਰੂਰੀ ਹੁੰਦਾ ਹੈ, 'ਸਰਬੱਤ ਦਾ ਭਲਾ' ਚਾਹੁਣ ਵਾਲੇ ਆਗੂ ਵੀ ਹੋਣੇ ਚਾਹੀਦੇ ਹਨ। ਫ਼ਿਲਹਾਲ ਤਾਂ ਸਿਰਫ਼ ਕਾਰਾਂ, ਸਕੂਟਰਾਂ ਉੱਤੇ ਹੀ ਵੀਹ ਰੁਪਏ ਦਾ ਸਟਿੱਕਰ ਚਿਪਕਾ ਕੇ ਜਾਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਹੀ ਵਾਤਾਵਰਣ ਬਚਾਉਣ ਦੇ ਸਾਰੇ ਕਾਨੂੰਨੀ ਫ਼ਰਜ਼ ਨਿਭਾ ਦਿੱਤੇ ਜਾਂਦੇ ਹਨ।

ਦੋਵੇਂ ਸੂਬਿਆਂ ਵਿੱਚ ਮਿੱਟੀ ਦੇ ਸੈਂਪਲ ਲਗਾਤਾਰ ਫੇਲ੍ਹ ਹੋ ਰਹੇ ਹਨ। ਸੈਂਪਲ ਚੈੱਕ ਕਰਨ ਵਾਲੇ ਅਧਿਕਾਰੀ ਹਾਲਾਂਕਿ ਸਰਕਾਰੀ ਹੁੰਦੇ ਹਨ, ਲੇਕਿਨ ਫੇਰ ਵੀ ਆਪਣੇ ਬਚੇ ਖੁਚੇ ਸੰਸਕਾਰਾਂ ਕਾਰਨ ਕੁੱਝ ਅਧਿਕਾਰੀ 5 ਵਜੇ ਤੋਂ ਬਾਅਦ ਆਪਣਾ ਈਮਾਨ ਬਚਾਉਣ ਲਈ ਸੱਚ ਬੋਲ ਹੀ ਦਿੰਦੇ ਹਨ। ਇਸ ਤੋਂ ਵੱਡਾ ਅਫ਼ਸੋਸ ਕੀ ਹੋਵੇਗਾ ਕਿ ਉੱਚ ਸਿੱਖਿਆ ਪ੍ਰਾਪਤ ਉੱਚ ਅਧਿਕਾਰੀ ਸਿਰਫ਼ ਰਿਟਾਇਰਮੈਂਟ ਤੋਂ ਬਾਅਦ ਹੀ ਸੱਚ ਬੋਲਦੇ ਹਨ, ਉਹ ਵੀ ਕੋਈ ਟਾਵਾਂ ਟੱਲਾ। ਉਹ ਅਖ਼ਬਾਰਾਂ ਵਿੱਚ ਛਪਣ ਵਾਲੀਆਂ ਰਿਪੋਰਟਾਂ ਦੇ ਪਿੱਛੇ ਦਾ ਸੱਚ ਵੀ ਦੱਸ ਹੀ ਦਿੰਦੇ ਹਨ। ਉਨ੍ਹਾਂ ਅਨੁਸਾਰ ਮਿੱਟੀ ਦੀ ਕਵਾਲਿਟੀ ਹਰ ਸਾਲ ਪਰਾਲੀ ਸਾੜਨ ਕਾਰਣ, ਕੀਟਨਾਸ਼ਕਾਂ ਦੇ ਜਾਹਿਲਾਨਾ ਇਸਤੇਮਾਲ ਦੇ ਕਾਰਨ, ਅੰਨ੍ਹੇਵਾਹ ਫ਼ਸਲਾਂ ਬੀਜਣ ਦੇ ਲਾਲਚ ਅਤੇ ਰਸਾਇਣਕ ਖਾਦਾਂ ਦੇ ਇਸਤੇਮਾਲ ਕਾਰਨ, ਖ਼ਤਮ ਹੋ ਰਹੀ ਹੈ ਅਤੇ ਮਿੱਟੀ ਦੇ ਦੋਸਤ ਜੀਵ ਵੀ ਲਗਾਤਾਰ ਮਰ ਰਹੇ ਹਨ। ਹਰਿਆਣਾ-ਪੰਜਾਬ ਦੀ 2 ਹੈਕਟੇਅਰ ਧਰਤੀ ਹਰ ਸਾਲ ਬੰਜਰ ਹੋ ਰਹੀ ਹੈ। ਬਠਿੰਡਾ ਜ਼ਿਲ੍ਹੇ ਦੇ ਕਾਫ਼ੀ ਪਿੰਡ ਬੀਆਬਾਨਾਂ ਵਿੱਚ ਬਦਲ ਚੱਲੇ ਹਨ। ਰੋਪੜ, ਪਟਿਆਲਾ ਅਤੇ ਬਠਿੰਡਾ ਜ਼ਿਲ੍ਹੇ ਵਿੱਚ ਲੋਕਾਂ ਦੇ ਖ਼ੂਨ ਵਿੱਚ ਪਾਏ ਜਾਣ ਵਾਲੇ ਪੈਸਟੀਸਾਈਡਾਂ ਦੇ ਤੱਤ ਖ਼ਤਰਨਾਕ ਹੱਦ ਪਾਰ ਕਰ ਚੁੱਕੇ ਹਨ। ਬਠਿੰਡਾ ਦੇ ਤਲਵੰਡੀ ਸਾਬੋ ਵਿਖੇ ਇੱਕ ਲੱਖ ਲੋਕਾਂ ਪਿੱਛੇ ਕੈਂਸਰ ਪੀੜਤਾਂ ਦੀ ਗਿਣਤੀ 110 ਤੱਕ ਪੁੱਜ ਗਈ ਹੈ। ਫਤਿਹਾਬਾਦ ਜ਼ਿਲ੍ਹੇ ਦਾ ਪਿੰਡ ਮੱਲੇਵਾਲ ਵਿਕਾਊ ਪਿੰਡ ਦਾ ਬੋਰਡ ਲਾਉਣ ਵਾਲਾ ਸਭ ਤੋਂ ਤਾਜ਼ਾ ਪਿੰਡ ਹੈ। ਉੱਥੋਂ ਦੇ ਹਰ ਵਸਨੀਕ ਦੇ ਖ਼ੂਨ ਵਿੱਚ ਡੀ. ਡੀ. ਟੀ. ਅਤੇ ਹੋਰ ਕਈ ਤਰ੍ਹਾਂ ਦੇ ਪੈਸਟੀਸਾਈਡ ਘੁਲ ਚੁੱਕੇ ਹਨ, ਜਿਨ੍ਹਾਂ ਕਰਕੇ ਭਿਆਨਕ ਬੀਮਾਰੀਆਂ ਜਨਮ ਲੈ ਰਹੀਆਂ ਹਨ। **ਇਹ ਸਭ ਆਉਣ ਵਾਲੇ ਭਿਆਨਕ ਖ਼ਤਰਿਆਂ ਦੀਆਂ ਘੰਟੀਆਂ ਹਨ, ਜਿਹੜੀਆਂ ਸਾਨੂੰ ਧਾਰਮਿਕ ਇਮਾਰਤਾਂ ਉੱਤੇ ਲੱਗੇ ਲਾਊਡਸਪੀਕਰਾਂ ਦੇ ਰੌਲੇ ਕਾਰਨ ਸੁਣਾਈ ਨਹੀਂ ਦਿੰਦੀਆਂ।** ਆਕਾਸ਼ ਪੁੱਤਰੀ ਕਲਪਨਾ ਚਾਵਲਾ ਨੇ ਆਪਣੀ ਆਖ਼ਰੀ ਗੱਲਬਾਤ ਵਿੱਚ ਕਿਹਾ ਸੀ,"ਸਾਨੂੰ ਕੁਦਰਤ ਦੀਆਂ ਆਵਾਜ਼ਾਂ ਨੂੰ ਸੁਣਨਾ, ਸਮਝਣਾ ਅਤੇ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਆਪਣੀ ਇਸ ਨਾਜ਼ੁਕ ਧਰਤੀ ਦੀ ਦੇਖਭਾਲ ਕਰਨੀ ਚਾਹੀਦੀ ਹੈ।"

ਆਪਣੇ ਦੇਸ਼ ਵਿੱਚ ਅੰਨ ਨੂੰ ਬ੍ਰਹਮ ਕਿਹਾ ਗਿਆ, ਕਿਉਂਕਿ ਉਸ ਤੋਂ ਹੀ ਜੀਵਨ ਮਿਲਦਾ ਹੈ। ਦੇਸ਼ ਵਿੱਚ ਕੁਦਰਤ ਵਿੱਚ ਦਿਸਦੀ ਹਰੇਕ ਚੀਜ਼ ਵਿੱਚ ਪਰਮਾਤਮਾ ਦੀ



ਝਲਕ ਲੱਭਣ ਦੀ ਪ੍ਰਵਿਰਤੀ ਲੱਖਾਂ ਸਾਲਾਂ ਤੋਂ ਚਲਦੀ ਆ ਰਹੀ ਹੈ। ਜਿਸ ਦੇਸ਼ ਵਿੱਚ ਨਦੀ ਜਾਂ ਸਰੋਵਰਾਂ ਵਿੱਚ ਵੀ ਇਸ਼ਨਾਨ ਤੋਂ ਪਹਿਲਾਂ ਹੱਥ ਜੋੜ ਕੇ ਨਮਸਕਾਰ ਕਰਨ ਜਿਹੀਆਂ ਨਿਰਮਲ ਰੀਤਾਂ ਰਹੀਆਂ ਹੋਣ ਉਸ ਦੇਸ਼ ਵਿੱਚ ਕੁੱਝ ਔਝੜ ਬੜਿੰਗ 'ਰੈਡੀਕਲਾਂ' ਦੀਆਂ ਗੱਲਾਂ ਕਿਉਂ ਮੰਨੀਆਂ ਜਾਣ ਕਿ ਪਾਣੀ ਤਾਂ ਸਿਰਫ਼ ਪਾਣੀ ਹੀ ਹੈ, ਪਾਣੀ ਤਾਂ ਸਿਰਫ਼ ਐਚ. ਟੂ. ਓ. ਹੀ ਹੈ। ਕਿੱਥੇ ਹੈ ਪਰਮਾਤਮਾ? ਜੇਕਰ ਅਜਿਹੇ ਤਰਕ ਹੀ ਆਉਣ ਵਾਲੇ ਅਖੌਤੀ ਪ੍ਰਗਤੀਸ਼ੀਲ ਸਮਾਜ ਦੀ ਨੀਹਾਂ ਦੀ ਹਨੇਰਗਰਦੀ ਹਨ ਤਾਂ ਫੇਰ ਸਾਹ ਕੀ ਹੈ?, ਹਵਾ ਹੀ ਹੈ, ਹਵਾ ਕੀ ਹੈ? ਗੈਸਾਂ ਤੋਂ ਇਲਾਵਾ ਸ਼ਾਇਦ ਕੁੱਝ ਵੀ ਨਹੀਂ। ਕੱਢੋ ਅਤੇ ਛੱਡੋ ਫੇਰ ਸਾਹ! ਜੀ ਨਹੀਂ, ਇਸ ਭਾਵ-ਪ੍ਰਧਾਨ ਦੇਸ਼ ਵਿੱਚ ਪੂਰੇ ਜਗਤ ਨੂੰ ਸਚੇਤਨ ਮੰਨਿਆ ਗਿਆ, ਜਿੱਥੋਂ ਤੱਕ ਵੀ ਕੁੱਝ ਦਿਖਾਈ ਦਿੰਦਾ ਹੈ, ਬੱਸ ਉਹੀ ਅੰਤ ਨਹੀਂ, ਉਸਦੇ ਅੰਦਰ ਹੋਰ ਵੀ ਬਹੁਤ ਕੁੱਝ ਗਹਿਰਾ ਹੈ। ਪੰਜ ਤੱਤ ਉਨ੍ਹਾਂ ਗਹਿਰਾਈਆਂ ਦੇ ਹੀ ਸੱਚ ਹਨ। ਇੱਥੇ ਸਿਰਫ਼ ਨੌਕਰੀਆਂ ਲਈ ਕੀਤੀਆਂ ਡਿਗਰੀਆਂ ਦਾ 'ੳ, ਅ' ਬੇ-ਅਰਥ ਹੋ ਜਾਂਦਾ ਹੈ। ਇਸ ਲਈ ਦੂਜੀਆਂ ਸਭਿਅਤਾਵਾਂ ਉੱਤੇ ਲਗਾਤਾਰ ਕਲਸਟਰ ਬੰਬਾਂ ਨਾਲ ਹਮਲੇ ਕਰਨ ਵਾਲੇ, ਦੂਜੇ ਮੁਲਕਾਂ ਦੀਆਂ ਜ਼ਮੀਨਾਂ ਲਈ ਬੰਜਰੀ ਬੀਅ ਅਤੇ ਦਰੱਖ਼ਤ ਭੇਜਣ ਵਾਲੇ, ਦੂਜਿਆਂ ਦੀ ਧਰਤੀ ਦੀ ਉਪਜਾਊ ਤਾਕਤ ਨੂੰ ਫੂਕਣ ਵਾਲੇ ਪੈਸਟੀਸਾਈਡ ਭੇਜ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਗ਼ੁਲਾਮ ਬਣਾਉਣ ਵਾਲੇ, ਦੂਜਿਆਂ ਦਾ ਤੇਲ, ਦਰੱਖ਼ਤ, ਵਨਸਪਤੀ, ਪਾਣੀ ਅਤੇ ਜੀਵਨ ਦੇ ਗੂੜ੍ਹ ਰਹਿਸ ਹੜਪਣ (ਪੇਟੈਂਟ) ਵਾਲੇ ਜਦੋਂ ਦੂਜੇ ਗ੍ਰਹਿਆਂ ਉੱਤੇ ਵੀ ਜਾਂਦੇ ਹਨ ਤਾਂ ਉੱਥੇ ਵੀ ਧਰਤੀ 'ਤੇ ਕੀਤੇ ਆਪਣੇ ਪਾਪਾਂ ਤੋਂ ਡਰ ਦੇ ਕਾਰਨ ਹੀ ਸਭ ਤੋਂ ਪਹਿਲਾਂ ਪਾਣੀ ਹੀ ਲੱਭਦੇ ਹਨ। ਇਸ ਲਈ ਸਾਨੂੰ 'ਵਿਸ਼ਵ ਵਪਾਰ ਸੰਗਠਨ' ਅਤੇ ਆਈ. ਐਮ. ਐਫ. ਜਿਹੇ 'ਗਜ਼ਨਵੀਆਂ' ਦੀ ਪਰਵਾਹ ਕੀਤੇ ਬਗ਼ੈਰ ਆਪਣੀ ਸੰਸਕ੍ਰਿਤੀ, ਪ੍ਰੰਪਰਾਵਾਂ ਅਤੇ ਮਹਾਨ ਸੰਤ ਦਰਸ਼ਨ ਤੋਂ ਪ੍ਰੇਰਨਾ ਲੈ ਕੇ ਆਪਣੇ ਵਾਤਾਵਰਣ ਨੂੰ ਸੰਭਾਲਣ ਵਿੱਚ ਫੌਰੀ ਜੁਟ ਜਾਣਾ ਚਾਹੀਦਾ ਹੈ। ਜ਼ਰਾ ਯਾਦ ਕਰੋ ਆਪਣੇ ਦੇਸੀ ਤਰੀਕਿਆਂ ਦਾ ਉਹ ਭਰੋਸਾ ਜਿਨ੍ਹਾਂ ਨੂੰ ਅਪਣਾ ਕੇ ਆਪਣੇ ਪੁਰਖਿਆਂ ਨੇ ਆਜ਼ਾਦੀ ਦੀ 'ਕੂਕ' ਮਾਰੀ ਸੀ। ਭਾਵੇਂ ਉਹ ਦੂਜੇ ਵਿਸ਼ਵ ਯੁੱਧ ਦਾ ਸਮਾਂ ਸੀ ਪਰ ਆਜ਼ਾਦੀ ਦਾ ਸਾਰਾ ਦੇਸੀ ਜਜ਼ਬਾ, ਦੇਸ਼ ਦੇ ਹਰ ਹਿੱਸੇ ਦੀਆਂ ਵੱਖੋ-ਵੱਖਰੀਆਂ ਆਵਾਜ਼ਾਂ ਦੇ ਬਾਵਜੂਦ ਕਿੰਦਾਂ ਹਰੇਕ ਭਾਰਤੀ ਦੇ ਦਿਲ ਵਿੱਚ 'ਸੁਦੇਸ਼' ਬਣ ਧੜਕਿਆ ਸੀ।

**ਸਾਨੂੰ ਸਭਨਾਂ ਨੂੰ ਹੁਣ ਫੇਰ ਉਸ ਧਰਤੀ ਨੂੰ ਯਾਦ ਕਰਨਾ ਪਵੇਗਾ ਜਿਸ ਉੱਪਰ ਪੂਰਾ ਜੀਵਨ ਭੋਗ ਕੇ ਵੀ ਅਸੀਂ ਯਾਦ ਨਹੀਂ ਕਰਦੇ। ਅਸੀਂ ਸਿਰਫ਼ ਆਪਣੇ ਬਣਾਏ ਤੰਤਰ ਨੂੰ ਹੀ ਪਰਜਾਤੰਤਰ ਮੰਨ ਬੈਠੇ ਹਾਂ। ਸ਼ਾਇਦ ਇਹ ਠੀਕ ਨਹੀਂ।** ਪਰਮਪਿਤਾ ਪਰਮੇਸ਼ਰ ਨੇ ਇਸ ਧਰਤੀ ਉੱਤੇ ਸਿਰਫ਼ ਆਦਮੀ ਨੂੰ ਹੀ ਪੈਦਾ ਨਹੀਂ ਕੀਤਾ। ਉਸਨੇ ਪਸ਼ੂ, ਪੰਛੀ, ਕੀਟ, ਪਤੰਗੇ, ਦਰੱਖ਼ਤ ਅਤੇ ਬੂਟਿਆਂ ਨੂੰ ਵੀ ਪੈਦਾ ਕੀਤਾ ਹੈ।

ਇਹ ਸਭ ਮਿਲਕੇ ਹੀ ਤਾਂ ਪਰਜਾ ਕਹਾਉਂਦੇ ਹਨ। ਇਸੇ ਲਈ ਉਸ ਪਰਮੇਸ਼ਵਰ ਦਾ ਇੱਕ ਨਾਂ ਪਰਜਾਪਤੀ ਵੀ ਹੈ।

ਪਸ਼ੂ, ਪੰਛੀ, ਕੀਟ, ਪਤੰਗੇ, ਦਰੱਖ਼ਤ ਅਤੇ ਬੂਟੇ ਸਾਡੇ ਵਾਂਗ ਕੋਈ ਵਿਧਾਨ ਨਹੀਂ ਰਚਦੇ। ਉਹ ਸੁਭਾਅ ਤੋਂ ਹੀ ਸੰਸਾਰ ਦੇ ਹੱਕ ਵਿੱਚ ਅਣਲਿਖਤ ਮਰਿਆਦਾ ਦੀ ਪਾਲਣਾ ਕਰਦੇ ਹਨ। ਆਦਮੀ ਤੋਂ ਇਲਾਵਾ ਕੋਈ ਵੀ ਕੁਦਰਤ ਦੇ ਖ਼ਿਲਾਫ਼ ਜੰਗ ਲੜਦਾ ਨਹੀਂ ਦਿਸਦਾ। ਨਿੱਕੀ ਜਿਹੀ ਚਿੜੀ ਵੀ ਆਪਣੀ ਚੁੰਝ ਨਾਲ ਸਿਰਫ਼ ਇੱਕ ਦਾਣਾ ਹੀ ਚੁਗਦੀ ਹੈ, ਇਸ ਤੋਂ ਜ਼ਿਆਦਾ ਨਹੀਂ। ਇਸੇ ਕਰਕੇ ਕਿਤੇ ਵੀ ਇਨ੍ਹਾਂ ਲਈ ਮਾਲਗੋਦਾਮਾਂ ਦੀ ਜ਼ਰੂਰਤ ਨਹੀਂ ਹੁੰਦੀ। ਹਿੰਸਕ ਪਸ਼ੂ ਪਤਾ ਨਹੀਂ ਕਦੋਂ ਤੋਂ ਸ਼ਿਕਾਰ ਕਰਦੇ ਆ ਰਹੇ ਹਨ, ਪਰ ਕਿਤੇ ਵੀ ਜਾਨਵਰਾਂ ਦੀ ਗਿਣਤੀ ਘੱਟ ਨਹੀਂ ਹੋਈ। ਲੇਕਿਨ ਆਦਮੀ ਦੀ ਸ਼ਿਕਾਰੀ ਪ੍ਰਵਿਰਤੀ ਅਤੇ ਸਿਰਫ਼ ਮਾਸਖ਼ੋਰੀ ਲਈ ਬਣੀਆਂ ਕਹਾਣੀਆਂ ਦੇ ਹਵਾਲਿਆਂ ਕਾਰਨ, ਅੱਜ ਪੂਰੀ ਧਰਤੀ ਦੇ ਜੀਵਾਂ 'ਤੇ ਖ਼ਤਰਾ ਮੰਡਰਾਉਣ ਲੱਗ ਪਿਆ ਹੈ। ਅੱਜ ਆਪਣੇ ਦੇਸ਼ ਵਿੱਚ ਹੀ ਲਗਭਗ 45 ਕਰੋੜ ਲੋਕ ਡੰਗਰਖੋਰ ਹੋ ਚੁੱਕੇ ਹਨ। ਦੇਸ਼ ਵਿੱਚ ਲਗਭਗ 10 ਲੱਖ ਬੁੱਚੜਖਾਨੇ ਹਨ ਜਿਨ੍ਹਾਂ ਵਿੱਚ 11 ਕਰੋੜ 30 ਲੱਖ ਨਿੱਕੇ ਵੱਡੇ ਪਸ਼ੂ ਅਤੇ 20 ਕਰੋੜ ਪਰਿੰਦੇ ਹਰ ਸਾਲ ਵੱਢੇ ਟੁੱਕੇ ਜਾਂਦੇ ਹਨ। ਹਰਿਆਲੀ ਦਾ ਨਾਸ਼ ਕਰਕੇ, ਪਸ਼ੂਆਂ ਨੂੰ ਮਾਰ ਕੇ, ਡਕਾਰ ਕੇ ਅਤੇ ਉਨ੍ਹਾਂ ਦੇ ਖ਼ੂਨ ਦਾ ਚਿੱਕੜ ਬਣਾ ਕੇ ਹੀ ਜੇਕਰ ਸਵਰਗ ਜਾਣ ਦਾ ਰਸਤਾ ਹੈ, ਤਾਂ ਫੇਰ ਨਰਕ ਜਾਣ ਦਾ ਸਾਧਨ ਕਿਹੜਾ ਹੈ? ਧਰਤੀ 'ਤੇ ਆਪਣੀ ਬੇ-ਮਾਅਨੀ ਸੁਰੱਖਿਆ ਦੇ ਉਪਾਅ ਲੱਭਣ ਦੀ ਹੜਬੜੀ ਵਿੱਚ ਆਪਾਂ ਸਭਨਾਂ ਨੇ ਆਪਣੇ ਪੰਜਾਂ ਤੱਤਾਂ 'ਚੋਂ ਚਾਰ ਵਿਗਾੜ ਲਏ ਹਨ। ਇਸੇ ਕਰਕੇ ਪੰਜਵਾਂ ਤੱਤ 'ਅੱਗ' ਭਾਰੂ ਹੋ ਚੱਲਿਆ ਹੈ। ਅੱਜ ਅੰਤਰਰਾਸ਼ਟਰੀ ਸੰਮੇਲਨਾਂ ਵਿੱਚ ਚਰਚਾ ਦਾ ਵਿਸ਼ਾ 'ਧਰਤੀ ਦਾ ਵਧਦਾ ਬੁਖ਼ਾਰ' ਹੀ ਹੈ ਅਤੇ ਇਸ ਬੁਖ਼ਾਰ ਦਾ ਇਲਾਜ ਆਪਣੇ ਰਿੱਗਵੇਦ ਅਤੇ ਮਹਾਨ ਸੰਤ ਦਰਸ਼ਨ ਨਾਲ ਹੀ ਸੰਭਵ ਦਿਸਦਾ ਹੈ। **ਇਨ੍ਹਾਂ ਪੰਜਾਂ ਤੱਤਾਂ ਨੂੰ ਬਚਾਉਣ ਦਾ ਕੰਮ ਸਰਕਾਰੀ ਤੰਤਰਾਂ, ਸਰਕਾਰੀ ਨੀਤੀਆਂ ਜਾਂ ਨੇਤਾਵਾਂ ਦੇ ਹੱਥਾਂ ਵਿੱਚ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਸਾਡੇ ਰਾਜਰੋਗੀਆਂ ਦੀਆਂ ਗਰਦਨਾਂ ਵਿੱਚ WTO ਦਾ ਸਰਵਾਈਕਲ (cervical) ਪੂਰੀ ਤਰ੍ਹਾਂ ਬੈਠ ਚੁੱਕਾ ਹੈ ਅਤੇ ਇਹ ਸਰਵਾਈਕਲ ਵਿਕਾਸ ਦੇ ਨਾਂਅ 'ਤੇ ਪਤਾ ਨਹੀਂ ਕਿੰਨੇ ਕੁ ਲੋਕਾਂ ਦੀਆਂ ਗਰਦਨਾਂ ਲਈ ਗਿਲੋਟੀਨ ਸਾਬਤ ਹੋਵੇਗਾ।** ਹਰਸੂਦ, ਟੀਹਰੀ ਜਿਹੇ ਉਦਾਹਰਣ ਅਜਿਹੇ ਹੀ ਵਿਕਾਸ ਦੇ ਫ਼ਤਵਈ ਕੋੜਿਆਂ ਦੀ ਤਾਜ਼ੀ ਮਿਸਾਲ ਹਨ। ਇਨ੍ਹਾਂ ਫ਼ਤਵਿਆਂ ਵਿੱਚ ਕਿਸੇ ਮਾਨਵੀ ਸੰਵੇਦਨਾ ਦੀ ਕੋਈ ਝਲਕ ਨਹੀਂ ਦਿਸਦੀ। 25 ਹਜ਼ਾਰ ਦੀ ਆਬਾਦੀ ਵਾਲਾ ਚਾਰ ਸੌ ਸਾਲ ਪੁਰਾਣਾ ਹਰਸੂਦ ਸ਼ਹਿਰ ਸਰਕਾਰ ਵੱਲੋਂ ਤਾਰੀਖ਼ ਤੈਅ ਕਰਕੇ ਯਾਨੀ 30 ਜੂਨ ਨੂੰ ਉਜਾੜ ਦਿੱਤਾ ਗਿਆ।

ਅੱਜ ਸਾਡੇ ਨੇਤਾ ਕਿਸੇ ਵੀ ਪਿੰਡ 'ਚ ਮਾਮੂਲੀ 'ਟਾਇਲਟ' ਬਣਾਉਣ ਲਈ ਵੀ ਵਿਸ਼ਵ ਬੈਂਕ ਤੋਂ ਹੀ ਪੈਸਾ ਮੰਗਦੇ ਹਨ। 58 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ



ਜੇਕਰ 'ਟਾਇਲਟ' ਵਾਸਤੇ ਪੈਸਾ 'ਵਿਸ਼ਵ ਬੈਂਕ' ਤੋਂ ਹੀ ਮੰਗਿਆ ਜਾ ਰਿਹਾ ਹੋਵੇ ਤਾਂ ਦੇਸ਼ ਚਲਾਉਣ ਵਾਲੇ ਆਗੂਆਂ 'ਤੇ ਕਿੱਦਾਂ ਅਤੇ ਕਿੰਨਾ ਕੁ ਭਰੋਸਾ ਕੀਤਾ ਜਾ ਸਕਦਾ ਹੈ ਕਿ ਉਹ ਦੇਸ਼ ਦੇ ਹਜ਼ਾਰਾਂ ਸਾਲਾਂ ਤੋਂ ਚੱਲੇ ਆ ਰਹੇ ਸੁਭਾਅ ਅਨੁਸਾਰ ਦੇਸ਼ ਚਲਾਉਣ ਦੇ ਹਮਾਇਤੀ ਹੋਣਗੇ? ਅੱਜ ਅਸੀਂ ਵੇਖ ਰਹੇ ਹਾਂ ਕਿ ਕਿਸੇ ਵੀ ਸਿਆਸੀ ਵਿਚਾਰਧਾਰਾ ਦੀ ਕਬਜ਼ ਨੂੰ ਸੱਤਾ ਦੇ ਸੁਆਦ ਦੀ ਮਾਮੂਲੀ ਈਸਬਗੋਲ ਹੀ ਖੋਲ੍ਹ ਸੁੱਟਦੀ ਹੈ। ਉਂਝ ਵੀ ਇਹ ਦੌਰ ਗ਼ਜ਼ਬ ਦੀ ਸਿਆਸੀ ਸਰਵਸੰਮਤੀ ਦਾ ਦੌਰ ਹੈ। ਮੁਲਕ ਦੀ ਤਬਾਹੀ ਵਾਲੇ ਸਭ ਵਿਚਾਰਾਂ ਵਿੱਚ ਸਭ ਪਾਰਟੀਆਂ ਦੀ ਸਰਵਸੰਮਤੀ ਦਿਸਦੀ ਹੈ। ਇਸ ਸਿਆਸੀ ਦੌਰ ਦੀ ਸਭ ਤੋਂ ਕਮਾਲ ਸਹਿਮਤੀ ਇਹ ਹੈ ਕਿ ਇਹ ਦੌਰ ਭਰੇ ਹੋਏ ਗੱਲੇ ਅਤੇ ਉਸ ਗੱਲੇ ਨੂੰ ਖੋਹਣ ਵਾਲਿਆਂ ਦੇ ਏਕੇ ਦਾ ਦੌਰ ਹੈ। ਅੱਜ ਦੇਸ਼ ਦੀ ਧਰਤੀ ਅਤੇ ਦੇਸ਼ ਦੇ ਪ੍ਰਾਣੀ ਦਾ ਮੁੱਲ ਲੱਗ ਚੁੱਕਾ ਹੈ। 'ਨਦੀਆਂ ਜੋੜੋ' ਯੋਜਨਾ ਉਸੇ ਦੀ ਸ਼ੁਰੂਆਤ ਹੈ। ਵਿਸ਼ਵ ਵਪਾਰ ਸੰਗਠਨ ਜਿਹੇ 'ਵਲੀ ਕੰਧਾਰੀ' ਸਾਨੂੰ ਫੇਰ ਅੱਜ ਪਿਆਸੇ ਮਾਰਨਾ ਚਾਹੁੰਦੇ ਹਨ।

ਅੱਜ ਜਿਸ ਤਰ੍ਹਾਂ ਦੇ ਲੋਕਤੰਤਰ ਵਿੱਚ ਆਪਾਂ ਸਭ ਸਹਿਕ ਰਹੇ ਹਾਂ ਉਸਦੀ ਉਦਾਹਰਣ ਮੈਂ ਮਹਾਨ ਸਾਹਿਤਕਾਰ ਸ਼ਰਤਚੰਦਰ ਦੇ ਇੱਕ ਨਾਵਲ 'ਪਾਥੇਰ ਦਾਬੀ' 'ਚੋਂ ਦੇਣਾ ਚਾਹੁੰਦਾ ਹਾਂ। 'ਇੱਕ ਗਾਂ ਕਿੱਲ੍ਹੇ ਨਾਲ ਬੰਨ੍ਹੀ ਹੋਈ ਹੈ, ਉਸਨੂੰ ਦੂਰ ਹਰਿਆਲੀ ਦਿਸਦੀ ਹੈ, ਗਾਂ ਬੰਨ੍ਹੀ ਹੋਣ ਕਰਕੇ ਉੱਥੋਂ ਤੱਕ ਪਹੁੰਚ ਨਹੀਂ ਸਕਦੀ। ਉਹ ਰੰਭਦੀ ਹੈ। ਉਸਨੂੰ ਬੰਨ੍ਹਣ ਵਾਲਾ ਉਸਦੀ ਰੱਸੀ ਗਿੱਠ ਕੁ ਢਿੱਲੀ ਕਰ ਦਿੰਦਾ ਹੈ, ਗਾਂ ਫੇਰ ਜ਼ੋਰ ਲਗਾਉਂਦੀ ਹੈ। ਰੱਸੀ ਥੋੜ੍ਹੀ ਹੋਰ ਢਿੱਲੀ ਕਰ ਦਿੱਤੀ ਜਾਂਦੀ ਹੈ, ਹਰਾ-ਹਰਾ ਘਾਹ ਮੂੰਹ ਤੱਕ ਆ ਵੀ ਜਾਂਦਾ ਹੈ, ਪਰ ਖੁੱਲ੍ਹ ਕੇ ਚਰਨ ਵਾਲਾ ਮਨ ਨਹੀਂ ਭਰਦਾ। ਰੱਸੀ ਥੋੜ੍ਹੀ ਹੋਰ ਢਿੱਲੀ ਕਰ ਦਿੱਤੀ ਜਾਂਦੀ ਹੈ ....।' ਬੱਸ ਇਹੋ ਅੱਜ ਆਪਣੀ ਸਭ ਦੀ ਆਜ਼ਾਦੀ ਦਾ ਅਰਥ ਹੈ। ਲੋਕਤੰਤਰ ਦੀ ਛਾਂ ਇੰਨੀ ਡਰਾਉਣੀ ਨਹੀਂ ਹੁੰਦੀ, ਜਿੰਨੀ ਆਪਣੇ ਆਗੂਆਂ ਨੇ ਬਣਾ ਦਿੱਤੀ ਹੈ। **ਇਸ ਲਈ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਬਚਾਉਣ ਦੀ ਖ਼ਾਤਿਰ ਆਪਾਂ ਸਭ ਨੂੰ ਅਤੇ ਸਾਡੇ ਧਾਰਮਿਕ ਆਗੂਆਂ ਨੂੰ ਮਿੱਟੀ, ਜੰਗਲ, ਜੀਵ, ਦਰੱਖ਼ਤਾਂ ਅਤੇ ਪਾਣੀ ਬਚਾਉਣ ਦਾ ਸਾਰਾ ਕੰਮ ਆਪਣੇ ਹੱਥਾਂ ਵਿੱਚ ਲੈਣਾ ਪਵੇਗਾ, ਇਨ੍ਹਾਂ ਧਾਰਮਿਕ ਆਗੂਆਂ ਨੂੰ ਆਪਣੀਆਂ ਸੰਗਤਾਂ ਨੂੰ ਪੰਜ ਤੱਤਾਂ ਨੂੰ ਬਚਾਉਣ ਦਾ ਕੰਨ੍ਹਾਂ ਦੀ ਬਜਾਏ 'ਐਲਾਨੀਆ' ਨਾਮ ਦਾਨ ਦੇਣਾ ਪਵੇਗਾ। ਆਪਣੇ ਹੀ ਦੇਸ਼ ਵਿੱਚ ਕਸ਼ਮੀਰੀ ਸ਼ਰਣਾਰਥੀਆਂ ਵਾਂਗ ਉਜਾੜੇ ਤਾਲਾਬਾਂ ਦੀ ਮੁੜ ਵਸੋਂ ਲਈ 'ਕਾਰ ਸੇਵਾ' ਕਰਨੀ ਪਵੇਗੀ,** ਉਨ੍ਹਾਂ ਨੂੰ ਸੋਹਣੀਆਂ ਝੀਲਾਂ ਵਿੱਚ ਬਦਲ ਕੇ ਆਪਣਾ ਆਸ-ਪਾਸ ਪਰਮਾਤਮਾ ਦੇ ਦਸਤਖ਼ਤਾਂ ਦੀ ਤਰ੍ਹਾਂ ਵੇਖਣ ਦੀ ਆਦਤ ਬਣਾਉਣੀ ਪਵੇਗੀ। ਧਰਤੀ ਨੂੰ ਸਿਰਫ਼ ਮਹਿੰਗੇ ਪਲਾਟਾਂ ਦੀ ਸ਼ਕਲ ਵਿੱਚ ਦੇਖਣਾ ਬੰਦ ਕਰਨਾ ਪਵੇਗਾ। ਦਰੱਖ਼ਤਾਂ ਨੂੰ ਸਰਕਾਰੀ ਕਰਮਚਾਰੀਆਂ ਦੇ ਪੱਕੇ ਮਿੱਤਰ ਠੇਕੇਦਾਰਾਂ ਦੀਆਂ ਅੱਖਾਂ ਨਾਲ ਦੇਖਣਾ ਬੰਦ ਕਰਨਾ ਪਵੇਗਾ। ਆਪਣੇ ਪਸ਼ੂਆਂ ਦੀ ਉਹ ਤਕਲੀਫ਼

ਮਹਿਸੂਸ ਕਰਨੀ ਪਵੇਗੀ, ਜਿਹੜੀ ਕਿਸੇ ਬੁਗਦੇ (ਪਸ਼ੂ ਵੱਢਣ ਵਾਲਾ ਇੱਕ ਹਥਿਆਰ) ਜਾਂ ਆੱਟੋਮੈਟਿਕ ਆਰੇ ਹੇਠ ਵੱਢੇ ਜਾਣ ਸਮੇਂ ਉਨ੍ਹਾਂ ਨੂੰ ਹੁੰਦੀ ਹੋਵੇਗੀ। **ਸੰਸਾਰ ਤਾਂ ਪੰਜ ਤੱਤਾਂ ਦਾ ਹੀ ਹੈ। ਕੁਦਰਤ ਵੱਲ ਪਿੱਠ ਮੋੜਨ ਦਾ ਮਤਲਬ ਹੈ 'ਧਰਮਨਿਰਪੱਖ' ਹੋਣਾ। ਬੇਹੂਦੀ 'ਧਰਮਨਿਰਪੱਖਤਾ' ਦੇ ਕਾਰਨ ਹੀ ਅੱਜ ਆਪਾਂ ਆਪਣੀ ਅੰਦਰਲੀ ਟੁੱਟ-ਫੁੱਟ ਦੇ ਨਾਲ-ਨਾਲ ਘਰ, ਗਲੀ, ਮੁਹੱਲੇ, ਸ਼ਹਿਰ ਤੋਂ ਕਟਦੇ-ਕਟਦੇ ਦੇਸ਼ਨਿਰਪੱਖ ਹੋ ਚੁੱਕੇ ਹਾਂ। ਅਜਿਹੀ ਧਰਮਨਿਰਪੱਖਤਾ ਦੇ ਕਾਰਨ ਹੀ 'ਬਨਾਉਟੀ ਸੇਵਾ' ਦਾ 'ਪੈਸਟੀਸਾਈਡ' ਤੱਕ ਸਾਡੇ ਧਰਮਾਂ ਦੀਆਂ ਜੜ੍ਹਾਂ 'ਚ ਪਾਇਆ ਜਾ ਰਿਹਾ ਹੈ।** ਅਜਿਹੇ 'ਧਰਮਨਿਰਪੱਖ' ਹੋ ਕੇ, 'ਓ ਭਾਈ ਸਾਬ੍ਹ! ਛੱਡੋ ਵੀ ਆਪਾਂ ਕੀ ਲੈਣਾ', "ਯਾਰ! ਮੇਰੇ ਕੋਲ ਟਾਈਮ ਨਹੀਂ" ਜਿਹੇ ਮੁਹਾਵਰਿਆਂ ਦੇ ਸਹਾਰਿਆਂ ਨਾਲ ਸਭਿਅਤਾਵਾਂ ਦੇ ਵਿਕਾਸ ਮੀਨਾਰ ਜ਼ਿਆਦਾ ਦੇਰ ਤੱਕ ਟਿਕਾਏ ਨਹੀਂ ਜਾ ਸਕਦੇ। **ਕਿਉਂਕਿ ਕੋਈ ਵੀ ਸਮਾਜ ਮਾਨਸਿਕ ਤੌਰ 'ਤੇ ਦੀਵਾਲੀਆ ਹੋ ਕੇ ਨਹੀਂ ਜੀਅ ਸਕਦਾ। ਉਸ ਨੂੰ ਆਪਣੇ ਲੋਕਾਂ, ਆਪਣੇ ਪਸ਼ੂਆਂ, ਆਪਣੀ ਜ਼ਮੀਨ, ਆਪਣੇ ਦਰੱਖ਼ਤ, ਬੂਟਿਆਂ, ਆਪਣੇ ਟੋਭਿਆਂ, ਢਾਬਾਂ, ਛੱਪੜਾਂ, ਤਾਲਾਬਾਂ, ਆਪਣੇ ਖੇਤਾਂ ਲਈ ਕੋਈ ਨਾ ਕੋਈ ਵਿਵਸਥਾ ਬਣਾਉਣੀ ਹੀ ਪੈਂਦੀ ਹੈ, ਜਿਹੜੀ ਪ੍ਰੰਪਰਾਵਾਂ ਦੀ ਅੱਗ ਵਿੱਚੋਂ ਨਿੱਤਰ ਕੇ ਕੁੰਦਨ ਵੀ ਹੋਈ ਹੋਵੇ ਅਤੇ ਪਰਿਵਰਤਨਸ਼ੀਲ ਸਮੇਂ ਦੇ ਚੱਕੇ 'ਤੇ ਖਰੀ ਵੀ ਉੱਤਰ ਸਕੇ।** ਮਹਾਤਮਾ ਗਾਂਧੀ ਕਿਹਾ ਕਰਦੇ ਸਨ,"ਆਉਣ ਵਾਲੀਆਂ ਨਸਲਾਂ ਦੇ ਹਿੱਤਾਂ ਬਾਰੇ ਸੋਚੇ ਸਮਝੇ ਬਿਨਾਂ ਧਰਤੀ ਨੂੰ ਖ਼ਾਤਮੇ ਦੇ ਕੰਢੇ 'ਤੇ ਪਹੁੰਚਾ ਦੇਣਾ ਵੀ ਸ਼ਰੇਆਮ ਹਿੰਸਾ ਦਾ ਹੀ ਪ੍ਰਦਰਸ਼ਨ ਹੈ।" ਬੇਸ਼ੱਕ ਸੰਸਾਰ ਦੀਆਂ ਸਾਰੀਆਂ ਕਿਤਾਬਾਂ ਵਿੱਚ ਹਮੇਸ਼ਾ ਇਹੋ ਪੜ੍ਹਾਇਆ ਜਾਂਦਾ ਹੈ ਕਿ ਸਭਿਅਤਾਵਾਂ ਦਾ ਵਿਕਾਸ ਹਮੇਸ਼ਾ ਮਿੱਠੇ ਜਲ ਸੋਮਿਆਂ ਦੇ ਕੰਢਿਆਂ ਉੱਤੇ ਹੀ ਹੋਇਆ। ਜੇਕਰ ਅੱਜ ਅਸੀਂ ਚਾਰੋ ਪਾਸੇ ਨਜ਼ਰ ਮਾਰ ਕੇ ਵੇਖੀਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਦਾ ਵਿਕਾਸ ਕਿਹੜੇ ਜਲ ਸੋਮਿਆਂ ਦੇ ਕੰਢਿਆਂ 'ਤੇ ਹੋਵੇਗਾ? ਇਹ ਗੱਲ ਤਾਂ ਹੁਣ ਪੁਰਾਣੀ ਹੋ ਚੁੱਕੀ ਹੈ ਜਦੋਂ ਅਸੀਂ ਜੰਗਲਾਂ, ਨਦੀਆਂ ਦੇ 'ਵਾਰਿਸ' ਸੀ, ਅੱਜ ਤਾਂ ਅਸੀਂ ਸਿਰਫ਼ 'ਬੀਆਬਾਨਾਂ ਦੇ 'ਸ਼ਾਹ' ਹੀ ਦਿਸਦੇ ਹਾਂ।

ਸੁਰਿੰਦਰ ਬਾਂਸਲ
ਜਯੰਤੀ ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ,
18 ਅਪ੍ਰੈਲ, 2006




# ਵੱਟ ਦੇ ਕੰਢੇ ਰੱਖਿਆ ਇਤਿਹਾਸ

"ਚੰਗੇ-ਚੰਗੇ ਕੰਮ ਕਰਦੇ ਜਾਣਾ", ਰਾਜੇ ਨੇ ਕੂੜਨ ਕਿਸਾਨ ਨੂੰ ਕਿਹਾ ਸੀ। ਕੂੜਨ, ਬੁਢਾਨ, ਸਰਮਨ ਅਤੇ ਕੌਂਰਾਈ ਚਾਰ ਭਰਾ ਸਨ। ਚਾਰੋਂ ਸਵੇਰੇ-ਸੁਵਖਤੇ ਉੱਠ ਕੇ ਆਪਣੇ ਖੇਤਾਂ ਵਿੱਚ ਕੰਮ ਕਰਨ ਜਾਂਦੇ। ਦੁਪਹਿਰ ਨੂੰ ਕੂੜਨ ਦੀ ਧੀ ਪੋਟਲੀ ਵਿੱਚ ਰੋਟੀ ਲੈ ਕੇ ਆਉਂਦੀ।

ਇੱਕ ਦਿਨ ਘਰ ਤੋਂ ਖੇਤ ਜਾਂਦੇ ਸਮੇਂ ਧੀ ਦੀ ਇੱਕ ਨੁਕੀਲੇ ਪੱਥਰ ਨਾਲ ਠੋਕਰ ਵੱਜ ਗਈ। ਉਸਨੂੰ ਬੇਹੱਦ ਗ਼ੁੱਸਾ ਆਇਆ। ਉਸਨੇ ਆਪਣੀ ਦਾਤੀ ਨਾਲ ਉਸ ਪੱਥਰ ਨੂੰ ਪੁੱਟਣ ਦੀ ਕੋਸ਼ਿਸ਼ ਕੀਤੀ, ਪਰ ਇਹ ਕੀ, ਉਸਦੀ ਦਾਤੀ ਪੱਥਰ 'ਤੇ ਲੱਗਦੇ ਹੀ ਲੋਹੇ ਤੋਂ ਸੋਨੇ ਵਿੱਚ ਬਦਲ ਗਈ ਅਤੇ ਫੇਰ ਇਸ ਕਿੱਸੇ ਦੀਆਂ ਘਟਨਾਵਾਂ ਬੜੀ ਤੇਜ਼ੀ ਨਾਲ ਬਦਲਦੀਆਂ ਜਾਂਦੀਆਂ ਹਨ। ਪੱਥਰ ਚੁੱਕ ਕੇ ਕੁੜੀ ਭੱਜੋ-ਭੱਜ ਖੇਤ ਵਿੱਚ ਆਉਂਦੀ ਹੈ। ਆਪਣੇ ਪਿਤਾ ਅਤੇ ਚਾਚਿਆਂ ਨੂੰ ਸਾਰੀ ਘਟਨਾ ਇੱਕੋ ਸਾਹੇ ਦੱਸ ਦਿੰਦੀ ਹੈ। ਚਾਰੇ ਭਰਾਵਾਂ ਦਾ ਹੇਠਲਾ ਸਾਹ ਹੇਠਾਂ ਅਤੇ ਉੱਪਰਲਾ ਸਾਹ ਉੱਪਰ ਰਹਿ ਜਾਂਦਾ ਹੈ। ਉਹ ਫਟਾ-ਫਟ ਘਰ ਪਹੁੰਚਦੇ ਹਨ। ਉਨ੍ਹਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਉਨ੍ਹਾਂ ਕੋਲ ਕੋਈ ਸਾਧਾਰਨ ਪੱਥਰ ਨਹੀਂ, ਸਗੋਂ ਪਾਰਸ ਹੈ। ਉਹ ਲੋਹੇ ਦੀ ਜਿਹੜੀ ਚੀਜ਼ ਨੂੰ ਵੀ ਛੁਹਾਉਂਦੇ, ਉਹ ਸੋਨੇ ਦੀ ਬਣ ਕੇ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਭਰ ਦਿੰਦੀ।

ਅੱਖਾਂ ਦੀ ਇਹ ਚਮਕ ਜ਼ਿਆਦਾ ਦੇਰ ਨਾ ਰਹਿ ਸਕੀ, ਕਿਉਂਕਿ ਕੂੜਨ ਨੂੰ ਲਗਦਾ ਸੀ ਕਿ ਦੇਰ-ਸਵੇਰ ਇਹ ਗੱਲ ਰਾਜੇ ਤੱਕ ਪਹੁੰਚ ਹੀ ਜਾਣੀ ਹੈ ਅਤੇ ਉਦੋਂ ਇਹ ਪਾਰਸ ਲੈ ਲਿਆ ਜਾਏਗਾ। ਕੀ ਇਹ ਚੰਗਾ ਨਹੀਂ ਰਹੇਗਾ ਕਿ ਉਹ ਖ਼ੁਦ ਹੀ ਰਾਜੇ ਨੂੰ ਸਭ ਕੁੱਝ ਦੱਸ ਦੇਵੇ!



ਤਾਲਾਬਦੇਕੇਂਦਰ ਵਿੱਚ ਲੱਗਾ ਇੱਕ ਥੰਮ੍ਹ

**ਇਹ ਕਹਾਣੀ ਸੱਚੀ ਹੈ ਜਾਂ ਇਤਿਹਾਸਕ ਹੈ-ਪਤਾ ਨਹੀਂ। ਪਰ ਆਪਣੇ ਦੇਸ਼ ਦੇ ਮੱਧ-ਭਾਗ ਦੇ ਇੱਕ ਬਹੁਤ ਵੱਡੇ ਹਿੱਸੇ ਵਿੱਚ ਇਹ ਇਤਿਹਾਸ ਨੂੰ ਅੰਗੂਠਾ ਵਿਖਾਉਂਦੀ ਹੋਈ, ਲੋਕਾਂ ਦੇ ਮਨਾਂ ਵਿੱਚ ਰਚੀ ਅਤੇ ਜਜ਼ਬ ਹੋਈ ਹੋਈ ਹੈ।**

ਕਿੱਸਾ ਅੱਗੇ ਵਧਦਾ ਹੈ। ਫੇਰ ਜਿਹੜੀ ਵੀ ਘਟਨਾ ਵਾਪਰਦੀ ਹੈ, ਉਹ ਲੋਹੇ ਨੂੰ ਨਹੀਂ, ਸਗੋਂ ਸਾਰੇ ਸਮਾਜ ਨੂੰ ਹੀ ਪਾਰਸ ਛੁਹਾਉਣ ਦਾ ਕਿੱਸਾ ਬਣ ਜਾਂਦੀ ਹੈ।

ਰਾਜਾ ਨਾ ਪਾਰਸ ਲੈਂਦਾ ਹੈ, ਨਾ ਸੋਨਾ। ਸਭ ਕੁੱਝ ਕੂੜਨ ਨੂੰ ਵਾਪਸ ਦਿੰਦਿਆਂ ਕਹਿੰਦਾ ਹੈ,'ਜਾਓ ਇਸਦੇ ਨਾਲ ਚੰਗੇ-ਚੰਗੇ ਕੰਮ ਕਰਦੇ ਜਾਓ, ਤਾਲਾਬ ਬਣਾਉਂਦੇ ਜਾਓ।'

ਇਹ ਕਹਾਣੀ ਸੱਚੀ ਹੈ ਜਾਂ ਇਤਿਹਾਸਕ ਹੈ-ਪਤਾ ਨਹੀਂ। ਪਰ ਆਪਣੇ ਦੇਸ਼ ਦੇ ਮੱਧ-ਭਾਗ ਦੇ ਇੱਕ ਬਹੁਤ ਵੱਡੇ ਹਿੱਸੇ ਵਿੱਚ ਇਹ ਇਤਿਹਾਸ ਨੂੰ ਅੰਗੂਠਾ ਵਿਖਾਉਂਦੀ ਹੋਈ, ਲੋਕਾਂ ਦੇ ਮਨਾਂ ਵਿੱਚ ਰਚੀ ਅਤੇ ਜਜ਼ਬ ਹੋਈ ਹੋਈ ਹੈ। ਇੱਥੋਂ ਦੇ ਹੀ ਪਾਟਨ ਨਾਂ ਦੇ ਖੇਤਰ ਵਿੱਚ ਚਾਰ ਬਹੁਤ ਵੱਡੇ ਤਾਲਾਬ ਅੱਜ ਵੀ ਮੌਜੂਦ ਹਨ ਅਤੇ ਇਸ ਕਹਾਣੀ ਨੂੰ ਇਤਿਹਾਸ ਦੀ ਕਸੌਟੀ ਉੱਤੇ ਕਸਣ ਵਾਲਿਆਂ ਨੂੰ ਸ਼ਰਮਿੰਦਾ ਕਰਦੇ ਹਨ। ਚਾਰੇ ਤਾਲਾਬ ਇਨ੍ਹਾਂ ਚਾਰਾਂ ਭਰਾਵਾਂ ਦੇ ਨਾਂ ਉੱਤੇ ਹੀ ਹਨ। ਬੁਢਾਗਰ ਵਿੱਚ ਬੁਢਾ ਸਾਗਰ, ਮਝਗਵਾਂ ਵਿੱਚ ਸਰਮਨ ਸਾਗਰ, ਕੁਆਂਗਰਾਮ ਵਿੱਚ ਕੌਂਰਾਈ ਸਾਗਰ ਅਤੇ ਕੁੰਡਮ ਵਿੱਚ ਕੁੰਡਮ ਸਾਗਰ ਹੈ। ਸੰਨ 1907 ਦੇ ਗਜ਼ਟੀਅਰ ਦੇ ਹਵਾਲੇ ਨਾਲ ਦੇਸ਼ ਦਾ ਇਤਿਹਾਸ ਲਿਖਣ ਲਈ ਘੁੰਮ ਰਹੇ ਅੰਗਰੇਜ਼ ਨੇ ਵੀ ਇਸ ਇਲਾਕੇ ਵਿੱਚ ਕਈ ਲੋਕਾਂ ਤੋਂ ਇਹ ਕਿੱਸਾ ਸੁਣਿਆ ਸੀ ਅਤੇ ਫਿਰ ਉਸ ਨੇ ਇਨ੍ਹਾਂ ਤਾਲਾਬਾਂ ਨੂੰ ਚੰਗੀ ਤਰ੍ਹਾਂ ਵੇਖਿਆ-



ਪਰਖਿਆ ਸੀ। ਉਦੋਂ ਵੀ ਸਰਮਨ ਸਾਗਰ ਇੰਨਾ ਵੱਡਾ ਸੀ ਕਿ ਉਸ ਦੇ ਕਿਨਾਰੇ ਤਿੰਨ ਬੜੇ ਵੱਡੇ ਪਿੰਡ ਵਸੇ ਹੋਏ ਸਨ ਅਤੇ ਤਿੰਨੋਂ ਪਿੰਡ ਇਸ ਤਾਲਾਬ ਨੂੰ ਆਪੋ-ਆਪਣੇ ਨਾਵਾਂ ਨਾਲ ਵੰਡ ਲੈਂਦੇ ਸਨ। ਪਰ ਇਹ ਵਿਸ਼ਾਲ ਤਾਲਾਬ ਤਿੰਨਾਂ ਪਿੰਡਾਂ ਨੂੰ ਆਪਸ 'ਚ ਜੋੜਦਾ ਸੀ ਅਤੇ ਸਰਮਨ ਸਾਗਰ ਦੀ ਤਰ੍ਹਾਂ ਯਾਦ ਕੀਤਾ ਜਾਂਦਾ ਸੀ। ਇਤਿਹਾਸ ਨੇ ਸਰਮਨ, ਬੁਢਾਨ, ਕੌਂਰਾਈ ਅਤੇ ਕੂੜਨ ਨੂੰ ਯਾਦ ਨਹੀਂ ਰੱਖਿਆ, ਸਗੋਂ ਇਨ੍ਹਾਂ ਲੋਕਾਂ ਨੇ ਤਾਲਾਬ ਬਣਾਏ ਅਤੇ ਇਤਿਹਾਸ ਨੂੰ ਹੀ ਉਹਨਾਂ ਦੇ ਕੰਢੇ ਰੱਖ ਦਿੱਤਾ।

ਦੇਸ਼ ਦੇ ਮੱਧ ਭਾਗ ਵਿੱਚ, ਠੀਕ ਦਿਲ ਦੀ ਧੜਕਣ ਵਾਲਾ ਇਹ ਕਿੱਸਾ ਉੱਤਰ-ਦੱਖਣ, ਪੂਰਬ-ਪੱਛਮ ਚਾਰੇ ਪਾਸੇ ਕਿਸੇ ਨਾ ਕਿਸੇ ਰੂਪ ਵਿੱਚ ਫੈਲਿਆ ਹੋਇਆ ਹੈ ਅਤੇ ਇਨ੍ਹਾਂ ਦੇ ਨਾਲ ਹੀ ਮਿਲਦੇ ਨੇ ਸੈਂਕੜੇ, ਹਜ਼ਾਰਾਂ ਤਾਲਾਬ। ਇਨ੍ਹਾਂ ਦੀ ਕੋਈ ਠੀਕ ਗਿਣਤੀ ਨਹੀਂ। ਇਨ੍ਹਾਂ ਅਣਗਿਣਤ ਤਾਲਾਬਾਂ ਨੂੰ ਗਿਣਨ ਵਾਲੇ ਨਹੀਂ, ਸਗੋਂ ਇਨ੍ਹਾਂ ਨੂੰ ਬਣਾਉਣ ਵਾਲੇ ਲੋਕ ਆਉਂਦੇ ਰਹੇ ਅਤੇ ਤਾਲਾਬ ਬਣਾਉਂਦੇ ਰਹੇ।

ਕਿਸੇ ਤਾਲਾਬ ਨੂੰ ਰਾਜੇ ਨੇ ਬਣਵਾਇਆ ਅਤੇ ਕਿਸੇ ਨੂੰ ਰਾਣੀ ਨੇ। ਕਿਸੇ ਨੂੰ ਕਿਸੇ ਸਾਧਾਰਨ ਗ੍ਰਹਿਸਥੀ ਨੇ, ਕਿਸੇ ਨੂੰ ਵਿਧਵਾ ਨੇ ਬਣਵਾਇਆ ਅਤੇ ਕਿਸੇ ਨੂੰ ਪਹੁੰਚੇ ਹੋਏ ਸਾਧੂ-ਸੰਤਾਂ ਨੇ, ਜਿਸ ਕਿਸੇ ਨੇ ਵੀ ਤਾਲਾਬ ਬਣਵਾਇਆ, ਉਹ ਮਹਾਤਮਾ ਜਾਂ ਮਹਾਰਾਜ ਹੀ ਕਹਾਇਆ। ਅਹਿਸਾਨ ਮੰਦ ਸਮਾਜ ਤਾਲਾਬ ਬਣਾਉਣ ਵਾਲਿਆਂ

ਨੂੰ ਅਮਰ ਬਣਾਉਂਦਾ ਸੀ ਅਤੇ ਲੋਕੀ ਵੀ ਤਾਲਾਬ ਬਣਾ ਕੇ ਸਮਾਜ ਦਾ ਅਹਿਸਾਨ ਚੁਕਾਉਂਦੇ ਸਨ।

ਸਮਾਜ ਅਤੇ ਉਸਦੇ ਹੀ ਅੰਗਾਂ ਵਿਚਕਾਰ ਇਸ ਵਿਸ਼ੇ ਸੰਬੰਧੀ ਠੀਕ ਤਾਲਮੇਲ ਦਾ ਦੌਰ ਕੋਈ ਛੋਟਾ ਦੌਰ ਨਹੀਂ ਸੀ, ਜੇਕਰ ਮਹਾਂਭਾਰਤ ਅਤੇ ਰਾਮਾਇਣ ਕਾਲ ਦੇ ਤਾਲਾਬਾਂ ਨੂੰ ਛੱਡ ਵੀ ਦਈਏ ਤਾਂ ਵੀ ਪੰਜਵੀਂ ਸਦੀ ਤੋਂ ਪੰਦਰਵੀਂ ਸਦੀ ਤੱਕ ਦੇਸ਼ ਦੇ ਕੋਣੇ-ਕੋਣੇ ਵਿੱਚ ਤਾਲਾਬ ਬਣਦੇ ਰਹੇ। ਕੋਈ ਇੱਕ ਹਜ਼ਾਰ ਸਾਲ ਤੱਕ ਬਿਨਾਂ ਰੋਕ-ਟੋਕ ਦੇ ਇਹ ਪਰੰਪਰਾ ਚੱਲਦੀ ਰਹੀ, ਪਰ ਪੰਦਰਵੀਂ ਸਦੀ ਤੋਂ ਬਾਅਦ ਇਸ ਪਰੰਪਰਾ ਵਿੱਚ ਕੁੱਝ ਰੁਕਾਵਟਾਂ ਆਉਣ ਲੱਗੀਆਂ। ਫਿਰ ਵੀ ਉਸ ਦੌਰ ਵਿੱਚ ਇਹ ਪਰੰਪਰਾ ਪੂਰੀ ਨਾ ਤਾਂ ਰੁਕੀ ਅਤੇ ਨਾ ਹੀ ਸੁੱਕੀ। ਸਮਾਜ ਨੇ ਜਿਸ ਕੰਮ ਨੂੰ ਇੰਨੇ ਸੁਚੱਜੇ ਢੰਗ ਨਾਲ ਲੰਮੇ ਸਮੇਂ ਤੱਕ ਕੀਤਾ ਸੀ, ਉਸਨੂੰ ਉਥਲ-ਪੁਥਲ ਦਾ ਦੌਰ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਕਰ ਸਕਿਆ। ਅਠਾਰ੍ਹਵੀਂ ਅਤੇ ਉਨੀਵੀਂ ਸਦੀ ਦੇ ਅੰਤ ਤੱਕ ਵੀ ਜਗ੍ਹਾ-ਜਗ੍ਹਾ ਤਾਲਾਬ ਬਣਦੇ ਰਹੇ

ਪਰ ਫੇਰ ਤਾਲਾਬ ਬਣਾਉਣ ਵਾਲੇ ਲੋਕ ਹੌਲੀ-ਹੌਲੀ ਘਟਦੇ ਗਏ, ਗਿਣਨ ਵਾਲੇ ਕੁੱਝ ਜ਼ਰੂਰ ਆ ਗਏ, ਜਿੰਨਾ ਵੱਡਾ ਕੰਮ ਸੀ, ਉਸ ਹਿਸਾਬ ਨਾਲ ਗਿਣਨ ਵਾਲੇ ਬਹੁਤ ਘੱਟ ਸਨ ਅਤੇ ਕਮਜ਼ੋਰ ਵੀ। ਇਸੇ ਲਈ ਗਿਣਤੀ ਕਦੇ ਵੀ ਠੀਕ ਨਹੀਂ ਹੋ ਸਕੀ। ਬੱਸ ਸਿਰਫ਼ ਟੁਕੜਿਆਂ ਵਿੱਚ ਹੀ ਤਾਲਾਬ ਗਿਣੇ ਗਏ, ਜੋੜ ਕੇ ਨਹੀਂ ਵੇਖੇ ਗਏ, ਪਰ ਫੇਰ ਵੀ ਇਨ੍ਹਾਂ ਟੁਕੜਿਆਂ ਦੀ ਚਮਕ ਹੀ ਪੂਰੇ ਚਿੱਤਰ ਦੀ ਚਮਕ-ਦਮਕ ਵਿਖਾ ਸਕਦੀ ਹੈ।

ਨੱਕੋ-ਨੱਕ ਭਰੇ ਤਾਲਾਬਾਂ ਨੂੰ ਸੁੱਕੇ ਅੰਕੜਿਆਂ ਵਿੱਚ ਇਕੱਠੇ ਕਰਨ ਦੀ ਕੋਸ਼ਿਸ਼, ਕਿਸ ਕੋਣੇ ਤੋਂ ਸ਼ੁਰੂ ਕਰੀਏ? ਆਓ ਫਿਰ ਤੋਂ ਦੇਸ਼ ਦੇ ਵਿਚਕਾਰਲੇ ਹਿੱਸੇ ਵਿੱਚ ਚੱਲੀਏ।

ਅੱਜ ਦੇ ਰੀਵਾ ਜ਼ਿਲ੍ਹੇ ਦਾ ਪਿੰਡ ਜੋਡੋਰੀ, ਕ਼ਰੀਬ 2500 ਦੀ ਆਬਾਦੀ ਵਾਲਾ ਪਿੰਡ ਹੈ, ਪਰ ਇਸ ਵਿੱਚ 12 ਤਾਲਾਬ ਹਨ। ਇਸੇ ਦੇ ਕੋਲ ਹੈ ਤਾਲ (ਤਾਲਾਬ) ਮੁਕੇਦਾਨ, ਆਬਾਦੀ ਸਿਰਫ਼ 1500, ਪਰ 10 ਤਾਲਾਬ ਹਨ। ਹਰ ਚੀਜ਼ ਦਾ ਔਸਤ ਕੱਢਣ ਵਾਲਿਆਂ ਲਈ ਇਹ ਛੋਟਾ ਜਿਹਾ ਪਿੰਡ ਅੱਜ ਵੀ 150 ਲੋਕਾਂ ਲਈ ਇੱਕ ਤਾਲਾਬ ਦੀ ਸਹੂਲਤ ਜੁਟਾਅ ਰਿਹਾ ਹੈ। ਮਜ਼ੇ ਦੀ ਗੱਲ ਇਹ ਹੈ ਕਿ ਜਿਸ ਦੌਰ ਵਿੱਚ ਇਹ ਤਾਲਾਬ ਬਣੇ, ਉਸ ਦੌਰ ਵਿੱਚ ਆਬਾਦੀ ਹੋਰ ਵੀ ਘੱਟ ਸੀ। ਜ਼ੋਰ ਸਿਰਫ਼ ਇਸ ਗੱਲ 'ਤੇ ਸੀ ਕਿ ਆਪਣੇ ਹਿੱਸੇ 'ਚ ਵਰ੍ਹਨ ਵਾਲੀ ਹਰੇਕ ਕਣੀ (ਬੂੰਦ) ਇਕੱਠੀ ਕਰ ਲਈ ਜਾਵੇ ਅਤੇ ਸੰਕਟ ਦੀ ਘੜੀ ਵਿੱਚ ਆਲੇ-ਦੁਆਲੇ ਦੇ ਖੇਤਰਾਂ ਵਿੱਚ ਉਸ ਨੂੰ ਵੰਡ ਦਿੱਤਾ ਜਾਵੇ। ਵਰੁਣ ਦੇਵਤਾ ਦਾ ਪ੍ਰਸ਼ਾਦ ਪਿੰਡ ਆਪਣੀ ਬੁੱਕ ਵਿੱਚ ਭਰ ਲੈਂਦਾ ਸੀ ਅਤੇ ਜਿੱਥੇ ਪ੍ਰਸ਼ਾਦ ਘੱਟ ਮਿਲਦਾ, ਉੱਥੇ ਉਸਦੀ ਇੱਕ-ਇੱਕ ਕਣੀ, ਇੱਕ-ਇੱਕ ਬੂੰਦ ਵੀ ਭਲਾ ਕਿਵੇਂ ਅਜਾਈਂ ਜਾਣ ਦਿੱਤੀ ਜਾ ਸਕਦੀ ਹੈ! ਦੇਸ਼ ਦੇ ਸਭ ਤੋਂ ਘੱਟ ਮੀਂਹ ਵਾਲੇ ਖੇਤਰ ਰਾਜਸਥਾਨ ਦੇ ਸਭ ਤੋਂ ਖ਼ੁਸ਼ਕ ਮੰਨੇ ਗਏ ਥਾਰ ਇਲਾਕ਼ੇ ਦੇ ਰੇਗਿਸਤਾਨ



ਵਿੱਚ ਵਸੇ ਹਜ਼ਾਰਾਂ ਪਿੰਡਾਂ ਦੇ ਨਾਂ ਵੀ ਤਾਲਾਬਾਂ ਦੇ ਆਧਾਰ ਉੱਤੇ ਹੀ ਮਿਲਦੇ ਹਨ। ਪਿੰਡਾਂ ਦੇ ਨਾਂ ਨਾਲ ਜੁੜਿਆ ਹੈ 'ਸਰ'। 'ਸਰ' ਦਾ ਅਰਥ ਹੈ ਤਾਲਾਬ। 'ਸਰ' ਨਹੀਂ ਤਾਂ ਪਿੰਡ ਨਹੀਂ। ਇੱਥੇ ਤਾਂ ਤੁਸੀਂ ਸਿਰਫ਼ ਤਾਲਾਬ ਗਿਣਨ ਦੀ ਥਾਂ ਪਿੰਡ ਗਿਣਦੇ ਜਾਓ ਅਤੇ ਫੇਰ ਇਸ ਗਿਣਤੀ ਨੂੰ ਦੋ ਜਾਂ ਤਿੰਨ ਨਾਲ ਗੁਣਾ ਕਰ ਕੇ ਵੇਖੋ।

ਜਿੱਥੇ ਆਬਾਦੀ ਵਿੱਚ ਵਾਧਾ ਹੋਇਆ, ਸ਼ਹਿਰ ਬਣਿਆ ਉੱਥੇ ਵੀ ਪਾਣੀ ਨਾ ਉਧਾਰ ਲਿਆ ਗਿਆ, ਨਾ ਅੱਜ ਦੇ ਸ਼ਹਿਰਾਂ ਵਾਂਗ ਕਿਤੋਂ ਹੋਰ ਚੋਰੀ ਕੀਤਾ ਗਿਆ, ਸ਼ਹਿਰਾਂ ਨੇ ਵੀ ਪਿੰਡਾਂ ਵਾਂਗ ਆਪਣਾ ਇੰਤਜ਼ਾਮ ਖ਼ੁਦ ਕੀਤਾ। ਬਾਕੀ ਸ਼ਹਿਰਾਂ ਦੀਆਂ ਗੱਲਾਂ ਮਗਰੋਂ, ਕਿਸੇ ਸਮੇਂ ਸਿਰਫ਼ ਦਿੱਲੀ ਵਿੱਚ ਕ਼ਰੀਬ 350 ਛੋਟੇ-ਵੱਡੇ ਤਾਲਾਬਾਂ ਦਾ ਜ਼ਿਕਰ ਮਿਲਦਾ ਹੈ।

ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਸੂਬੇ 'ਤੇ ਆਈਏ, ਫੇਰ ਰੀਵਾ ਵੱਲ ਮੁੜੀਏ। ਅੱਜ ਦੇ ਪੈਮਾਨੇ ਦੇ ਹਿਸਾਬ ਨਾਲ ਇਹ ਪਛੜਿਆ ਹੋਇਆ ਇਲਾਕ਼ਾ ਕਹਾਉਂਦਾ ਹੈ, ਪਰ ਪਾਣੀ ਦੇ ਹਿਸਾਬ ਨਾਲ ਵੇਖੀਏ ਤਾਂ ਪਿਛਲੀ ਸਦੀ ਵਿੱਚ ਇੱਥੇ 5000 ਤਾਲਾਬ ਸਨ।

ਦੱਖਣ ਵੱਲ ਵੇਖੀਏ ਤਾਂ ਆਜ਼ਾਦੀ ਮਿਲਣ ਤੋਂ ਕੋਈ 100 ਵਰ੍ਹੇ ਪਹਿਲਾਂ ਤੱਕ ਮਦਰਾਸ ਪ੍ਰੈਜ਼ੀਡੈਂਸੀ ਵਿੱਚ 53,000 ਤਾਲਾਬ ਗਿਣੇ ਗਏ ਸਨ। ਉੱਥੇ ਸੰਨ 1885 ਵਿੱਚ ਸਿਰਫ਼ 14 ਜ਼ਿਲ੍ਹਿਆਂ ਵਿੱਚ ਕੋਈ 43,000 ਤਾਲਾਬਾਂ ਉੱਤੇ ਕੰਮ ਚੱਲ ਰਿਹਾ ਸੀ। ਇਸੇ ਤਰ੍ਹਾਂ ਮੈਸੂਰ ਰਾਜ ਵਿੱਚ ਅਣਗੌਲੀ ਦੇ ਤਾਜ਼ੇ ਦੌਰ ਵਿੱਚ ਸੰਨ 1970 ਤੱਕ ਕੋਈ 39000 ਤਾਲਾਬ ਕਿਸੇ ਨਾ ਕਿਸੇ ਰੂਪ ਵਿੱਚ ਲੋਕਾਂ ਦੀ ਸੇਵਾ ਕਰ ਰਹੇ ਸਨ।

ਇੱਧਰ-ਉੱਧਰ ਖਿੰਡੇ-ਪੁੰਡੇ ਇਹ ਸਾਰੇ ਅੰਕੜੇ ਇੱਕ ਥਾਂ ਰੱਖ ਕੇ ਵੇਖੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਸਦੀ ਦੇ ਸ਼ੁਰੂ ਤੱਕ ਹਾੜ੍ਹ ਤੋਂ ਭਾਦੋਂ ਦੇ ਆਖ਼ਰੀ ਦਿਨ ਤੱਕ ਕੋਈ 11-12 ਲੱਖ ਤਾਲਾਬ ਭਰ ਜਾਂਦੇ ਸਨ ਅਤੇ ਅਗਲੇ ਜੇਠ ਤੱਕ ਵਰੁਣ ਦੇਵਤਾ ਦਾ ਕੁੱਝ ਨਾ ਕੁੱਝ ਪ੍ਰਸ਼ਾਦ ਵੰਡਦੇ ਰਹਿੰਦੇ ਸਨ, ਕਿਉਂਕਿ ਲੋਕੀ ਚੰਗੇ-ਚੰਗੇ ਕੰਮ ਕਰਦੇ ਰਹਿੰਦੇ ਸਨ।

# ਨੀਂਹ ਤੋਂ ਸਿਖ਼ਰ ਤੱਕ

ਅੱਜ ਅਣ-ਪੁੱਛੀ ਗਿਆਰਸ ਹੈ, ਦੇਵਤੇ ਉੱਠ ਗਏ ਹਨ, ਹੁਣ ਚੰਗੇ-ਚੰਗੇ ਕੰਮ ਕਰਨ ਲਈ ਕਿਸੇ ਤੋਂ ਪੁੱਛਣ ਦੀ, ਮਹੂਰਤ ਕਢਵਾਉਣ ਦੀ ਲੋੜ ਨਹੀਂ। ਫੇਰ ਵੀ ਸਭ ਲੋਕ ਇਕੱਠੇ ਹੋ ਕੇ ਆਪਸ ਵਿੱਚ ਸਲਾਹ ਮਸ਼ਵਰਾ ਕਰ ਰਹੇ ਹਨ। ਨਵਾਂ ਤਾਲਾਬ ਜੁ ਬਣਾਉਣਾ ਹੋਇਆ।

ਪਾਠਕਾਂ ਨੂੰ ਲੱਗੇਗਾ ਕਿ ਹੁਣ ਉਹਨਾਂ ਨੂੰ ਤਾਲਾਬ ਬਣਾਉਣ ਦਾ-ਵੱਟ ਬਣਾਉਣ ਤੋਂ ਲੈ ਕੇ ਪਾਣੀ ਭਰਨ ਤੱਕ ਦਾ ਪੂਰਾ ਵੇਰਵਾ ਦਿੱਤਾ ਜਾਵੇਗਾ, ਪਰ ਅਸੀਂ ਖ਼ੁਦ ਵੀ ਇਹ ਵੇਰਵਾ ਲੱਭਦੇ ਰਹੇ, ਸਾਨੂੰ ਵੀ ਉਹ ਕਿਤੋਂ ਨਹੀਂ ਲੱਭਿਆ। ਜਿੱਥੇ ਸਦੀਆਂ ਤੱਕ ਹਜ਼ਾਰਾਂ ਤਾਲਾਬ ਬਣਦੇ ਰਹੇ, ਉੱਥੇ ਤਾਲਾਬ ਬਣਾਉਣ ਦਾ ਪੂਰਾ ਵੇਰਵਾ ਨਾ ਮਿਲਣਾ ਆਪਣੇ ਆਪ ਵਿੱਚ ਬੜਾ ਅਜੀਬ ਜਿਹਾ ਲਗਦਾ ਹੈ, ਪਰ ਇਹ ਗੱਲ ਬਹੁਤੀ ਅਜੀਬ ਵੀ ਨਹੀਂ ਹੈ। 'ਤਾਲਾਬ ਕਿਵੇਂ ਬੰਣਾਈਏ' ਦੀ ਥਾਂ ਚਾਰੇ ਪਾਸੇ 'ਤਾਲਾਬ ਇੰਝ ਬਣਾਈਏ' ਦਾ ਰਿਵਾਜ ਸੀ। ਫੇਰ ਵੀ ਜੇਕਰ ਛੋਟੇ-ਛੋਟੇ ਟੁਕੜੇ ਜੋੜੀਏ ਤਾਂ ਤਾਲਾਬ ਬਣਾਉਣ ਦੀ ਸੁੰਦਰ ਨਾ ਸਹੀ, ਕੰਮ ਚਲਾਊ ਤਸਵੀਰ ਤਾਂ ਸਾਹਮਣੇ ਆ ਹੀ ਸਕਦੀ ਹੈ।

.....ਅਣਪੁੱਛੀ ਗਿਆਰਸ ਹੈ, ਹੁਣ ਪੁੱਛਣਾ ਕੀ। ਸਾਰੀ ਗੱਲਬਾਤ ਤਾਂ ਪਹਿਲਾਂ ਹੋ ਹੀ ਚੁੱਕੀ ਹੈ। ਤਾਲਾਬ ਦੀ ਥਾਂ ਵੀ ਤੈਅ ਹੋ ਚੁੱਕੀ ਹੈ। ਤੈਅ ਕਰਨ ਵਾਲਿਆਂ ਦੀਆਂ ਅੱਖਾਂ ਵਿੱਚ ਪਤਾ ਨਹੀਂ ਕਿੰਨੀਆਂ ਕੁ ਬਰਸਾਤਾਂ ਉੱਤਰ ਚੁੱਕੀਆਂ ਹਨ। ਇਸ ਲਈ ਉੱਥੇ ਅਜਿਹੇ ਸਵਾਲ ਨਹੀਂ ਉੱਠਦੇ ਕਿ ਪਾਣੀ ਕਿੱਥੋਂ ਆਉਂਦਾ ਹੈ, ਕਿੰਨਾ ਪਾਣੀ ਆਉਂਦਾ ਹੈ, ਉਸਦਾ ਕਿੰਨਾ ਹਿੱਸਾ ਕਿੱਥੇ ਰੋਕਿਆ ਜਾ ਸਕਦਾ ਹੈ। ਇਹ ਸਵਾਲ ਨਹੀਂ ਹਨ, ਗੱਲਾਂ ਬਿਲਕੁਲ ਸਿੱਧੀਆਂ, ਉਨ੍ਹਾਂ ਦੀਆਂ ਉਂਗਲਾਂ 'ਤੇ ਗਿਣੀਆਂ-ਮਿਣੀਆਂ। ਇਨ੍ਹਾਂ ਵਿੱਚੋਂ ਹੀ ਕੁੱਝ ਅੱਖਾਂ ਨੇ ਇਨ੍ਹਾਂ ਤੋਂ ਪਹਿਲਾਂ ਵੀ ਕਈ ਤਾਲਾਬ ਪੁੱਟੇ ਹਨ ਅਤੇ ਇਨ੍ਹਾਂ ਵਿੱਚੋਂ ਹੀ ਕੁੱਝ ਅੱਖਾਂ ਅਜਿਹੀਆਂ ਹਨ, ਜਿਹੜੀਆਂ ਪੀੜ੍ਹੀਆਂ ਤੋਂ ਇਹੋ ਕੰਮ ਕਰਦੀਆਂ ਆ ਰਹੀਆਂ ਹਨ।

ਉਂਝ ਤਾਂ ਦਸ ਦੀਆਂ ਦਸ ਦਿਸ਼ਾਵਾਂ ਹੀ ਖੁੱਲ੍ਹੀਆਂ ਹਨ। ਤਾਲਾਬ ਬਣਾਉਣ ਲਈ ਫੇਰ ਵੀ ਥਾਂ ਦੀ ਚੋਣ ਕਰਦਿਆਂ ਕਈ ਗੱਲਾਂ ਦਾ ਧਿਆਨ ਰੱਖਿਆ ਗਿਆ ਹੈ।



ਇਹ ਗਊਆਂ ਦੇ ਚਰਨ ਵਾਲੀ ਥਾਂ ਹੈ, ਇਹ ਜਗ੍ਹਾ ਢਲਾਨ ਵਾਲੀ ਹੈ, ਨੀਵਾਂ ਖੇਤਰ ਹੈ, ਜਿੱਥੋਂ ਪਾਣੀ ਆਵੇਗਾ, ਜ਼ਮੀਨ ਨਿਵਾਣ ਵਾਲੀ ਹੈ। ਉੱਧਰ ਲੋਕੀ ਪਖ਼ਾਨੇ ਵਾਸਤੇ ਤਾਂ ਨਹੀਂ ਜਾਂਦੇ, ਮਰੇ ਹੋਏ ਜਾਨਵਰਾਂ ਦੀ ਖੱਲ ਵਗ਼ੈਰਾ ਤਾਂ ਨਹੀਂ ਉਤਾਰੀ ਜਾਂਦੀ ਇੱਧਰ।

ਅਭਿਆਸ ਨਾਲ ਹੀ ਅਭਿਆਸ ਵਧਦਾ ਹੈ, ਤਜਰਬੇਕਾਰ ਅੱਖਾਂ ਗੱਲੀਂ-ਬਾਤੀਂ ਸੁਣੀ-ਲੱਭੀ ਗਈ ਥਾਂ ਨੂੰ ਇੱਕ ਵਾਰ ਦੇਖ ਵੀ ਲੈਂਦੀਆਂ ਹਨ। ਇੱਥੇ ਪੁੱਜ ਕੇ ਇਹ ਸੋਚ ਲਿਆ ਜਾਂਦਾ ਹੈ ਕਿ ਪਾਣੀ ਕਿੱਥੋਂ ਆਵੇਗਾ ਅਤੇ ਉਸਦੀ ਸਾਫ਼-ਸਫ਼ਾਈ, ਸੁਰੱਖਿਆ ਨੂੰ ਪੱਕਾ ਕਰ ਲਿਆ ਜਾਂਦਾ ਹੈ। ਜਿੱਥੋਂ ਪਾਣੀ ਆਏਗਾ, ਉਸਦਾ ਸੁਭਾਅ ਪਰਖ ਲਿਆ ਜਾਂਦਾ ਹੈ। ਵੱਟ ਕਿੰਨੀ ਉੱਚੀ ਹੋਵੇਗੀ, ਕਿੰਨੀ ਚੌੜੀ ਹੋਵੇਗੀ, ਕਿੱਥੋਂ ਸ਼ੁਰੂ ਕਰ ਕੇ ਕਿੱਥੋਂ ਤੱਕ ਬੰਨ੍ਹੀ ਜਾਵੇਗੀ ਅਤੇ ਤਾਲਾਬ ਵਿੱਚ ਪਾਣੀ ਪੂਰਾ ਭਰਨ ਤੋਂ ਬਾਅਦ ਉਸਨੂੰ ਸੰਭਾਲਣ ਲਈ ਕਿੱਥੋਂ ਤੱਕ ਬੰਨ੍ਹ ਮਾਰਿਆ ਜਾਵੇਗਾ। ਇਸਦਾ ਅੰਦਾਜ਼ਾ ਵੀ ਲਾ ਲਿਆ ਜਾਂਦਾ ਹੈ।

ਸਾਰੇ ਲੋਕ ਇਕੱਠੇ ਹੋ ਗਏ ਹਨ, ਹੁਣ ਦੇਰ ਕਿਸ ਗੱਲ ਦੀ ਹੈ, ਚਮਕਦੀ ਥਾਲੀ ਸਜੀ ਹੋਈ ਹੈ। ਸੂਰਜ ਦੀਆਂ ਕਿਰਨਾਂ ਉਸਨੂੰ ਹੋਰ ਚਮਕਾ ਰਹੀਆਂ ਹਨ। ਪਾਣੀ ਦੀ ਭਰੀ ਗੜਵੀ, ਰੋਲਾ, ਖੰਮਣੀ, ਹਲਦੀ, ਸੁਪਾਰੀ ਤਿਆਰ ਹਨ। ਲਾਲ ਮਿੱਟੀ ਦਾ ਇੱਕ ਪਵਿੱਤਰ ਡਲਾ। ਧਰਤੀ ਅਤੇ ਪਾਣੀ ਦੀ ਉਸਤਤੀ ਦੇ ਸ਼ਲੋਕ ਹੌਲੀ-ਹੌਲੀ ਲਹਿਰਾਂ 'ਚ ਗੂੰਜਣ ਲੱਗ ਪੈਂਦੇ ਹਨ।


**ਜਿੱਥੇ ਸਦੀਆਂ ਤੱਕ ਹਜ਼ਾਰਾਂ ਤਾਲਾਬ ਬਣਦੇ ਰਹੇ, ਉੱਥੇ ਤਾਲਾਬ ਬਣਾਉਣ ਦਾ ਪੂਰਾ ਵੇਰਵਾ ਨਾ ਮਿਲਣਾ ਆਪਣੇ-ਆਪ ਵਿੱਚ ਅਜੀਬ ਲਗਦਾ ਹੈ, ਪਰ ਇਹ ਗੱਲ ਬਹੁਤੀ ਅਜੀਬ ਵੀ ਨਹੀਂ 'ਤਾਲਾਬ ਕਿਵੇਂ ਬਣਾਈਏ' ਦੀ ਥਾਂ ਚਾਰੇ ਪਾਸੇ 'ਤਾਲਾਬ ਇੰਝ ਬਣਾਈਏ' ਦਾ ਰਿਵਾਜ ਸੀ।**

ਵਰੁਣ ਦੇਵਤਾ ਨੂੰ ਯਾਦ ਕੀਤਾ ਜਾ ਰਿਹਾ ਹੈ। ਤਾਲਾਬ ਕਿਤੇ ਵੀ ਪੁੱਟਿਆ ਜਾ ਰਿਹਾ ਹੋਵੇ, ਦੇਸ਼ ਦੇ ਇਸ ਕੋਣੇ ਤੋਂ ਉਸ ਕੋਣੇ ਦੀਆਂ ਸਭ ਨਦੀਆਂ ਨੂੰ ਪੁਕਾਰਿਆ ਜਾ ਰਿਹਾ ਹੈ। ਸ਼ਲੋਕਾਂ ਦੀਆਂ ਲਹਿਰਾਂ ਰੁਕਦੀਆਂ ਹਨ, ਮਿੱਟੀ ਵਿੱਚ ਕਹੀਆਂ ਦੇ ਟਕਰਾਉਣ ਨਾਲ, ਪੰਜ ਜਣੇ, ਪੰਜ ਪਰਾਤਾਂ ਮਿੱਟੀ ਪੁੱਟਦੇ ਹਨ। ਦਸ ਜਣੇ ਪਰਾਤਾਂ ਚੁੱਕ ਕੇ ਵੱਟ ਉੱਤੇ ਸੁੱਟਦੇ ਹਨ, ਇੱਥੇ ਬੰਨ੍ਹੀ ਜਾਏਗੀ ਵੱਟ। ਗੁੜ ਵੰਡਿਆ ਜਾਂਦਾ ਹੈ, ਮਹੂਰਤ ਸਿੱਧ ਕਰ ਲਿਆ ਗਿਆ ਹੈ। ਅੱਖਾਂ ਵਿੱਚ ਵਸੇ ਤਾਲਾਬ ਦਾ ਪੂਰਾ ਚਿੱਤਰ ਫਹੁੜੇ ਨਾਲ ਨਿਸ਼ਾਨ ਲਾ ਕੇ ਜ਼ਮੀਨ ਉੱਤੇ ਉਤਾਰ ਲਿਆ ਗਿਆ ਹੈ। ਕਿੱਥੋਂ ਮਿੱਟੀ ਨਿੱਕਲੇਗੀ, ਕਿੱਥੇ-ਕਿੱਥੇ ਸੁੱਟੀ ਜਾਵੇਗੀ, ਵੱਟ ਤੋਂ ਕਿੰਨੀ ਦੂਰੀ ਤੱਕ ਪੁਟਾਈ ਹੋਵੇਗੀ

ਤਾਂ ਜੋ ਵੱਟ ਦੇ ਹੇਠਾਂ ਇੰਨੀ ਡੂੰਘਾਈ ਨਾ ਹੋ ਜਾਵੇ ਕਿ ਵੱਟ ਪਾਣੀ ਦੇ ਦਬਾਅ ਨਾਲ ਹੀ ਕਮਜ਼ੋਰ ਹੋਣ ਲੱਗ ਪਵੇ। ................

ਅਣਪੁੱਛੀ ਗਿਆਰਸ ਨੂੰ ਇੰਨਾ ਕੰਮ ਤਾਂ ਹੋ ਹੀ ਜਾਂਦਾ ਸੀ, ਜੇਕਰ ਉਸ ਦਿਨ ਕੰਮ ਸ਼ੁਰੂ ਨਹੀਂ ਹੁੰਦਾ ਤਾਂ ਫਿਰ ਮਹੂਰਤ ਕਢਵਾਇਆ ਜਾਂਦਾ ਸੀ ਜਾਂ ਆਪਣੇ-ਆਪ ਹੀ ਕੱਢਿਆ ਜਾਂਦਾ ਸੀ। ਪਿੰਡਾਂ ਅਤੇ ਸ਼ਹਿਰਾਂ 'ਚ ਘਰ-ਘਰ ਵਿੱਚ ਮਿਲਣ ਵਾਲੇ ਪੰਚਾਂਗ ਅਤੇ ਹੋਰ ਕਈ ਗੱਲਾਂ ਦੇ ਨਾਲ਼ ਖੂਹ, ਬਾਉੜੀ ਅਤੇ ਤਾਲਾਬ ਬਣਾਉਣ ਦਾ ਮਹੂਰਤ ਅੱਜ ਵੀ ਸਮਝਾਉਂਦੇ ਹਨ : "ਹਸਤ, ਅਨੁਰਾਧਾ, ਤਿੰਨੋਂ ਉੱਤਰਾ, ਸ਼ਤਭਿਸ਼ਾ, ਮਘਾ, ਰੋਹਿਣੀ, ਪੁਸ਼ਯ, ਮਰਿਗਸ਼ਿਰਾ, ਨਕਸ਼ਤਰਾਂ ਵਿੱਚ ਚੰਦਰਵਾਰ, ਬੁੱਧਵਾਰ, ਗੁਰੂਵਾਰ ਅਤੇ ਸ਼ੁੱਕਰਵਾਰ ਨੂੰ ਕੰਮ ਸ਼ੁਰੂ ਕਰੋ, ਪਰ 4,9,14 ਤਿੱਥਾਂ ਨੂੰ ਛੱਡਣ ਲਈ ਕਿਹਾ ਗਿਆ ਹੈ, ਸ਼ੁਭ ਲਗਨਾਂ ਵਿੱਚੋਂ ਗੁਰੂ ਅਤੇ ਬੁੱਧ ਬਲੀ ਹੋਵੇ, ਪਾਪ ਨਿਰਬਲ ਹੋਵੇ, ਸ਼ੁੱਕਰ ਦਾ ਚੰਦਰਮਾ ਜਲਚਰ ਰਾਸ਼ੀ ਦਾ ਲਗਨ ਅਤੇ ਚੌਥਾ ਹੋਵੇ, ਗੁਰੂ, ਸ਼ੁੱਕਰ ਅਸਤ ਨਾ ਹੋਣ, ਭਦਰਾ ਨਾ ਹੋਵੇ ਤਾਂ ਤਾਲਾਬ ਦੀ ਪੁਟਾਈ ਸ਼ੁਭ ਹੈ।"

ਤਾਲਾਬ ਦੀ ਡਾਟ



ਅੱਜ ਸਾਡੇ 'ਚੋਂ ਬਹੁਤੇ ਲੋਕਾਂ ਨੂੰ ਇਹ ਸਾਰੀ ਪਵਿੱਤਰ ਪਰੰਪਰਾ ਵਿਚੋਂ ਦਿਨਾਂ ਦੇ ਕੁੱਝ ਹੀ ਨਾਂ ਸਮਝ ਆਉਣਗੇ, ਪਰ ਅਜੇ ਵੀ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਮਨ ਦੀ ਘੜੀ ਇਸ ਘੜੀ ਨਾਲ ਮੇਲ ਖਾਂਦੀ ਹੈ। ਕੁੱਝ ਕੁ ਸਮੇਂ ਪਹਿਲਾਂ ਤੱਕ ਤਾਂ ਪੂਰਾ ਸਮਾਜ ਹੀ ਇਸ ਘੜੀ ਮੁਤਾਬਿਕ ਚੱਲਦਾ ਸੀ।


...ਘੜੀ ਮਾਪ ਲਈ ਗਈ ਹੈ। ਲੋਕੀ ਵਾਪਸ ਮੁੜ ਪਏ ਹਨ, ਹੁਣ ਇੱਕ-ਦੋ ਦਿਨਾਂ ਮਗਰੋਂ ਜਦੋਂ ਸਭ ਨੂੰ ਸਹੂਲਤ ਹੋਵੇਗੀ, ਮੁੜ ਕੰਮ ਸ਼ੁਰੂ ਹੋਵੇਗਾ। ਤਜਰਬੇਕਾਰ ਅੱਖਾਂ ਪਲਕ ਵੀ ਨਹੀਂ ਝਪਕਦੀਆਂ, ਕਿੰਨਾ ਵੱਡਾ ਹੈ ਤਾਲਾਬ, ਕੰਮ ਕਿੰਨਾ ਹੈ, ਕਿੰਨੇ ਲੋਕ ਲੱਗਣਗੇ, ਕਿੰਨੇ ਔਜ਼ਾਰ, ਕਿੰਨੇ ਮਣ ਮਿੱਟੀ ਨਿੱਕਲੇਗੀ, ਵੱਟ 'ਤੇ ਕਿਵੇਂ ਢੇਰ ਲੱਗੇਗਾ! ਤਸਲਿਆਂ ਨਾਲ, ਢੋਲਾਂ ਨਾਲ, ਵਹਿੰਗੀ ਨਾਲ ਜਾਂ ਗਧਿਆਂ ਨਾਲ ਮਿੱਟੀ ਢੋਈ ਜਾਵੇਗੀ। ਪ੍ਰਸ਼ਨ ਲਹਿਰਾਂ ਵਾਂਗ ਉੱਠਦੇ ਹਨ। ਕੰਮ ਕਿੰਨਾ ਕੱਚਾ ਹੈ, ਮਿੱਟੀ ਦਾ ਹੈ, ਕਿੰਨਾ ਪੱਕਾ ਹੈ, ਚੂਨੇ ਦਾ, ਪੱਥਰ ਦਾ, ਮਿੱਟੀ ਦਾ ਕੰਮ ਬਿਲਕੁਲ ਪੱਕਾ ਕਰਨਾ ਹੈ ਅਤੇ ਪੱਥਰ, ਚੂਨੇ ਦਾ ਪੱਕਾ ਕੰਮ, ਕਿਤੇ ਕੱਚਾ ਨਾ ਰਹਿ ਜਾਵੇ। ਪ੍ਰਸ਼ਨਾਂ ਦੀਆਂ ਲਹਿਰਾਂ ਉੱਠਦੀਆਂ ਹਨ ਅਤੇ ਤਜਰਬੇਕਾਰ ਅੱਖਾਂ ਮਨ ਦੀ ਡੂੰਘਾਈ ਹੇਠ ਸ਼ਾਂਤ ਹੁੰਦੀਆਂ ਜਾਂਦੀਆਂ ਹਨ। ਸੈਂਕੜੇ ਮਣ ਮਿੱਟੀ ਦਾ ਬੇਹੱਦ ਵਜ਼ਨੀ ਕੰਮ ਹੈ, ਵਗਦੇ ਪਾਣੀ ਨੂੰ ਰੋਕਣ ਲਈ ਮਨਾਉਣਾ ਹੈ। ਪਾਣੀ ਨਾਲ ਖੇਡਣਾ ਵੀ, ਅੱਗ ਨਾਲ ਖੇਡਣਾ ਹੀ ਹੈ। ਡੌਰੂ ਵੱਜਦਾ ਹੈ। ਸਾਰਾ ਪਿੰਡ ਤਾਲਾਬ ਵਾਲੀ ਥਾਂ ਉੱਤੇ ਇਕੱਠਾ ਹੁੰਦਾ ਹੈ।



ਤਾਲਾਬ ਲਈ ਸਾਰੇ ਲੋਕ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ। ਸਾਰੇ ਲੋਕ ਇਕੱਠੇ ਘਰ ਮੁੜਨਗੇ।

ਸੈਂਕੜੇ ਹੱਥ ਮਿੱਟੀ ਪੁੱਟਦੇ ਹਨ। ਸੈਂਕੜੇ ਹੱਥ ਵੱਟ ਉੱਤੇ ਮਿੱਟੀ ਸੁੱਟੀ ਜਾਂਦੇ ਹਨ। ਹੌਲੀ-ਹੌਲੀ ਪਹਿਲੀ ਪਰਤ ਦਿਸਣੀ ਸ਼ੁਰੂ ਹੋ ਜਾਂਦੀ ਹੈ। ਕੁੱਝ ਉੱਠਦਾ-ਉੱਭਰਦਾ ਵਿਖਾਈ ਦਿੰਦਾ ਹੈ। ਫਿਰ ਉਸਦੀ ਦਬਾਈ ਸ਼ੁਰੂ ਹੁੰਦੀ ਹੈ। ਦਬਾਉਣ ਦਾ ਕੰਮ ਨੰਦੀ (ਬਲਦ) ਕਰ ਰਹੇ ਹਨ। ਚਾਰ ਨੁਕੀਲੇ ਖੁਰਾਂ ਉੱਤੇ ਬਲਦ ਦਾ ਸਾਰਾ ਵਜ਼ਨ ਪੈਂਦਾ ਹੈ। ਪਹਿਲੀ ਪਰਤ ਮਗਰੋਂ ਦੂਜੀ ਤਹਿ ਪੈਣੀ ਸ਼ੁਰੂ ਹੁੰਦੀ ਹੈ। ਹਰੇਕ ਪਰਤ ਉੱਤੇ ਪਾਣੀ ਛਿੜਕਿਆ ਜਾਂਦਾ ਹੈ। ਬਲਦ ਫੇਰੇ ਜਾਂਦੇ ਹਨ। ਸੈਂਕੜੇ ਉਤਸ਼ਾਹੀ ਹੱਥ ਬੇਹੱਦ ਉਤਸ਼ਾਹ ਨਾਲ ਚਲਦੇ ਹਨ। ਕੰਢੇ ਹੌਲੀ-ਹੌਲੀ ਉੱਚੇ ਹੋਈ ਜਾਂਦੇ ਹਨ।

ਸਿਮਟ ਸਿਮਟ ਜਲ
ਭਰਹਿਂ ਤਾਲਾਬਾ



ਹੁਣ ਤੱਕ ਜਿਹੜੀ ਫਹੁੜੇ ਦੀ ਇੱਕ ਅਣਡਿੱਠੀ ਲਕੀਰ ਸੀ, ਹੁਣ ਉਹ ਮਿੱਟੀ ਦੀ ਪੱਟੀ ਬਣ ਚੁੱਕੀ ਹੈ। ਕਿਤੇ ਇਹ ਬਿਲਕੁਲ ਸਿੱਧੀ ਹੈ। ਕਿਤੇ-ਕਿਤੇ ਵਿੰਗ ਵਲ ਵੀ ਹਨ। ਉੱਪਰੋਂ ਆਉਣ ਵਾਲਾ ਪਾਣੀ ਜਿੱਥੇ ਵੱਟ ਨਾਲ ਜ਼ੋਰ-ਅਜ਼ਮਾਈ ਕਰ ਸਕਦਾ ਹੈ ਉੱਥੇ ਹੀ ਵੱਟ ਨੂੰ ਮਜ਼ਬੂਤ ਬਣਾਇਆ ਗਿਆ ਹੈ। ਇਸ ਨੂੰ 'ਕੂਹਣੀ' ਕਹਿੰਦੇ ਹਨ। ਵੱਟ ਇੱਥੇ ਠੀਕ ਸਾਡੀ 'ਕੂਹਣੀ' ਵਾਂਗ ਮੁੜ ਜਾਂਦੀ ਹੈ।

ਜਗ੍ਹਾ ਪਿੰਡ ਦੇ ਨੇੜੇ ਹੀ ਹੈ, ਇਸ ਲਈ ਦੁਪਹਿਰ ਦੀ ਰੋਟੀ ਖਾਣ ਲਈ ਲੋਕ ਘਰ ਹੀ ਜਾਂਦੇ ਹਨ। ਜੇਕਰ ਥਾਂ ਦੂਰ ਹੋਵੇਗੀ ਤਾਂ ਰੋਟੀ ਉੱਥੇ ਹੀ ਖਾਣਗੇ, ਪਰ ਸਾਰਾ ਦਿਨ ਗੁੜ ਵਾਲਾ ਮਿੱਠਾ ਪਾਣੀ ਸਾਰਿਆਂ ਨੂੰ ਮਿਲਦਾ ਹੈ। ਪਾਣੀ ਦਾ ਕੰਮ ਪ੍ਰੇਮ ਦਾ ਕੰਮ ਹੈ, ਪੁੰਨ ਦਾ ਕੰਮ ਹੈ, ਇਸ ਵਿੱਚ ਅੰਮ੍ਰਿਤ ਵਰਗਾ ਮਿੱਠਾ ਪਾਣੀ ਹੀ ਪਿਆਉਣਾ ਹੈ। ਤਦੇ ਅੰਮ੍ਰਿਤ ਵਰਗਾ ਸਰੋਵਰ ਬਣੇਗਾ।

ਇਸ ਅੰਮ੍ਰਿਤ ਸਰੋਵਰ ਦੀ ਰਾਖੀ ਵੱਟ ਕਰੇਗੀ, ਉਹ ਤਾਲਾਬ ਦੀ ਪਾਲਣਹਾਰ ਹੈ। ਵੱਟ ਕਿੰਨੀ ਥੱਲਿਉਂ ਚੌੜੀ ਹੋਵੇਗੀ, ਕਿੰਨੀ ਉੱਪਰ ਹੋਵੇਗੀ, ਉੱਪਰ ਦੀ ਚੌੜਾਈ ਕਿੰਨੀ ਹੋਵੇਗੀ ਅਜਿਹੇ ਪ੍ਰਸ਼ਨ ਹਿਸਾਬ ਜਾਂ ਵਿਗਿਆਨ ਦਾ ਬੋਝ ਨਹੀਂ ਵਧਾਉਂਦੇ, ਤਜਰਬੇਕਾਰ ਅੱਖਾਂ ਦੇ ਸਹਿਜ ਅਤੇ ਸਰਲ ਗਣਿਤ ਨੂੰ ਕੋਈ ਨਾਪਣਾ ਚਾਹੇ ਤਾਂ ਨੀਂਹ ਦੀ ਚੌੜਾਈ ਤੋਂ ਉਚਾਈ ਹੋਵੇਗੀ, ਅੱਧੀ ਅਤੇ ਪੂਰੀ ਬਣ ਜਾਣ ਮਗਰੋਂ ਉੱਪਰ ਦੀ ਚੌੜਾਈ ਕੁੱਲ ਉਚਾਈ ਤੋਂ ਅੱਧੀ।

ਮਿੱਟੀ ਦਾ ਕੱਚਾ ਕੰਮ ਪੂਰਾ ਹੋ ਚੁੱਕਿਆ ਹੈ। ਹੁਣ ਪੱਕੇ ਕੰਮ ਦੀ ਵਾਰੀ ਹੈ। ਚੂਨੇ ਦਾ ਕੰਮ ਕਰਨ ਵਾਲਿਆਂ ਨੇ ਚੂਨੇ ਦੇ ਰੋੜਾਂ ਨੂੰ ਬੁਝਾ ਦਿੱਤਾ ਹੈ। ਘਾਣੀ ਤਿਆਰ ਹੋ ਗਈ ਹੈ। ਸਿਲਾਵਟਾਂ ਨੇ ਪੱਥਰ ਲਾਉਣੇ ਸ਼ੁਰੂ ਕਰ ਦਿੱਤੇ ਹਨ। ਵੱਟ ਦੀ ਸੁਰੱਖਿਆ ਲਈ 'ਨੇਸ਼ਟਾ' ਬਣਾਇਆ ਜਾਵੇਗਾ। ਨੇਸ਼ਟਾ ਭਾਵ ਉਹ ਥਾਂ ਜਿੱਥੋਂ ਤਾਲਾਬ ਦਾ ਫ਼ਾਲਤੂ ਪਾਣੀ ਵੱਟ ਨੂੰ ਨੁਕ਼ਸਾਨ ਪਹੁੰਚਾਏ ਬਿਨਾਂ ਬਾਹਰ ਨਿੱਕਲੇਗਾ। ਕਦੇ ਇਹ ਸ਼ਬਦ 'ਨਿਰਮਿਸ਼ਟ' ਨਿਸਤਰਣ ਜਾਂ ਨਿਸਤਾਰ ਹੁੰਦਾ ਸੀ। ਤਾਲਾਬ ਬਣਾਉਣ ਵਾਲਿਆਂ ਦੀ ਜੀਭ ਨਾਲ ਘਸ-ਘਸ ਕੇ 'ਨੇਸ਼ਟਾ' ਦੇ ਰੂਪ ਵਿੱਚ ਇਨਾ ਮਜ਼ਬੂਤ ਹੋ ਗਿਆ ਹੈ ਕਿ ਸੈਂਕੜੇ ਸਾਲਾਂ ਵਿੱਚ ਇਸਦੀ ਇੱਕ ਵੀ ਮਾਤਰਾ ਨਹੀਂ ਟੁੱਟ ਸਕੀ।


ਨਿਕਾਸੀ ਵੱਟ ਦੀ ਉਚਾਈ ਤੋਂ ਥੋੜ੍ਹਾ ਥੱਲੇ ਹੋਵੇਗੀ, ਤਾਹੀਓਂ ਤਾਂ ਵੱਟ ਨੂੰ ਤੋੜਨ ਤੋਂ ਪਹਿਲਾਂ ਪਾਣੀ ਨੂੰ ਬਾਹਰ ਕੱਢ ਸਕੇਗੀ, ਜ਼ਮੀਨ ਤੋਂ ਇਸਦੀ ਉਚਾਈ, ਵੱਟ ਦੀ ਉਚਾਈ ਦੇ ਅਨੁਪਾਤ ਵਿੱਚ ਤੈਅ ਹੋਵੇਗੀ, ਅਨੁਪਾਤ ਹੋਵੇਗਾ ਕੋਈ 10 ਜਾਂ 7 ਹੱਥਾਂ ਦਾ।

ਵੱਟ ਅਤੇ ਨਿਕਾਸੀ ਦਾ ਕੰਮ ਪੂਰਾ ਹੋਇਆ ਤਾਂ ਬਣ ਗਿਆ ਤਾਲਾਬ ਦਾ ਕੇਂਦਰ, ਆਲੇ-ਦੁਆਲੇ ਦਾ ਸਾਰਾ ਪਾਣੀ ਕੇਂਦਰ ਵਿੱਚ ਸਿਮਟ ਆਏਗਾ। ਤਜਰਬੇਕਾਰ ਅੱਖਾਂ ਇੱਕ ਵਾਰ ਫੇਰ ਕੇਂਦਰ ਅਤੇ ਆਲਾ-ਦੁਆਲਾ ਨਾਪ ਕੇ ਵੇਖ ਲੈਂਦੀਆਂ ਹਨ। ਕੇਂਦਰ ਦੀ ਸਮਰੱਥਾ ਆਲੇ-ਦੁਆਲੇ ਤੋਂ ਆਉਣ ਵਾਲੇ ਪਾਣੀ ਤੋਂ ਕਿਤੇ ਜ਼ਿਆਦਾ ਤਾਂ ਨਹੀਂ, ਘੱਟ ਤਾਂ ਨਹੀਂ, ਉੱਤਰ ਹਾਂ 'ਚ ਨਹੀਂ ਆਏਗਾ।



ਆਖ਼ਰੀ ਵਾਰ ਡੌਰੂ ਵੱਜੇਗਾ, ਕੰਮ ਬੇਸ਼ੱਕ ਪੂਰਾ ਹੋ ਗਿਆ ਹੈ, ਪਰ ਅੱਜ ਫੇਰ ਸਾਰੇ ਲੋਕ ਇਕੱਠੇ ਹੋਣਗੇ, ਤਾਲਾਬ ਦੀ ਵੱਟ ਉੱਤੇ ਅਣਪੁੱਛੀ ਗਿਆਰਸ ਨੂੰ ਜਿਹੜਾ ਸੰਕਲਪ ਕੀਤਾ ਸੀ, ਉਹ ਅੱਜ ਪੂਰਾ ਹੋਇਆ। ਬੱਸ ਆਗੌਰ ਦੇ ਵਿਚਕਾਰ 'ਸਤੰਭ' (ਪੱਥਰ) ਲੱਗੇਗਾ ਅਤੇ ਵੱਟ ਉੱਤੇ ਘਟੋਇਆ ਦੇਵਤੇ ਦੀ ਮੂਰਤੀ ਸਥਾਪਤ ਕੀਤੀ ਜਾਵੇਗੀ। ਆਗੌਰ (ਜਿੱਥੋਂ ਪਾਣੀ ਆਉਂਦਾ ਹੈ) ਦੇ ਸਤੰਭ ਉੱਤੇ ਗਣੇਸ਼ ਜੀ ਬਿਰਾਜਮਾਨ ਹਨ। ਥੱਲੇ ਹਨ ਸੱਪਾਂ ਦੇ ਰਾਜਾ ਘਟੋਇਆ ਬਾਬਾ ਜਿਹੜੇ ਘਾਟ ਉੱਤੇ ਬੈਠੇ ਤਾਲਾਬ ਦੀ ਰਾਖੀ ਕਰਨਗੇ।

ਅੱਜ ਸਭ ਦੀ ਰੋਟੀ ਸਾਂਝੀ ਹੋਵੇਗੀ। ਸੁੰਦਰ ਮਜ਼ਬੂਤ ਵੱਟ ਨਾਲ ਘਿਰਿਆ ਤਾਲਾਬ ਦੂਰੋਂ ਇੱਕ ਖ਼ੂਬਸੂਰਤ ਥਾਲ ਵਾਂਗ ਦਿਸਦਾ ਹੈ। ਜਿਹੜੇ ਬੇਨਾਮ ਲੋਕਾਂ ਨੇ ਇਸਨੂੰ ਬਣਾਇਆ ਹੈ, ਅੱਜ ਉਹ ਭੋਗ ਵੰਡ ਕੇ ਇਸਨੂੰ ਇੱਕ ਸੁੰਦਰ ਨਾਂ ਨਾਲ ਸੁਸ਼ੋਭਿਤ ਕਰਨਗੇ। ਇਹ ਨਾਂ ਕਿਸੇ ਕਾਗ਼ਜ਼ ਉੱਤੇ ਨਹੀਂ, ਸਗੋਂ ਲੋਕਾਂ ਦੇ ਦਿਲਾਂ ਉੱਤੇ ਹਮੇਸ਼ਾ ਲਈ ਲਿਖਿਆ ਜਾਵੇਗਾ।



ਚੂਨਕਰਾਂ ਦੇ ਕੰਮ ਨੂੰ ਪੱਕਾ ਕਰਦੀ ਗਰਟ

ਪਰ ਸਿਰਫ਼ ਨਾਂ ਨਾਲ ਕੰਮ ਖ਼ਤਮ ਨਹੀਂ ਹੁੰਦਾ। ਜਿਵੇਂ ਹੀ ਹਥਿਆ ਤਾਰਾ ਦਿਸੇਗਾ, ਪਾਣੀ ਦੀ ਪਹਿਲੀ ਝੱਲ ਡਿੱਗੇਗੀ। ਸਾਰੇ ਲੋਕ ਫੇਰ ਤਾਲਾਬ ਉੱਤੇ ਇਕੱਠੇ ਹੋਣਗੇ। ਤਜਰਬੇਕਾਰ ਅੱਖਾਂ ਅੱਜ ਹੀ ਤਾਂ ਕਸੌਟੀ ਉੱਤੇ ਚੜ੍ਹਨਗੀਆਂ। ਲੋਕੀ ਕਹੀਆਂ, ਫਹੁੜੇ, ਬਾਂਸ ਅਤੇ ਲਾਠੀਆਂ ਲੈ ਕੇ ਵੱਟ ਉੱਤੇ ਘੁੰਮ ਰਹੇ ਹਨ। ਬੜੇ ਸੋਹਣੇ ਜੁਗਾੜ ਨਾਲ ਬਣੀ ਵੱਟ ਵੀ ਪਹਿਲੇ ਝੱਲੇ ਦਾ ਪਾਣੀ ਪੀਤੇ ਬਗ਼ੈਰ ਮਜ਼ਬੂਤ ਨਹੀਂ ਹੁੰਦੀ, ਕਿਤੋਂ ਪਾਣੀ ਰਿਸ ਸਕਦਾ ਹੈ, ਦਰਾੜਾਂ ਪੈ ਸਕਦੀਆਂ ਹਨ, ਚੂਹਿਆਂ ਨੂੰ ਖੁੱਡਾਂ ਬਣਾਉਣ ਲੱਗਿਆਂ ਵੀ ਕਿੰਨਾ ਕੁ ਸਮਾਂ ਲੱਗਦੈ ਭਲਾ! ਵੱਟ ਉੱਤੇ ਤੁਰਦੇ-ਫਿਰਦੇ ਲੋਕੀ ਬਾਂਸਾਂ ਨਾਲ, ਲਾਠੀਆਂ ਨਾਲ ਇਨ੍ਹਾਂ ਖੁੱਡਾਂ ਨੂੰ ਦੱਬ-ਦੱਬ ਕੇ ਭਰ ਰਹੇ ਹਨ।

ਕੱਲ੍ਹ ਜਿਵੇਂ-ਜਿਵੇਂ ਵੱਟ ਉੱਠ ਰਹੀ ਸੀ, ਅੱਜ ਉਸੇ ਤਰ੍ਹਾਂ ਕੇਂਦਰ ਵਿੱਚ ਪਾਣੀ ਉੱਠ ਰਿਹਾ ਹੈ। ਅੱਜ ਉਹ ਪੂਰੇ ਕੇਂਦਰ ਵਿੱਚ ਸਿਮਟ ਕੇ ਆ ਰਿਹਾ ਹੈ।

*ਸਿਮਟ-ਸਿਮਟ ਜਲ ਭਰਹਿਂ ਤਾਲਾਬਾ,*
*ਜਿਮੀਂ ਸਦਗੁਣ ਸੱਜਣ ਪਹਿ ਆਵਾ।*

ਬੇਨਾਮ ਹੱਥਾਂ ਦੀ ਪੁਕਾਰ ਪਾਣੀ ਨੇ ਸੁਣ ਲਈ ਹੈ।

# ਸੰਸਾਰ ਸਾਗਰ ਦੇ ਨਾਇਕ

ਕੌਣ ਸਨ ਬੇਨਾਮ ਲੋਕ?

ਸੈਂਕੜੇ ਹਜ਼ਾਰਾਂ ਤਾਲਾਬ ਅਚਾਨਕ ਖਲਾਅ 'ਚੋਂ ਪੈਦਾ ਨਹੀਂ ਸਨ ਹੋਏ। ਉਨ੍ਹਾਂ ਦੇ ਪਿੱਛੇ ਇੱਕ ਇਕਾਈ ਸੀ ਬਣਾਉਣ ਵਾਲਿਆਂ ਦੀ, ਅਤੇ ਦਹਾਈ ਸੀ ਬਣਵਾਉਣ ਵਾਲਿਆਂ ਦੀ। ਇਹ ਇਕਾਈ-ਦਹਾਈ ਮਿਲ ਕੇ ਸੈਂਕੜੇ ਹਜ਼ਾਰ ਬਣਦੀ ਸੀ, ਪਰ ਪਿਛਲੇ ਦੋ ਸੌ ਸਾਲਾਂ ਵਿੱਚ ਨਵੀਂ ਕ਼ਿਸਮ ਦੀ ਥੋੜ੍ਹੀ ਜਿਹੀ ਪੜ੍ਹਾਈ ਪੜ੍ਹ ਗਏ ਸਮਾਜ ਨੇ ਇਸ ਇਕਾਈ-ਦਹਾਈ, ਸੈਂਕੜੇ-ਹਜ਼ਾਰ ਨੂੰ ਬਿਲਕੁਲ ਸਿਫ਼ਰ ਹੀ ਬਣਾ ਦਿੱਤਾ। ਇਸ ਨਵੇਂ ਸਮਾਜ ਵਿੱਚ ਇਹ ਜਾਣਨ ਦੀ ਵੀ ਉਤਸੁਕਤਾ ਨਹੀਂ ਬਚੀ ਕਿ ਉਨ੍ਹਾਂ ਤੋਂ ਪਹਿਲਾਂ ਵਾਲੇ ਦੌਰ ਵਿੱਚ ਤਾਲਾਬ ਭਲਾ ਕੌਣ ਬਣਾਉਂਦਾ ਸੀ। ਉਸਨੇ ਅਜਿਹੇ ਕੰਮ ਕਰਨ ਲਈ ਕਿਸ ਤਰ੍ਹਾਂ ਦਾ ਢਾਂਚਾ ਖੜ੍ਹਾ ਕੀਤਾ ਸੀ, ਆਈ.ਆਈ.ਟੀ. ਦਾ, ਸਿਵਲ ਇੰਜੀਨੀਅਰਿੰਗ ਦਾ, ਉਸ ਪੈਮਾਨੇ ਨਾਲ, ਉਸ ਗਜ਼ ਨਾਲ ਵੀ ਇਸ ਤੋਂ ਪਹਿਲਾਂ ਹੋ ਚੁੱਕੇ ਕੰਮ ਨੂੰ ਨਾਪਣ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਜੇਕਰ ਉਹ ਆਪਣੇ ਗਜ਼ ਨਾਲ ਵੀ ਉਸ ਕੰਮ ਨੂੰ ਨਾਪਦਾ ਤਾਂ ਘੱਟੋ-ਘੱਟ ਉਸਦੇ ਮਨ ਵਿੱਚ ਅਜਿਹੇ ਸਵਾਲ ਤਾਂ ਉੱਠਦੇ ਹੀ ਕਿ ਉਸ ਦੌਰ ਦੀ ਆਈ.ਆਈ.ਟੀ. ਕਿੱਥੇ ਸੀ! ਕੌਣ ਸਨ ਉਸਦੇ ਨਿਰਦੇਸ਼ਕ? ਕਿੰਨਾ ਬਜਟ ਸੀ ਉਸਦਾ? ਕਿੰਨੇ ਸਿਵਲ ਇੰਜੀਨੀਅਰ ਨਿਕਲਦੇ ਸਨ? ਪਰ ਉਸਨੇ ਇਸ ਸਭ ਨੂੰ ਗੁਜ਼ਰੇ ਵਕਤ ਦਾ ਹੋਇਆ ਬੀਤਿਆ ਕੰਮ ਮੰਨਿਆ ਅਤੇ ਪਾਣੀ ਦੇ ਪ੍ਰਸ਼ਨ ਨੂੰ ਨਵੇਂ ਢੰਗ ਨਾਲ ਹੱਲ ਕਰਨ ਦਾ ਵਾਅਦਾ ਵੀ ਕੀਤਾ ਅਤੇ ਦਾਅਵਾ ਵੀ।

ਪਿੰਡਾਂ, ਕ਼ਸਬਿਆਂ ਦੀ ਤਾਂ ਗੱਲ ਹੀ ਛੱਡੋ, ਵੱਡੇ ਸ਼ਹਿਰਾਂ ਦੇ ਸਾਂ-ਸਾਂ ਕਰਦੇ ਨਲਕਿਆਂ ਵਿੱਚ ਮਰਜ਼ੀ ਨਾਲ ਆਉਂਦਾ ਪਾਣੀ ਇਸ ਵਾਅਦੇ ਅਤੇ ਦਾਅਵੇ ਨੂੰ ਮੂੰਹ ਚਿੜਾਉਂਦਾ ਹੈ। ਜੇਕਰ ਇਸ ਸਮੇਂ ਦੇ ਸਮਾਜ ਦੇ ਦਾਅਵੇ ਨੂੰ ਉਸੇ ਦੇ ਹੀ ਗਜ਼ ਨਾਲ ਨਾਪੀਏ ਤਾਂ ਕਦੇ ਦਾਅਵੇ ਛੋਟੇ ਹੋ ਜਾਂਦੇ ਹਨ ਤਾਂ ਕਦੇ ਗਜ਼ ਹੀ ਛੋਟਾ ਰਹਿ ਜਾਂਦਾ ਹੈ।



ਚਲੋ, ਇਸ ਗੱਲ ਨੂੰ ਹਾਲੇ ਇੱਥੇ ਹੀ ਛੱਡੀਏ। ਜ਼ਰਾ ਪਿੱਛੇ ਮੁੜੀਏ! ਜਿਹੜੇ ਅੱਜ ਬੇ-ਨਾਮ ਹੋ ਗਏ ਹਨ, ਇੱਕ ਸਮੇਂ ਉਨ੍ਹਾਂ ਦਾ ਬਹੁਤ ਨਾਂ ਸੀ। ਪੂਰੇ ਦੇਸ਼ ਵਿੱਚ ਤਾਲਾਬ ਬਣਦੇ ਸਨ ਅਤੇ ਬਣਾਉਣ ਵਾਲੇ ਵੀ ਪੂਰੇ ਦੇਸ਼ ਵਿੱਚ ਹੀ ਸਨ। ਕਿਤੇ ਇਹ ਵਿੱਦਿਆ ਕਿਸੇ ਪਾਠਸ਼ਾਲਾ ਵਿੱਚ ਸਿਖਾਈ ਜਾਂਦੀ ਸੀ, ਕਿਤੇ ਇਹ ਜਾਤ ਤੋਂ ਹਟ ਕੇ ਪਾਤ (ਪੰਗਤ) ਵੀ ਬਣ ਜਾਂਦੀ ਸੀ। ਇਸ ਨੂੰ ਕਿਸੇ ਜਾਤ ਵਿਸ਼ੇਸ਼ ਨਾਲ ਵੀ ਜੋੜ ਕੇ ਵੇਖਿਆ ਜਾਂਦਾ ਸੀ। ਤਾਲਾਬ ਬਣਾਉਣ ਵਾਲੇ ਲੋਕ ਕਦੇ ਇੱਕ ਥਾਂ ਵਸੇ ਹੁੰਦੇ ਅਤੇ ਕਦੇ ਉਹ ਘੁੰਮ-ਘੁੰਮ ਕੇ ਇਹ ਕੰਮ ਕਰਦੇ ਫਿਰਦੇ ਸਨ।

ਗਜ਼ਧਰ ਇੱਕ ਸੁੰਦਰ ਸ਼ਬਦ ਹੈ, ਤਾਲਾਬ ਬਣਾਉਣ ਵਾਲਿਆਂ ਨੂੰ ਆਦਰ ਨਾਲ ਯਾਦ ਕਰਨ ਲਈ। ਰਾਜਸਥਾਨ ਦੇ ਕੁੱਝ ਭਾਗਾਂ ਵਿੱਚ ਇਹ ਸ਼ਬਦ ਅੱਜ ਵੀ ਪ੍ਰਚਲਿਤ ਹੈ। ਗਜ਼ਧਰ, ਭਾਵ ਜਿਹੜਾ ਗਜ਼ ਨੂੰ ਧਾਰਨ ਕਰਦਾ ਹੈ ਅਤੇ ਗਜ਼ ਉਹੀ ਜਿਹੜਾ ਨਾਪਣ ਦੇ ਕੰਮ ਆਉਂਦਾ ਹੈ। ਸਮਾਜ ਨੇ ਇਨ੍ਹਾਂ ਨੂੰ ਤਿੰਨ ਹੱਥ ਲੰਮੀ ਲੋਹੇ ਦੀ ਛੜੀ ਲੈ ਕੇ ਘੁੰਮਣ ਵਾਲੇ ਮਿਸਤਰੀ ਨਹੀਂ ਮੰਨਿਆ। ਗਜ਼ਧਰ, ਜਿਹੜਾ ਸਮਾਜ ਦੀ ਡੂੰਘਾਈ ਨਾਪ ਸਕੇ, ਉਸਨੂੰ ਅਜਿਹਾ ਉੱਚਾ ਦਰਜਾ ਦਿੱਤਾ ਗਿਆ ਹੈ।

ਗਜ਼ਧਰ ਵਾਸਤੂਕਾਰ (ਸ਼ਿਲਪਕਾਰ) ਸਨ। ਪਿੰਡ ਦਾ ਸਮਾਜ ਹੋਵੇ ਜਾਂ ਨਗਰ ਦਾ, ਉਸਨੂੰ ਨਵੇਂ ਸਿਰਿਉਂ ਬਣਾਉਣ ਦੀ, ਸਾਰੇ ਰੱਖ-ਰੱਖਾਅ ਦੀ ਜ਼ਿੰਮੇਦਾਰੀ ਗਜ਼ਧਰ ਨਿਭਾਉਂਦੇ ਸਨ। ਨਗਰ ਨਿਯੋਜਨ ਤੋਂ ਲੈ ਕੇ ਛੋਟੇ ਤੋਂ ਛੋਟੇ ਨਵੇਂ ਨਿਰਮਾਣ ਦੀ ਯੋਜਨਾ ਵੀ ਗਜ਼ਧਰਾਂ ਦੇ ਮੋਢਿਆਂ ਉੱਪਰ ਹੁੰਦੀ ਸੀ। ਉਹ ਯੋਜਨਾ ਬਣਾਉਂਦੇ ਸਨ, ਸਾਰੇ ਕੰਮ ਦੀ ਲਾਗਤ ਕੱਢਦੇ, ਕੰਮ ਆਉਣ ਵਾਲੀ ਸਮੱਗਰੀ ਦਾ ਜੁਗਾੜ ਕਰਦੇ ਸਨ ਅਤੇ ਇਸਦੇ ਬਦਲੇ ਜਜਮਾਨ ਕੋਲੋਂ ਅਜਿਹਾ ਕੁੱਝ ਨਹੀਂ ਸਨ ਮੰਗਦੇ, ਜਿਹੜਾ ਉਹ ਨਾ ਦੇ ਸਕਦਾ ਹੋਵੇ। ਲੋਕੀ ਵੀ ਅਜਿਹੇ ਸਨ ਕਿ ਉਨ੍ਹਾਂ ਤੋਂ ਜੋ ਸਰਦਾ, ਉਹ ਗਜ਼ਧਰ ਨੂੰ ਭੇਟ ਕਰ ਦਿੰਦੇ।



ਸਮਾਜ ਦੀ ਡੂੰਘਾਈ
ਨਾਪਦੇ ਰਹੇ ਨੇ ਗਜ਼ਧਰ

ਕੰਮ ਪੂਰਾ ਹੋਣ 'ਤੇ ਮਿਹਨਤ ਤੋਂ ਇਲਾਵਾ ਗਜ਼ਧਰ ਨੂੰ ਮਾਣ-ਸਨਮਾਨ ਵੀ ਮਿਲਦਾ ਸੀ। ਸਿਰੋਪਾ ਭੇਟ ਕਰਨਾ ਹੁਣ ਸਿਰਫ਼ ਸਿੱਖ ਪਰੰਪਰਾ ਵਿੱਚ ਹੀ ਬਚਿਆ ਹੈ, ਪਰ ਕੁੱਝ ਸਮੇਂ ਪਹਿਲਾਂ ਤੱਕ ਰਾਜਸਥਾਨ ਵਿੱਚ ਗਜ਼ਧਰ ਨੂੰ ਗ੍ਰਹਿਸਤੀਆਂ ਵੱਲੋਂ ਬੜੇ ਆਦਰ-ਸਤਿਕਾਰ ਨਾਲ ਸਿਰੋਪਾ ਭੇਟ ਕੀਤਾ ਜਾਂਦਾ ਸੀ। ਪੱਗ ਤੋਂ ਇਲਾਵਾ ਚਾਂਦੀ ਅਤੇ ਕਦੇ-ਕਦੇ ਸੋਨੇ ਦੇ ਬਟਨ ਵੀ ਭੇਟ ਕੀਤੇ ਜਾਂਦੇ ਸਨ, ਜ਼ਮੀਨ ਵੀ ਉਨ੍ਹਾਂ ਦੇ ਨਾਂ ਕੀਤੀ ਜਾਂਦੀ ਸੀ। ਪੱਗ ਬੰਨ੍ਹਣ ਤੋਂ ਬਾਅਦ ਗਜ਼ਧਰ ਆਪਣੇ ਨਾਲ ਦੇ ਕਾਮੇ ਸਾਥੀਆਂ ਦੇ ਨਾਂ ਵੀ ਦੱਸਦੇ ਸਨ। ਉਨ੍ਹਾਂ ਨੂੰ ਵੀ ਮਿਹਨਤ ਤੋਂ ਇਲਾਵਾ, ਜੋ ਕੁੱਝ ਸਰਦਾ, ਭੇਟ ਕੀਤਾ ਜਾਂਦਾ ਸੀ। ਮਾਣ-ਸਨਮਾਨ ਦਾ ਇਹ ਰੂਪ ਤਾਲਾਬ ਬਣਨ ਤੋਂ ਬਾਅਦ ਹੋਣ ਵਾਲੇ ਭੋਜਨ ਵਿੱਚ ਵਿਸ਼ੇਸ਼ ਰੂਪ ਵਿੱਚ ਦੇਖਿਆ ਜਾ ਸਕਦਾ ਸੀ।

ਗਜ਼ਧਰ ਹਿੰਦੂ ਸਨ, ਬਾਅਦ ਵਿੱਚ ਮੁਸਲਮਾਨ ਗਜ਼ਧਰ ਵੀ ਹੋਣ ਲੱਗ ਪਏ। ਸਿਲਾਵਟ ਜਾਂ ਸਿਲਾਵਟਾ (ਸਿਲਵੱਟਾ) ਨਾਂ ਦੀ ਜਾਤੀ ਵਾਸਤੂ ਕਲਾ ਵਿੱਚ ਬਹੁਤ ਕਮਾਲ ਸਿੱਧ ਹੋਈ ਹੈ। ਸਿਲਾਵਟਾ ਸ਼ਬਦ ਸ਼ਿਲਾ ਅਰਥਾਤ ਪੱਥਰ ਤੋਂ ਬਣਿਆ ਹੈ। ਸਿਲਾਵਟਾ ਵੀ ਗਜ਼ਧਰਾਂ ਵਾਂਗ ਦੋਹਾਂ ਧਰਮਾਂ ਤੋਂ ਸਨ। ਆਬਾਦੀ ਦੇ ਅਨੁਪਾਤ ਵਿੱਚ ਉਨ੍ਹਾਂ ਦੀ ਗਿਣਤੀ ਕਾਫ਼ੀ ਸੀ। ਉਨ੍ਹਾਂ ਦੇ ਆਪਣੇ ਮੁਹੱਲੇ ਸਨ। ਅੱਜ ਵੀ ਰਾਜਸਥਾਨ ਦੇ ਪੁਰਾਣੇ ਸ਼ਹਿਰਾਂ ਵਿੱਚ ਸਿਲਾਵਟਪਾੜਾ ਮਿਲ ਜਾਣਗੇ। ਸਿੰਧ ਖੇਤਰ ਵਿੱਚ ਕਰਾਚੀ ਵਿਖੇ ਸਿਲਾਵਟਾਂ ਦਾ ਪੂਰਾ ਮੁਹੱਲਾ ਹੈ। ਗਜ਼ਧਰ ਅਤੇ ਸਿਲਾਵਟਾ ਇੱਕ ਹੀ ਕੰਮ ਕਰਨ ਵਾਲੇ ਦੋ ਨਾਂ, ਕਿਤੇ-ਕਿਤੇ ਇੱਕ ਹੋ ਜਾਂਦੇ ਸਨ। ਕਰਾਚੀ ਵਿੱਚ ਵੀ ਇਨ੍ਹਾਂ ਨੂੰ ਬੜੇ ਮਾਣ ਨਾਲ ਦੇਖਿਆ ਜਾਂਦਾ ਸੀ। ਵੰਡ ਤੋਂ ਬਾਅਦ ਪਾਕਿਸਤਾਨ ਦੇ ਮੰਤਰੀ ਮੰਡਲ ਵਿੱਚ ਇੱਕ ਸਿਲਾਵਟ ਹਾਕਿਮ ਮੁਹੰਮਦ ਗਜ਼ਧਰ ਦੀ ਨਿਯੁਕਤੀ ਹੋਈ ਸੀ।

ਇਨ੍ਹਾਂ ਦੀ ਇੱਕ ਧਾਰਾ ਤੋਮਰ ਵੰਸ਼ ਤੱਕ ਵੀ ਜਾਂਦੀ ਹੈ ਅਤੇ ਸਮਾਜ-ਨਿਰਮਾਣ ਦੀ ਸਭ ਤੋਂ ਉੱਚੀ ਕੁਰਸੀ ਤੱਕ ਪੁੱਜਦੀ ਹੈ। ਅਨੰਗਪਾਲ ਤੋਮਰ ਨੇ ਵੀ ਕਦੀ ਦਿੱਲੀ ਉੱਤੇ ਝੰਡਾ ਲਹਿਰਾਇਆ ਸੀ।


ਤਜਰਬੇਕਾਰ ਅੱਖਾਂ ਦੀ ਸੁੰਦਰ ਉਦਾਹਰਣ ਸਨ ਇਹ ਗਜ਼ਧਰ। ਗੁਰੂ-ਚੇਲਾ ਪਰੰਪਰਾ ਨਾਲ ਕੰਮ ਸਿਖਾਇਆ ਜਾਂਦਾ ਸੀ। ਨਵੇਂ ਹੱਥਾਂ ਨੂੰ ਪੁਰਾਣਾ ਹੱਥ ਕੰਮ ਸਿਖਾਉਂਦਾ ਸੀ, ਜੋ ਕੁੱਝ ਸਮੇਂ ਬਾਅਦ 'ਜੋਟੀਦਾਰ' ਬਣ ਜਾਂਦਾ। ਜੋਟੀਦਾਰ ਭਾਵ ਗਜ਼ਧਰ ਦਾ ਵਿਸ਼ਵਾਸਯੋਗ ਸਾਥੀ। ਕਿਸੇ ਇੱਕ ਗਜ਼ਧਰ ਦੇ ਕਈ 'ਜੋਟੀਦਾਰ' ਹੁੰਦੇ ਸਨ। ਕੁੱਝ ਚੰਗੇ ਜੋਟੀਦਾਰ ਗਜ਼ਧਰ ਇੰਨੇ ਉੱਪਰ ਉੱਠ ਜਾਂਦੇ ਸਨ ਕਿ ਫਿਰ ਉਨ੍ਹਾਂ ਦਾ ਸਿਰਫ਼ ਨਾਂ ਹੀ ਰਹਿ ਜਾਂਦਾ, ਗਜ਼ ਛੁੱਟ ਹੀ ਜਾਂਦਾ ਸੀ। ਚੰਗੇ ਗਜ਼ਧਰ ਦੀ ਪਰਿਭਾਸ਼ਾ ਇਹੀ ਸੀ ਕਿ ਉਹ ਔਜ਼ਾਰਾਂ ਨੂੰ ਹੱਥ ਨਹੀਂ ਸੀ ਲਾਉਂਦੇ, ਸਿਰਫ਼ ਜਗ੍ਹਾ ਦੇਖ ਕੇ ਫ਼ੈਸਲਾ ਕਰਦੇ ਕਿ ਕਿੱਥੇ ਕੀ ਕਰਨਾ ਹੈ। ਉਹ ਸਿਰਫ਼ ਇੱਕ ਥਾਂ ਬੈਠ ਜਾਂਦੇ ਅਤੇ ਕੰਮ ਉਨ੍ਹਾਂ ਦੇ ਹੁਕਮਾਂ ਉੱਤੇ ਚਲਦਾ ਰਹਿੰਦਾ।

ਔਜ਼ਾਰਾਂ ਦੀ ਵਰਤੋਂ ਕਰ ਕੇ ਇੰਨਾ ਉੱਪਰ ਉੱਠਣਾ ਕਿ ਉਨ੍ਹਾਂ ਦੀ ਜ਼ਰੂਰਤ ਹੀ ਨਾ ਰਹੇ, ਇਹ ਇੱਕ ਗੱਲ ਹੈ, ਪਰ ਕਦੇ ਔਜ਼ਾਰਾਂ ਨੂੰ ਬਿਲਕੁਲ ਹੱਥ ਹੀ ਨਾ ਲਾਉਣਾ,



ਇਹ ਬਿਲਕੁਲ ਦੂਜੀ ਗੱਲ ਹੈ। ਅਜਿਹੇ ਸਿੱਧਾਂ ਨੂੰ ਸਿਰਭਾਵ ਕਿਹਾ ਜਾਂਦਾ ਸੀ। ਸਿਰਭਾਵ ਕਿਸੇ ਵੀ ਔਜ਼ਾਰ ਤੋਂ ਬਿਨਾਂ ਪਾਣੀ ਦੀ ਠੀਕ ਜਗ੍ਹਾ ਦੱਸ ਦਿੰਦੇ ਸਨ। ਕਹਿੰਦੇ ਹਨ ਕਿ ਉਨ੍ਹਾਂ ਨੂੰ ਰੱਬੋਂ ਹੀ ਪਤਾ ਲੱਗ ਜਾਂਦਾ ਸੀ ਕਿ ਇਸ ਥਾਂ ਹੇਠ ਪਾਣੀ ਹੈ। ਸਿਰਭਾਵ ਕਿਸੇ ਜਾਤੀ ਵਿਸ਼ੇਸ਼ ਦੇ ਨਹੀਂ ਸਨ ਹੁੰਦੇ। ਬੱਸ, ਕਿਸੇ-ਕਿਸੇ ਨੂੰ ਇਹ ਸਿੱਧੀ ਮਿਲ ਜਾਂਦੀ ਸੀ। ਜਲਸੁੰਘਾ ਭਾਵ ਧਰਤੀ ਨੂੰ ਸੁੰਘ ਕੇ ਦੱਸਣ ਵਾਲੇ ਲੋਕ ਵੀ ਸਿਰਭਾਵ ਵਰਗੇ ਹੀ ਹੁੰਦੇ ਸਨ, ਪਰ ਉਹ ਧਰਤੀ ਦੀਆਂ ਤਰੰਗਾਂ ਦੇ ਸੰਕੇਤਾਂ ਤੋਂ ਅੰਬ ਜਾਂ ਜਾਮਣ ਦੀ ਲੱਕੜੀ ਦੀ ਸਹਾਇਤਾ ਨਾਲ ਪਾਣੀ ਦੀਆਂ ਤਰੰਗਾਂ ਬਾਰੇ ਦੱਸ ਦਿੰਦੇ ਸਨ। ਇਹ ਕੰਮ ਅੱਜ ਵੀ ਜਾਰੀ ਹੈ। ਟਿਊਬਵੈੱਲ ਪੁੱਟਣ ਵਾਲੀਆਂ ਕੰਪਨੀਆਂ ਪਹਿਲਾਂ ਆਪਣੇ ਯੰਤਰ ਨਾਲ ਜਗ੍ਹਾ ਚੁਣਦੀਆਂ ਹਨ, ਫਿਰ ਇਨ੍ਹਾਂ ਨੂੰ ਬੁਲਾ ਕੇ ਪੱਕਾ ਕਰ ਲੈਂਦੀਆਂ ਹਨ ਕਿ ਪਾਣੀ ਮਿਲੇਗਾ ਕਿ ਨਹੀਂ। ਸਰਕਾਰੀ ਖੇਤਰਾਂ ਵਿੱਚ ਵੀ ਇਹਨਾਂ ਦੀਆਂ ਸੇਵਾਵਾਂ ਲੈ ਲਈਆਂ ਜਾਂਦੀਆਂ ਹਨ ਪਰ ਸਰਕਾਰੀ ਕਾਗ਼ਜ਼ਾਂ ਵਿੱਚ ਇਹ ਗੱਲ ਦਰਜ ਨਹੀਂ ਕੀਤੀ ਜਾਂਦੀ।

ਸਭ ਸਾਧਨਾਂ ਨਾਲ ਸੰਪੰਨ ਸਮਾਜ



ਸਿਲਾਵਟਾ ਸ਼ਬਦ ਮੱਧ-ਪ੍ਰਦੇਸ਼ ਤੱਕ ਜਾਂਦੇ-ਜਾਂਦੇ ਇੱਕ ਮਾਤਰਾ ਗੁਆ ਕੇ ਸਿਲਾਵਟ ਬਣ ਜਾਂਦਾ ਹੈ। ਪਰ ਇਸਦਾ ਗੁਣ ਜਿਉਂ ਦਾ ਤਿਉਂ ਰਹਿੰਦਾ ਹੈ। ਕਿਤੇ-ਕਿਤੇ ਮੱਧ ਦੇਸ਼ ਵਿੱਚ ਸ਼ਿਲਾਕਾਰ ਵੀ ਸਨ। ਗੁਜਰਾਤ ਵਿੱਚ ਵੀ ਇਨ੍ਹਾਂ ਦੀ ਵਾਹਵਾ ਆਬਾਦੀ ਹੈ। ਉੱਥੇ ਇਨ੍ਹਾਂ ਨੂੰ ਸਲਾਟ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚੋਂ ਹੀਰਾ ਸਲਾਟ ਪੱਥਰ ਉੱਤੇ ਕੰਮ ਕਰਨ ਵਾਲੇ ਬਹੁਤ ਹੀ ਪ੍ਰਸਿੱਧ ਹੋਏ ਹਨ।

ਕੱਛ ਵਿੱਚ ਗਜ਼ਧਰਾਂ ਨੂੰ ਗਈਧਰ ਕਿਹਾ ਜਾਂਦਾ ਸੀ। ਉਨ੍ਹਾਂ ਦਾ ਵੰਸ਼ ਇੰਦਰ ਦੇਵਤਾ ਦੇ ਪੁੱਤਰ ਜੈਯੰਤ ਤੋਂ ਸ਼ੁਰੂ ਹੁੰਦਾ ਹੈ। ਗਜ਼ਧਰਾਂ ਦਾ ਇੱਕ ਨਾਂ ਸੂਤਰਧਾਰ ਵੀ ਰਿਹਾ ਹੈ। ਇਹੋ ਨਾਂ ਬਾਅਦ ਵਿੱਚ ਗੁਜਰਾਤ ਦੇ ਥਾਰ ਅਤੇ ਦੇਸ਼ ਦੇ ਕਈ ਭਾਗਾਂ ਵਿੱਚ ਸੁਥਾਰ ਬਣ ਗਿਆ। ਗਜ਼ਧਰਾਂ ਦਾ ਇੱਕ ਸ਼ਾਸਤਰੀ ਨਾਂ ਸਥਪਤੀ ਵੀ ਸੀ, ਜਿਹੜਾ ਥਵਈ ਵਾਂਗ ਅੱਜ ਵੀ ਪ੍ਰਸਿੱਧ ਹੈ।

ਪਥਰੋਟ ਅਤੇ ਟਕਾਰੀ ਵੀ ਪੱਥਰ ਉੱਤੇ ਹੋਣ ਵਾਲੇ ਸਾਰੇ ਕੰਮਾਂ ਦੇ ਚੰਗੇ ਜਾਣਕਾਰ ਸਨ ਅਤੇ ਤਾਲਾਬ ਬਣਾਉਣ ਵਾਲਿਆਂ ਦੇ ਵੀ ਕੰਮ ਆਉਂਦੇ ਸਨ। ਮੱਧ-ਪ੍ਰਦੇਸ਼ ਵਿੱਚ ਪਥਰੋਟਾ ਨਾਂ ਦੇ ਪਿੰਡ ਅਤੇ ਮੁਹੱਲੇ ਅੱਜ ਵੀ ਉਨ੍ਹਾਂ ਦੀ ਯਾਦ ਦਿਵਾਉਂਦੇ ਹਨ। ਟਕਾਰੀ ਦੂਰ ਦੱਖਣ ਤੱਕ ਫੈਲੇ ਹੋਏ ਸਨ ਅਤੇ ਉਨ੍ਹਾਂ ਦੇ ਮੁਹੱਲੇ ਟਕੇਰਵਾੜੀ ਕਹਾਉਂਦੇ ਸਨ।

ਸੰਸਾਰ ਤਾਂ ਮਿੱਟੀ ਦਾ ਹੈ ਅਤੇ ਇਸ ਮਿੱਟੀ ਦੇ ਸੰਸਾਰ ਨੂੰ ਜਾਨਣ ਵਾਲਿਆਂ ਦੀ ਵੀ ਘਾਟ ਨਹੀਂ ਸੀ। ਇਨ੍ਹਾਂ ਨੂੰ ਮਟਕੂਟ (ਮਿੱਟੀਕੁੱਟ) ਕਿਹਾ ਜਾਂਦਾ ਸੀ ਅਤੇ ਕਿਤੇ-ਕਿਤੇ ਮਟਕੂੜਾ ਵੀ। ਇਹ ਜਿੱਥੇ ਜਾ ਕੇ ਵੀ ਵਸਦੇ, ਉਹ ਪਿੰਡ ਮਟਕੂਲੀ ਕਹਾਉਂਦੇ

ਸਨ। ਸੋਨਕਰ ਅਤੇ ਸੁਨਕਰ ਸ਼ਬਦ ਸੋਨੇ ਦਾ ਕੰਮ ਕਰਨ ਵਾਲਿਆਂ ਲਈ ਸਨ, ਪਰ ਇਹ ਸੋਨਾ, ਸੋਨਾ ਨਹੀਂ, ਮਿੱਟੀ ਹੀ ਸੀ। ਸੋਨਕਰ ਜਾਂ ਸੁਨਕਰ ਰਾਜ ਲਹਿਰੀਆ ਵੀ ਕਹਾਉਂਦੇ ਸਨ। ਉਹ ਆਪਣੇ ਆਪ ਨੂੰ ਰਘੂਵੰਸ਼ ਦੇ ਸਮਰਾਟ ਸਗਰ ਦੇ ਪੁੱਤਰਾਂ ਨਾਲ ਜੋੜਦੇ ਸਨ। ਸੰਸਾਰ-ਜੇਤੂ ਯੱਗ ਲਈ ਛੱਡੇ ਗਏ ਘੋੜੇ ਦੀ ਚੋਰੀ ਹੋ ਜਾਣ ਉੱਤੇ ਸਗਰ ਦੇ ਪੁੱਤਰਾਂ ਨੇ ਉਸ ਨੂੰ ਲੱਭਣ ਲਈ ਸਾਰੀ ਧਰਤੀ ਪੁੱਟ ਸੁੱਟੀ ਸੀ ਅਤੇ ਅੰਤ ਵਿੱਚ ਉਹ ਕਪਿਲ ਮੁਨੀ ਦੇ ਕਰੋਧ ਦੇ ਪਾਤਰ ਬਣ ਗਏ ਸਨ। ਉਸੇ ਸਰਾਪ ਕਾਰਨ ਸੋਨਕਰ ਤਾਲਾਬਾਂ ਵਿੱਚੋਂ ਮਿੱਟੀ ਕੱਢਣ ਦਾ ਕੰਮ ਕਰਦੇ ਸਨ। ਪਰ ਹੁਣ ਕਰੋਧ ਨਹੀਂ, ਪੁੰਨ ਕਮਾਉਂਦੇ ਸਨ। ਉਹ ਇੱਟਾਂ ਬਣਾਉਣ ਦੇ ਕੰਮ ਵਿੱਚ ਵੀ ਬਹੁਤ ਕੁਸ਼ਲ ਸਨ। ਖੰਤੀ (ਖੱਤੀ) ਵੀ ਤਾਲਾਬ ਵਿੱਚੋਂ ਮਿੱਟੀ ਪੁੱਟਣ ਦੇ ਕੰਮ ਲਈ ਸੱਦੇ ਜਾਂਦੇ ਸਨ। ਜਿੱਥੇ ਕਿਤੇ, ਕਿਸੇ ਵਜ੍ਹਾ ਕਾਰਨ ਇਹ ਨਹੀਂ ਸਨ ਹੁੰਦੇ, ਉੱਥੇ ਘੁਮਾਰ ਤੋਂ ਵੀ ਤਾਲਾਬ ਦੀ ਮਿੱਟੀ ਬਾਰੇ ਸਲਾਹ ਲਈ ਜਾਂਦੀ ਸੀ।

ਤਾਲਾਬ ਲਈ ਥਾਂ ਦੀ ਚੋਣ ਕਰਨ ਸਮੇਂ ਬੁਲੱਈ ਬਿਨਾਂ ਬੁਲਾਏ ਆਉਂਦੇ ਸਨ। ਬੁਲੱਈ ਭਾਵ ਉਹ ਲੋਕ, ਜਿਨ੍ਹਾਂ ਨੂੰ ਪਿੰਡ ਦੀ ਮੁੱਢ ਤੋਂ ਅਖੀਰ ਤੱਕ ਪੂਰੀ-ਪੂਰੀ ਜਾਣਕਾਰੀ ਹੁੰਦੀ ਸੀ। ਕਿੱਥੇ ਕਿਹੋ ਜਿਹੀ ਜ਼ਮੀਨ ਹੈ, ਕਿਸਦੀ ਹੈ, ਪਹਿਲਾਂ ਕਿੱਥੇ-ਕਿੱਥੇ ਤਾਲਾਬ, ਬਾਵੜੀਆਂ ਵਗ਼ੈਰਾ ਬਣ ਚੁੱਕੀਆਂ ਸਨ ਅਤੇ ਹੁਣ ਕਿੱਥੇ ਅਤੇ ਕਦੋਂ ਬਣ ਸਕਦੇ ਹਨ, ਅਜਿਹੀਆਂ ਸਭ ਜਾਣਕਾਰੀਆਂ ਬੁਲੱਈਆਂ ਨੂੰ ਜ਼ੁਬਾਨੀ ਯਾਦ ਹੁੰਦੀਆਂ ਸਨ। ਫੇਰ ਵੀ ਉਨ੍ਹਾਂ ਕੋਲ ਇਸ ਸਭ ਦਾ ਹਿਸਾਬ-ਕਿਤਾਬ ਬੜਾ ਬਾਰੀਕ਼ੀ ਨਾਲ ਲਿਖਿਆ ਮਿਲ ਸਕਦਾ ਸੀ। ਮਾਲਵਾ ਦੇ ਇਲਾਕ਼ੇ ਵਿੱਚ ਬੁਲੱਈ ਦੀ ਮਦਦ ਨਾਲ ਇਹ ਜਾਣਕਾਰੀ ਰਕ਼ਬੇ ਵਿੱਚ ਬਾਕ਼ਾਇਦਾ ਦਰਜ ਕੀਤੀ ਜਾਂਦੀ ਸੀ ਅਤੇ ਇਹ ਰਕ਼ਬਾ ਹਰੇਕ ਜ਼ਿਮੀਂਦਾਰ ਕੋਲ ਹੁੰਦਾ ਸੀ।

ਬੁਲੱਈਆਂ ਨੂੰ ਕਿਤੇ ਢੇਰ ਵੀ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਮਿਰਧਾ ਸਨ, ਜਿਹੜੇ ਜ਼ਮੀਨ ਦੀ ਨਾਪ-ਜੋਖ, ਹਿਸਾਬ-ਕਿਤਾਬ ਅਤੇ ਜ਼ਮੀਨ ਦੇ ਝਗੜੇ ਦਾ ਨਿਪਟਾਰਾ ਵੀ ਕਰਦੇ ਸਨ।

ਇੱਟ, ਚੂਨੇ ਅਤੇ ਗਾਰੇ ਦਾ ਕੰਮ ਚੁਨਕਰ ਕਰਦੇ ਸਨ। ਬਚੇ ਸਮੇਂ ਵਿੱਚ ਲੂਣ ਦਾ ਵਪਾਰ ਵੀ ਇਨ੍ਹਾਂ ਹੱਥਾਂ ਨਾਲ ਹੀ ਹੁੰਦਾ ਸੀ। ਅੱਜ ਦੇ ਮੱਧ-ਪ੍ਰਦੇਸ਼ ਵਿੱਚ ਸੰਨ 1911 ਵਿੱਚ ਚੁਨਕਰਾਂ ਦੀ ਆਬਾਦੀ 25,000 ਤੋਂ ਵੱਧ ਸੀ। ਉੜੀਸਾ ਵਿੱਚ ਇਨ੍ਹਾਂ ਨੂੰ ਲੁਨਿਆ, ਮੁਰਹਾ ਅਤੇ ਸਾਂਸੀ (ਸੈਂਸੀ) ਕਿਹਾ ਜਾਂਦਾ ਸੀ। ਅੰਗਰੇਜ਼ਾਂ ਦੇ ਸਮੇਂ ਸਾਂਸੀਆਂ ਨੂੰ ਅਪਰਾਧੀ ਜਾਤੀ ਦੱਸ ਕੇ ਪੂਰੀ ਤਰ੍ਹਾਂ ਤੋੜ ਦਿੱਤਾ ਗਿਆ ਸੀ।

ਨਵੇਂ ਲੋਕ ਜਿਵੇਂ-ਜਿਵੇਂ ਤਾਲਾਬਾਂ ਨੂੰ ਭੁੱਲਦੇ ਗਏ, ਉਸੇ ਤਰ੍ਹਾਂ ਬਣਾਉਣ ਵਾਲਿਆਂ ਨੂੰ ਵੀ। ਭੁੱਲੇ-ਵਿੱਸਰੇ ਲੋਕਾਂ ਦੀ ਸੂਚੀ ਵਿੱਚ ਦੁਸਾਧ, ਨੌਨੀਆ, ਗੋਂਡ, ਪਰਧਾਨ, ਕੋਲ, ਢੀਮਰ, ਢੀਂਵਰ, ਭੋਈ ਵੀ ਆਉਂਦੇ ਹਨ। ਇੱਕ ਸਮਾਂ ਸੀ ਜਦੋਂ ਇਹ ਸਭ ਤਾਲਾਬਾਂ ਦੇ ਚੰਗੇ ਜਾਣਕਾਰ ਮੰਨੇ ਜਾਂਦੇ ਸਨ। ਅੱਜ ਇਨ੍ਹਾਂ ਦੀ ਭੂਮਿਕਾ ਨੂੰ ਸਮਝਣ ਦਾ ਸਾਰਾ ਹੀ ਵੇਰਵਾ ਅਸੀਂ ਲੱਗਭਗ ਗੁਆ ਬੈਠੇ ਹਾਂ।



ਕੋਰੀ ਜਾਂ ਕੋਲੀ ਜਾਤੀ ਨੇ ਵੀ ਤਾਲਾਬਾਂ ਦਾ ਬੜਾ ਕੰਮ ਕੀਤਾ ਸੀ। ਸੈਂਕੜੇ ਤਾਲਾਬ ਬਣਾਉਣ ਵਾਲੇ ਕੋਰੀਆਂ ਬਾਰੇ ਅੱਜ ਠੀਕ ਢੰਗ ਨਾਲ ਜਾਣਕਾਰੀ ਦੇਣ ਵਾਲਾ ਇੱਕ ਵੀ ਫ਼ਿਕਰਾ ਨਹੀਂ ਮਿਲਦਾ। ਪਰ ਇੱਕ ਸਮਾਂ ਸੀ, ਬਹੁਤ ਸਾਰੇ ਖੇਤਰਾਂ ਵਿੱਚ ਕੋਲੀ ਜਾਤੀ ਦੇ ਕਾਮਿਆਂ ਨੂੰ ਆਪਣੇ ਲਾਗੇ ਵਸਾਉਣ ਵਾਸਤੇ ਲੋਕ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੰਦੇ ਸਨ। ਮਹਾਂਰਾਸ਼ਟਰ ਤੇ ਗੁਜਰਾਤ ਦੇ ਬਹੁਤ ਪਿੰਡਾਂ ਵਿੱਚ ਉਨ੍ਹਾਂ ਨੂੰ ਜ਼ਮੀਨ ਦਿੱਤੀ ਜਾਂਦੀ ਸੀ, ਉਨ੍ਹਾਂ ਦਾ ਲਗਾਨ ਮੁਆਫ਼ ਕੀਤਾ ਜਾਂਦਾ ਸੀ। ਅਜਿਹੀ ਜ਼ਮੀਨ ਨੂੰ ਬਾਰਾ ਜਾਂ ਵਾਰੋ ਕਿਹਾ ਜਾਂਦਾ ਸੀ।

ਸੱਚਮੁੱਚ ਲੌਹ-ਪੁਰਸ਼ ਸਨ ਅਗਰੀਆ। ਇਹ ਜਾਤੀ ਆਮ ਤੌਰ 'ਤੇ ਲੋਹੇ ਦਾ ਕੰਮ ਕਰਦੀ ਸੀ, ਪਰ ਕਿਤੇ-ਕਿਤੇ ਅਗਰੀਆ ਤਾਲਾਬ ਵੀ ਬਣਾਉਂਦੇ ਸਨ। ਤਾਲਾਬ ਪੁੱਟਣ ਦੇ ਔਜ਼ਾਰ ਕਹੀ, ਫਹੁੜਾ, ਬੇਲ, ਤਸਲੇ ਬਣਾਉਣ ਵਾਲੇ ਲੋਕ ਇਨ੍ਹਾਂ ਔਜ਼ਾਰਾਂ ਨੂੰ ਇਸਤੇਮਾਲ ਕਰਨ ਵਿੱਚ ਕਿਸੇ ਤੋਂ ਵੀ ਪਿੱਛੇ ਨਹੀਂ ਸਨ। ਬੇਲ ਸ਼ਬਦ ਤੋਂ ਹੀ ਬੇਲਦਾਰ ਬਣਿਆ ਹੈ।

ਮਾਲੀ ਸਮਾਜ ਅਤੇ ਇਸ ਕੰਮ ਵਿੱਚ ਲੱਗੀ ਪਰਿਹਾਰ ਜਾਤੀ ਦਾ ਵੀ ਯੋਗਦਾਨ ਤਾਲਾਬਾਂ ਵਿੱਚ ਬਹੁਤ ਸੀ। ਤਾਲਾਬ ਬਣਾਉਣ ਵਿੱਚ, ਆਲੇ-ਦੁਆਲੇ ਕਮਲ ਦੇ ਫੁੱਲ ਤੇ ਵੇਲ-ਬੂਟੇ ਪਾਉਣ ਵਿੱਚ ਉਨ੍ਹਾਂ ਦਾ ਬੜੇ ਕਮਾਲ ਦਾ ਯੋਗਦਾਨ ਸੀ। ਕਿਤੇ-ਕਿਤੇ ਤਾਲਾਬ ਦੇ ਕੰਢੇ ਕੁੱਝ ਜ਼ਮੀਨ ਸਿਰਫ਼ ਮਾਲੀ ਪਰਿਵਾਰਾਂ ਲਈ ਰੱਖੀ ਜਾਂਦੀ ਸੀ। ਉਨ੍ਹਾਂ ਦਾ ਜੀਵਨ ਤਾਲਾਬ ਦੇ ਸਹਾਰੇ ਹੀ ਚੱਲਦਾ ਸੀ ਅਤੇ ਜੀਵਨ ਭਰ ਉਹ ਤਾਲਾਬ ਦੀ ਰਾਖੀ ਕਰਦੇ ਸਨ।

ਭੀਲ, ਭਿਲਾਲੇ, ਸਹਰੀਆ, ਕੋਲ ਅੱਜ ਆਪਣਾ ਸਾਰਾ ਕੁੱਝ ਗੁਆ ਚੁੱਕੇ ਹਨ ਅਤੇ ਜਨ-ਜਾਤੀਆਂ ਦੀ ਅਨੁਸੂਚਿਤ ਸੂਚੀ ਵਿੱਚ ਸ਼ਾਮਿਲ ਕਰ ਦਿੱਤੇ ਗਏ ਹਨ। ਇੱਕ ਸਮੇਂ ਉਨ੍ਹਾਂ ਦੇ ਛੋਟੇ-ਵੱਡੇ ਰਾਜ ਸਨ। ਇਨ੍ਹਾਂ ਦੇ ਰਾਜਾਂ ਵਿੱਚ ਪਾਣੀ ਦੀ, ਤਾਲਾਬਾਂ ਦੀ ਪੂਰੀ ਜ਼ਿੰਮੇਦਾਰੀ ਇਨ੍ਹਾਂ ਦੀ ਆਪਣੀ ਹੁੰਦੀ ਸੀ। ਵਗਦੀ ਨਦੀ ਦਾ ਪਾਣੀ ਕਿੱਥੇ ਰੋਕਣਾ ਹੈ, ਕਿਵੇਂ ਰੋਕਣਾ ਹੈ ਅਤੇ ਫਿਰ ਉਸ ਬੰਨ੍ਹੇ ਹੋਏ ਪਾਣੀ ਨੂੰ ਕਿੰਨੀ ਦੂਰ ਤੱਕ ਸਿੰਜਾਈ ਲਈ ਲੈ ਕੇ ਜਾਣਾ ਹੈ, ਇਹ ਸੁਚੱਜਾ ਕੰਮ ਭੀਲ, ਤੀਰ-ਕਮਾਨ ਵਾਂਗ ਆਪਣੇ ਮੋਢਿਆਂ ਉੱਤੇ ਹੀ ਰੱਖਦੇ ਸਨ। ਅਜਿਹੇ ਬੰਨ੍ਹੇ ਹੋਏ ਪਾਣੀ ਅਤੇ ਤਾਲਾਬਾਂ ਦੀ ਉਨ੍ਹਾਂ ਨੂੰ ਬਹੁਤ ਪਰਖ ਸੀ। ਦਬਾਅ ਕਿੰਨਾ ਹੈ, ਕਿੰਨੀ ਦੂਰੀ ਉੱਤੇ ਉਹ ਖੂਹ ਨੂੰ ਹਰਾ ਕਰ ਸਕਦਾ ਹੈ। ਇਹ ਭੇਤ ਉਹ ਸਿਰਫ਼ ਆਪਣੇ ਤੀਰ ਨਾਲ ਰੇਖਾ ਖਿੱਚ ਕੇ ਹੀ ਦੱਸ ਸਕਦੇ ਸਨ।

ਰਾਜਸਥਾਨ ਵਿੱਚ ਇਹ ਕੰਮ ਮੀਣਾ ਕਰਦੇ ਸਨ। ਅਲਵਰ ਜ਼ਿਲ੍ਹੇ ਦੇ ਮੈਗਸਾਸੇ ਇਨਾਮ ਜੇਤੂ ਸ਼੍ਰੀ ਰਾਜਿੰਦਰ ਸਿੰਘ ਦੀ ਛੋਟੀ ਜਿਹੀ ਸੰਸਥਾ 'ਤਰੁਣ ਭਾਰਤ ਸੰਘ' ਨੇ ਪਿਛਲੇ 13 ਸਾਲਾਂ ਵਿੱਚ 17,500 ਤੋਂ ਵੱਧ ਤਾਲਾਬ ਬਣਾਏ ਹਨ। ਉਨ੍ਹਾਂ ਨੂੰ ਹਮੇਸ਼ਾ ਇਹ ਮਹਿਸੂਸ ਹੋਇਆ ਕਿ ਪੂਰਾ ਪਿੰਡ ਹੀ ਤਾਲਾਬ ਬਣਾਉਣਾ ਜਾਣਦਾ ਹੈ। ਔਖੀਆਂ

ਤੋਂ ਔਖੀਆਂ ਘੜੀਆਂ ਵਿੱਚ ਵੀ ਸੰਸਥਾ ਨੂੰ ਬਾਹਰੋਂ ਸਲਾਹ ਲੈਣ ਦੀ ਲੋੜ ਨਹੀਂ ਪਈ, ਕਿਉਂਕਿ ਪਿੰਡਾਂ ਵਿੱਚ ਮੀਨਾ ਰਹਿੰਦੇ ਸਨ, ਜਿਹੜੇ ਕਈ ਪੀੜ੍ਹੀਆਂ ਤੋਂ ਤਾਲਾਬਾਂ ਦਾ ਹੀ ਕੰਮ ਕਰ ਰਹੇ ਸਨ।

ਭੀਲ ਵੀ ਅੱਗੋਂ ਕਈ ਕ਼ਿਸਮ ਦੇ ਸਨ। ਨਾਇਕ, ਨਾਇਕਾ, ਚੋਲੀਵਾਲਾ ਨਾਇਕ, ਕਾਪੜੀਆ ਨਾਇਕ, ਵੱਡਾ ਨਾਇਕ, ਛੋਟਾ ਨਾਇਕ ਅਤੇ ਫਿਰ ਤਲਾਵੀਆ, ਗਰਾਸੀਆ, ਸਾਰੇ ਤਾਲਾਬ ਅਤੇ ਪਾਣੀ ਦੇ ਕੰਮ ਦੇ ਨਾਇਕ ਸਮਝੇ ਜਾਂਦੇ ਸਨ।

ਨਾਇਕ ਜਾਂ ਮਹਾਂਰਾਸ਼ਟਰ ਕੋਂਕਣ ਵਿੱਚ, ਨਾਇਕ ਦਾ ਅਹੁਦਾ ਬੰਜਾਰਾ ਸਮਾਜ ਵਿੱਚ ਵੀ ਸੀ। ਜੰਗਲਾਂ ਵਿੱਚ ਵਿਚਰਨ ਵਾਲੇ ਬਣਚਰ, ਬਿਣਚਰ ਹੌਲੀ-ਹੌਲੀ ਬਣਜਾਰੇ ਕਹਾਉਣ ਲੱਗੇ। ਇਨ੍ਹਾਂ ਸਾਰਿਆਂ ਦੀ ਅੱਜ ਬੜੀ ਮਾੜੀ ਹਾਲਤ ਬਣਾ ਦਿੱਤੀ ਗਈ ਹੈ। ਇੱਕ ਸਮੇਂ ਇਹ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਪਸ਼ੂਆਂ ਉੱਤੇ ਮਾਲ ਲੱਦ ਕੇ ਵਪਾਰ ਕਰਨ ਨਿੱਕਲਦੇ ਸਨ। ਗੰਨੇ ਦੇ ਖੇਤਰ ਵਿੱਚੋਂ ਚਾਵਲ ਦੇ ਖੇਤਰ ਵਿੱਚ ਗੁੜ ਲੈ ਜਾਂਦੇ ਅਤੇ ਫਿਰ ਚਾਵਲ ਲਿਆ ਕੇ ਦੂਜੇ ਇਲਾਕ਼ਿਆਂ ਵਿੱਚ ਵੇਚਦੇ ਸਨ।

ਸ਼ਾਹਜਹਾਂ ਦੇ ਵਜ਼ੀਰ ਆਸਫ਼ਜਹਾਂ ਜਦੋਂ 1630 ਈ: ਵਿੱਚ ਦੱਖਣ ਆਏ ਸਨ ਤਾਂ ਉਨ੍ਹਾਂ ਦੀ ਫ਼ੌਜ ਦਾ ਸਾਮਾਨ ਭੰਗੀ-ਜੰਗੀ ਨਾਂ ਦੇ ਨਾਇਕ ਵਣਜਾਰਿਆਂ ਦੇ ਬਲਦਾਂ ਉੱਤੇ ਲੱਦਿਆ ਗਿਆ ਸੀ। ਬਲਦਾਂ ਦੀ ਗਿਣਤੀ ਸੀ ਇੱਕ ਲੱਖ ਅੱਸੀ ਹਜ਼ਾਰ। ਭੰਗੀ-ਜੰਗੀ ਤੋਂ ਬਗ਼ੈਰ ਸ਼ਾਹੀ ਫ਼ੌਜ ਹਿੱਲ ਨਹੀਂ ਸੀ ਸਕਦੀ। ਉਸਦੀ ਪ੍ਰਸ਼ੰਸਾ ਵਿੱਚ ਵਜ਼ੀਰ ਆਸਫ਼ਜਹਾਂ ਨੇ ਉਹਨਾਂ ਨੂੰ ਸੋਨੇ ਨਾਲ ਲਿਖਿਆ ਇੱਕ ਤਾਮਰ ਪੱਤਰ ਭੇਟ ਕੀਤਾ ਸੀ।

ਵੇਰਵਿਆਂ ਵਿੱਚ ਭਾਵੇਂ ਕੁੱਝ ਉਨੀ-ਇੱਕੀ ਹੋ ਸਕਦੀ ਹੈ, ਪਰ ਉਨ੍ਹਾਂ ਦੇ ਕਾਰਵਾਂ ਵਿੱਚ ਪਸ਼ੂ ਇੰਨੇ ਹੁੰਦੇ ਸਨ ਕਿ ਗਿਣਨਾ ਔਖਾ ਹੋ ਜਾਂਦਾ ਸੀ। ਉਦੋਂ ਸਿਰਫ਼ ਇਨ੍ਹਾਂ ਨੂੰ ਇੱਕ ਲੱਖ ਪਸ਼ੂਆਂ ਦਾ ਕਾਰਵਾਂ ਮੰਨ ਲਿਆ ਜਾਂਦਾ ਸੀ ਅਤੇ ਅਜਿਹੀ ਟੋਲੀ ਦਾ ਨਾਇਕ ਲਾਖਾ (ਲੱਖੀ) ਬੰਜਾਰਾ ਕਹਾਉਂਦਾ ਸੀ। ਹਜ਼ਾਰਾਂ ਪਸ਼ੂਆਂ ਦੇ ਇਸ ਕਾਰਵਾਂ ਨੂੰ ਲੈ ਕੇ ਸੈਂਕੜੇ ਲੋਕ ਚਲਦੇ ਸਨ। ਇਨ੍ਹਾਂ ਦੇ ਇੱਕ ਦਿਨ ਦੇ ਪੜਾਅ 'ਤੇ ਪਾਣੀ ਦੀ ਕਿੰਨੀ ਮੰਗ ਹੁੰਦੀ ਹੋਵੇਗੀ, ਇਸਦਾ ਅੰਦਾਜ਼ਾ ਲਾਇਆ ਜਾ ਸਕਦੈ। ਜਿੱਥੇ ਇਹ ਜਾਂਦੇ, ਜੇਕਰ ਉੱਥੇ ਪਹਿਲਾਂ ਕੋਈ ਤਾਲਾਬ ਨਹੀਂ ਸੀ ਹੁੰਦਾ ਤਾਂ ਉੱਥੇ ਇਹ ਤਾਲਾਬ ਜਾਂ ਖੂਹ ਬਣਾਉਣਾ ਆਪਣਾ ਫ਼ਰਜ਼ ਸਮਝਦੇ ਸਨ। ਮੱਧ-ਪ੍ਰਦੇਸ਼ ਦੇ ਸਾਗਰ ਨਾਂ ਦੇ ਸਥਾਨ ਉੱਤੇ ਬਣਿਆ ਬੇਹੱਦ ਸੁੰਦਰ ਤਾਲਾਬ ਅਜਿਹੇ ਹੀ ਕਿਸੇ ਲੱਖੀ ਬੰਜਾਰੇ ਨੇ ਬਣਵਾਇਆ ਸੀ। ਰਾਮਪੁਰਾ ਫੂਲ ਸਮੇਤ ਸਮੁੱਚੇ ਪੰਜਾਬ ਵਿੱਚ ਵੀ ਕਈ ਥਾਵਾਂ 'ਤੇ ਲੱਖੀ ਵਣਜਾਰਿਆਂ ਵੱਲੋਂ ਬਣਾਏ ਖੂਹ ਅਤੇ ਤਾਲਾਬ ਮਿਲਦੇ ਹਨ। ਛੱਤੀਸਗੜ੍ਹ ਵਿੱਚ ਅੱਜ ਵੀ ਕਈ ਪਿੰਡਾਂ ਵਿੱਚ ਲੋਕ ਆਪਣੇ ਤਾਲਾਬ ਨੂੰ ਕਿਸੇ ਲਾਖੇ ਬੰਜਾਰੇ ਨਾਲ ਜੋੜ ਕੇ ਯਾਦ ਕਰਦੇ ਹਨ। ਅਜਿਹੇ ਬੇਨਾਮ ਲਾਖੇ ਬੰਜਾਰਿਆਂ ਦੇ ਹੱਥਾਂ ਨਾਲ ਬਣੇ ਨਾਮੀ ਤਾਲਾਬਾਂ ਦੀ ਲੰਮੀ ਸੂਚੀ ਵਿੱਚ ਕਈ ਪ੍ਰਦੇਸ਼ਾਂ ਦੇ ਨਾਂ ਸਮਾ ਜਾਣਗੇ।



ਗੋਂਡ ਸਮਾਜ ਦਾ ਤਾਲਾਬਾਂ ਨਾਲ ਬੇਹੱਦ ਡੂੰਘਾ ਸਬੰਧ ਰਿਹਾ ਹੈ। ਮਹਾ-ਕੌਸ਼ਲ ਵਿੱਚ ਗੋਂਡ ਸਮਾਜ ਦਾ ਇਹ ਗੁਣ ਥਾਂ-ਥਾਂ ਤਾਲਾਬਾਂ ਦੇ ਰੂਪ ਵਿੱਚ ਮਿਲੇਗਾ। ਜੱਬਲਪੁਰ ਦੇ ਕੋਲ ਕੂੜਨ ਦਾ ਬਣਾਇਆ ਤਾਲਾਬ ਅੱਜ ਕੋਈ 10 ਹਜ਼ਾਰ ਸਾਲ ਮਗਰੋਂ ਵੀ ਕੰਮ ਦੇ ਰਿਹਾ ਹੈ। ਇਸੇ ਸਮਾਜ ਵਿੱਚ ਰਾਣੀ ਦੁਰਗਾਵਤੀ ਹੋਈ ਹੈ, ਜਿਸਨੇ ਆਪਣੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਆਪਣੇ ਸੂਬੇ ਨੂੰ ਤਾਲਾਬਾਂ ਨਾਲ ਭਰ ਦਿੱਤਾ ਸੀ।

ਗੋਂਡ ਨਾ ਕੇਵਲ ਖ਼ੁਦ ਤਾਲਾਬ ਬਣਾਉਂਦੇ ਸਨ, ਸਗੋਂ ਤਾਲਾਬ ਬਣਾਉਣ ਵਾਲੇ ਦੂਜੇ ਲੋਕਾਂ ਦਾ ਵੀ ਰੱਜ ਕੇ ਮਾਣ-ਸਨਮਾਨ ਕਰਦੇ ਸਨ। ਗੋਂਡ ਰਾਜਿਆਂ ਨੇ ਉੱਤਰੀ ਭਾਰਤ ਵਿੱਚੋਂ ਕੋਹਲੀ ਸਮਾਜ ਦੇ ਲੋਕਾਂ ਨੂੰ ਅੱਜ ਦੇ ਮਹਾਰਾਸ਼ਟਰ ਦੇ ਭੰਡਾਰਾ ਜ਼ਿਲ੍ਹੇ ਵਿੱਚ ਬਹੁਤ ਉਤਸ਼ਾਹ ਨਾਲ ਵਸਾਇਆ ਸੀ। ਭੰਡਾਰਾ ਵਿੱਚ ਵੀ ਇਸੇ ਲਈ ਬਹੁਤ ਸੋਹਣੇ ਤਾਲਾਬ ਮਿਲਦੇ ਹਨ।

**ਗੋਂਡ ਸਮਾਜ ਦਾ ਤਾਲਾਬਾਂ ਨਾਲ ਬੇਹੱਦ ਡੂੰਘਾ ਸਬੰਧ ਰਿਹਾ ਹੈ। ਮਹਾਕੌਸ਼ਲ ਵਿੱਚ ਗੋਂਡ ਸਮਾਜ ਦਾ ਇਹ ਗੁਣ ਥਾਂ-ਥਾਂ ਤਾਲਾਬਾਂ ਦੇ ਰੂਪ ਵਿੱਚ ਮੌਜੂਦ ਹੈ। ਜੱਬਲਪੁਰ ਦੇ ਕੋਲ ਕੂੜਨ ਵੱਲੋਂ ਬਣਾਇਆ ਤਾਲਾਬ ਅੱਜ ਕੋਈ 10 ਹਜ਼ਾਰ ਸਾਲ ਮਗਰੋਂ ਵੀ ਕੰਮ ਦੇ ਰਿਹਾ ਹੈ। ਇਸੇ ਸਮਾਜ ਵਿੱਚ ਰਾਣੀ ਦੁਰਗਾਵਤੀ ਹੋਈ ਹੈ, ਜਿਸਨੇ ਆਪਣੇ ਛੋਟੇ ਜਿਹੇ ਕਾਰਜਕਾਲ ਵਿੱਚ ਹੀ ਆਪਣੇ ਸੂਬੇ ਨੂੰ ਤਾਲਾਬਾਂ ਨਾਲ ਭਰ ਦਿੱਤਾ ਸੀ।**

ਵੱਡੇ ਤਾਲਾਬਾਂ ਵਿੱਚੋਂ ਸਭ ਤੋਂ ਅੱਵਲ ਨੰਬਰ 'ਤੇ ਆਉਣ ਵਾਲਾ ਪ੍ਰਸਿੱਧ ਭੋਪਾਲ ਤਾਲਾਬ ਬਣਵਾਇਆ ਤਾਂ ਰਾਜਾ ਭੋਜ ਨੇ ਸੀ, ਪਰ ਇਸਦੀ ਪੂਰੀ ਯੋਜਨਾ ਕਾਲੀਆ ਨਾਂ ਦੇ ਇੱਕ ਗੋਂਡ ਸਰਦਾਰ ਦੀ ਮਦਦ ਨਾਲ ਸਿਰੇ ਚੜ੍ਹੀ ਸੀ। ਭੋਪਾਲ-ਹੋਸ਼ੰਗਾਬਾਦ ਘਾਟੀ ਵਿਚਕਾਰ ਵਗਣ ਵਾਲੀ ਕਾਲੀਆ ਸੋਤ ਨਦੀ ਦਾ ਨਾਂ ਇਸੇ ਗੋਂਡ ਸਰਦਾਰ ਦੇ ਨਾਂ 'ਤੇ ਰੱਖਿਆ ਗਿਆ ਸੀ।

ਓੜੀਆ, ਓੜਹੀ, ਓਰਹੀ, ਓਡ, ਔਡ, ਜਿਵੇਂ-ਜਿਵੇਂ ਥਾਂ ਬਦਲੀ, ਉਸੇ ਤਰ੍ਹਾਂ ਇਨ੍ਹਾਂ ਦਾ ਨਾਂ ਬਦਲਦਾ ਗਿਆ, ਪਰ ਕੰਮ ਇੱਕੋ ਸੀ, ਦਿਨ-ਰਾਤ ਤਾਲਾਬ ਅਤੇ ਖੂਹ ਬਣਾਉਣੇ ; ਉਹ ਵੀ ਇੰਨੇ ਕਿ ਗਿਣੇ ਹੀ ਨਾ ਜਾ ਸਕਣ। ਅਜਿਹੇ ਲੋਕਾਂ ਵਾਸਤੇ ਹੀ ਇਹ ਕਹਾਵਤ ਬਣੀ ਸੀ ਕਿ ਓਡ ਹਰ ਰੋਜ਼ ਨਵੇਂ ਖੂਹ ਦਾ ਪਾਣੀ ਪੀਂਦੇ ਹਨ। ਬਣਾਉਣ ਵਾਲੇ ਅਤੇ ਬਣਨ ਵਾਲੀ ਚੀਜ਼ ਦੇ ਇੱਕ-ਮਿੱਕ ਹੋਣ ਦੀ ਇਸ ਤੋਂ ਇਲਾਵਾ ਸ਼ਾਇਦ ਹੀ ਕੋਈ ਹੋਰ ਮਿਸਾਲ ਹੋਵੇ, ਕਿਉਂਕਿ ਖੂਹ ਦਾ ਇੱਕ ਨਾਂ ਓਡ ਵੀ ਹੈ। ਇਹ ਪੱਛਮ ਵਿੱਚ ਠੇਠ ਗੁਜਰਾਤ ਤੋਂ ਲੈ ਕੇ ਰਾਜਸਥਾਨ, ਉੱਤਰ ਪ੍ਰਦੇਸ਼, ਖ਼ਾਸ ਕਰਕੇ ਬੁਲੰਦ ਸ਼ਹਿਰ ਅਤੇ ਉਸਦੇ ਆਲੇ-ਦੁਆਲੇ ਦੇ ਇਲਾਕ਼ਿਆਂ, ਮਹਾਰਾਸ਼ਟਰ, ਮੱਧ-ਪ੍ਰਦੇਸ਼, ਉੜੀਸਾ ਤੱਕ ਫੈਲੇ ਹੋਏ ਸਨ। ਇਨ੍ਹਾਂ ਦੀ ਗਿਣਤੀ ਵੀ ਕਿਸੇ ਸਮੇਂ ਕਾਫ਼ੀ ਜ਼ਿਆਦਾ ਹੋਣੀ ਹੈ। ਉੜੀਸਾ ਵਿੱਚ ਕਿਸੇ ਸਮੇਂ ਕੋਈ ਸੰਕਟ ਆਉਣ ਉੱਤੇ ਤਕ਼ਰੀਬਨ ਨੌਂ ਲੱਖ ਓੜੀਆਂ ਦੇ ਧਾਰ ਨਗਰੀ ਪੁੱਜਣ ਦੀ ਕਹਾਣੀ ਮਿਲਦੀ ਹੈ। ਇਹ ਗਧੇ ਪਾਲਦੇ ਸਨ। ਕਿਤੇ ਇਹ ਗਧਿਆਂ ਨਾਲ ਮਿੱਟੀ ਢੋ ਕੇ ਸਿਰਫ਼ ਤਾਲਾਬ ਦੀਆਂ ਵੱਟਾਂ ਬਣਾਉਂਦੇ ਸਨ

ਤਾਂ ਕਿਤੇ-ਕਿਤੇ ਤਾਲਾਬ ਵੀ। ਆਦਮੀ-ਔਰਤ ਅਕਸਰ ਇਕੱਠੇ ਕੰਮ ਕਰਦੇ ਸਨ। ਓੜੀ ਮਿੱਟੀ ਦੇ ਬੜੇ ਵਧੀਆ ਜਾਣਕਾਰ ਸਨ। ਮਿੱਟੀ ਦੇ ਰੰਗ ਅਤੇ ਮਿੱਟੀ ਦੀ ਖ਼ੁਸ਼ਬੂ ਤੋਂ ਹੀ ਮਿੱਟੀ ਦਾ ਸੁਭਾਅ ਪੜ੍ਹ ਲੈਂਦੇ ਸਨ। ਮਿੱਟੀ ਦੀ ਤਹਿ ਅਤੇ ਮਿੱਟੀ ਦਾ ਦਬਾਅ ਵੀ ਖ਼ੂਬ ਸਮਝਦੇ ਸਨ। ਰਾਜਸਥਾਨ ਵਿੱਚ ਅੱਜ ਵੀ ਕਹਾਵਤ ਹੈ ਕਿ ਓਡ ਕਦੇ ਦਬ ਕੇ ਨਹੀਂ ਮਰਦੇ।

ਪ੍ਰਸਿੱਧ ਲੋਕ ਨਾਇਿਕਾ ਜਸਮਾ ਓੜਨ ਧਾਰ ਨਗਰੀ ਦੇ ਇੱਕ ਅਜਿਹੇ ਹੀ ਤਾਲਾਬ ਉੱਤੇ ਕੰਮ ਕਰ ਰਹੀ ਸੀ, ਜਦੋਂ ਰਾਜਾ ਭੋਜ ਨੇ ਉਸ ਨੂੰ ਵੇਖਿਆ ਅਤੇ ਆਪਣਾ ਰਾਜ-ਭਾਗ ਤੱਕ ਛੱਡਣ ਦਾਂ ਫ਼ੈਸਲਾ ਕਰ ਲਿਆ। ਰਾਜੇ ਨੂੰ ਜਸਮਾ ਸੋਨੇ ਦੀ ਬਣੀ ਅਪਸਰਾ ਦੇ ਰੂਪ ਵਿੱਚ ਦਿਖਾਈ ਦਿੱਤੀ ਸੀ, ਪਰ ਓੜੀ ਪਰਿਵਾਰ ਵਿੱਚ ਜੰਮੀ-ਪਲੀ ਜਸਮਾ ਆਪਣੇ-ਆਪ ਨੂੰ, ਆਪਣੇ ਸਰੀਰ ਨੂੰ ਤਾਂ ਕੀ ਸੰਸਾਰ ਤੱਕ ਨੂੰ ਮਿੱਟੀ ਮੰਨਣ ਵਾਲੀ ਪਰੰਪਰਾ ਦਾ ਹਿੱਸਾ ਸੀ। ਕਹਾਣੀ ਦੱਸਦੀ ਹੈ ਕਿ ਰਾਜਾ ਜਸਮਾ ਨੂੰ ਹਾਸਿਲ ਕਰਨ ਵਾਸਤੇ ਕੁੱਝ ਵੀ ਕਰਨ ਲਈ ਤਿਆਰ ਸੀ। ਜਸਮਾ ਨੇ ਅਜਿਹੇ ਰਾਜੇ ਦੀ ਰਾਣੀ ਬਣਨ ਦੀ ਥਾਂ ਮਰਨਾ ਪਸੰਦ ਕੀਤਾ। ਰਾਜੇ ਦਾ ਨਾਂ ਤਾਂ ਮੱਧਮ ਗਿਆ, ਪਰ ਜਸਮਾ ਓੜਨ ਦਾ ਜੱਸ ਅੱਜ ਤੱਕ ਵੀ ਉੜੀਸਾ, ਗੁਜਰਾਤ, ਛੱਤੀਸਗੜ੍ਹ, ਮਹਾਕੌਸ਼ਲ, ਮਾਲਵਾ, ਰਾਜਸਥਾਨ ਤੱਕ ਫੈਲਿਆ ਹੋਇਆ ਹੈ। ਸੈਂਕੜੇ ਵਰ੍ਹੇ ਬੀਤ ਗਏ ਇਨ੍ਹਾਂ ਖੇਤਰਾਂ ਵਿੱਚ ਅੱਜ ਵੀ ਫ਼ਸਲ ਕੱਟਣ ਮਗਰੋਂ ਪੂਰੀ-ਪੂਰੀ ਰਾਤ ਜਸਮਾ ਓੜਨ ਦੇ ਗੀਤ ਗਾਏ ਜਾਂਦੇ ਹਨ, ਨੌਟੰਕੀ ਖੇਡੀ ਜਾਂਦੀ ਹੈ। ਭਵਈ ਦੀਆਂ ਸਟੇਜਾਂ ਤੋਂ ਲੈ ਕੇ ਭਾਰਤ ਭਵਨ, ਐਨ.ਐਸ.ਡੀ. ਤੱਕ ਜਸਮਾ ਓੜਨ ਦੇ ਚਰਨ ਪਏ ਹੋਏ ਹਨ। ਜਸਮਾ ਓੜਨ ਦੇ ਜੱਸ ਦਾ ਸਤ ਤਾਂ ਲੋਕਾਂ ਦੇ ਦਿਲਾਂ ਵਿੱਚ ਬਚਿਆ ਰਿਹਾ, ਪਰ ਓੜੀਆਂ ਦਾ ਤਾਲਾਬ ਅਤੇ ਖੂਹ ਬਣਾਉਣ ਦਾ ਜੱਸ ਲੋਕੀ ਭੁੱਲ ਗਏ। ਜਿਹੜੇ ਸੱਚਮੁੱਚ ਰਾਸ਼ਟਰ ਨਿਰਮਾਤਾ ਸਨ, ਉਨ੍ਹਾਂ ਨੂੰ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਭਟਕਣ ਲਈ ਮਜਬੂਰ ਕਰ ਦਿੱਤਾ ਗਿਆ। ਕਈ ਓੜੀ ਅੱਜ ਵੀ ਇਹੋ ਕੰਮ ਕਰਦੇ ਹਨ। ਇੰਦਰਾ ਨਹਿਰ ਬਣਾਉਣ ਲਈ ਹਜ਼ਾਰਾਂ ਓੜੀ ਲੱਗੇ ਸਨ, ਪਰ ਉਨ੍ਹਾਂ ਦਾ ਜੱਸ ਜਾਂਦਾ ਰਿਹਾ ਹੈ।

ਉੜੀਸਾ ਵਿੱਚ ਓੜੀਆਂ ਤੋਂ ਇਲਾਵਾ ਸੋਨਪੁਰਾ ਅਤੇ ਮਹਾਪਾਤਰ ਵੀ ਤਾਲਾਬਾਂ ਅਤੇ ਖੂਹਾਂ ਦੇ ਨਿਰਮਾਤਾ ਸਨ। ਇਹ ਗੰਜਾਮ, ਪੁਰੀ, ਕੋਣਾਰਕ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੱਕ ਫੈਲੇ ਹੋਏ ਸਨ। ਸੋਨਪੁਰਾ ਬਾਲੰਗੀਰ ਜ਼ਿਲ੍ਹੇ ਦੇ ਸੋਨਪੁਰ ਪਿੰਡ ਤੋਂ ਨਿੱਕਲੇ ਸਨ। ਇੱਕ ਪਾਸੇ ਇਹ ਮੱਧ-ਪ੍ਰਦੇਸ਼ ਤੱਕ ਜਾਂਦੇ ਸਨ, ਦੂਜੇ ਪਾਸੇ ਥੱਲੇ ਆਂਧਰਾ ਪ੍ਰਦੇਸ਼ ਤੱਕ। ਖਰੀਆ ਜਾਤੀ ਰਾਮਗੜ੍ਹ, ਬਿਲਾਸਪੁਰ ਅਤੇ ਸਰਗੁਜਾ ਦੇ ਆਲੇ-ਦੁਆਲੇ ਤਾਲਾਬ, ਛੋਟੇ ਬੰਨ੍ਹ ਅਤੇ ਨਹਿਰਾਂ ਬਣਾਉਣ ਦਾ ਕੰਮ ਕਰਦੀ ਸੀ। 1971 ਦੀ ਮਰਦਮਸ਼ੁਮਾਰੀ ਵਿੱਚ ਇਨ੍ਹਾਂ ਦੀ ਗਿਣਤੀ 23 ਹਜ਼ਾਰ ਸੀ।

ਬਿਹਾਰ ਵਿੱਚ ਮੁਸਹਰ, ਬਿਹਾਰ ਨਾਲ ਜੁੜੇ ਉੱਤਰ-ਪ੍ਰਦੇਸ਼ ਦੇ ਹਿੱਸਿਆਂ ਵਿੱਚ ਲੁਨੀਆ, ਮੱਧ-ਪ੍ਰਦੇਸ਼ ਵਿੱਚ ਨੌਨੀਆ, ਦੁਸਾਧ ਅਤੇ ਕੋਲ ਜਾਤੀਆਂ ਵੀ ਤਾਲਾਬ



ਬਣਾਉਂਦੀਆਂ ਸਨ। ਮੁਸਹਰ, ਲੁਨੀਆ ਅਤੇ ਨੌਨੀਆ ਜਾਤੀਆਂ ਦੇ ਲੋਕ ਉਦੋਂ ਅੱਜ ਵਾਂਗ ਲਾਚਾਰ ਨਹੀਂ ਸਨ। 18ਵੀਂ ਸਦੀ ਤੱਕ ਮੁਸਹਰਾਂ ਨੂੰ ਤਾਲਾਬ ਮੁਕੰਮਲ ਹੋਣ ਤੱਕ ਪੂਰੇ-ਪੂਰੇ ਮਿਹਨਤਾਨੇ ਦੇ ਨਾਲ-ਨਾਲ ਜ਼ਮੀਨ ਵੀ ਦਿੱਤੀ ਜਾਂਦੀ ਸੀ। ਨੌਨੀਆ ਤੇ ਲੁਨੀਆ ਦੀ ਤਾਲਾਬ ਮੁਕੰਮਲ ਹੋਣ ਉੱਤੇ ਪੂਜਾ ਤੱਕ ਹੁੰਦੀ ਸੀ। ਮਿੱਟੀ ਦੇ ਪਾਰਖੀ ਮੁਸਹਰ ਦਾ ਸਮਾਜ ਵਿੱਚ ਆਪਣਾ ਸਥਾਨ ਸੀ। ਚੋਹਰਮੱਲ ਕਿਸੇ ਸਮੇਂ ਉਨ੍ਹਾਂ ਦੇ ਬਹੁਤ ਸ਼ਕਤੀਸ਼ਾਲੀ ਆਗੂ ਸਨ। ਸ਼੍ਰੀ ਸਲੇਸ (ਸ਼ੈਲੇਸ਼) ਦੁਸਾਧ ਜਾਤੀ ਦੇ ਬੜੇ ਪੂਜਣਯੋਗ ਆਗੂ ਸਨ। ਇਨ੍ਹਾਂ ਦੇ ਗੀਤ ਥਾਂ-ਥਾਂ ਗਾਏ ਜਾਂਦੇ ਸਨ ਅਤੇ ਇਨ੍ਹਾਂ ਨੂੰ ਦੂਜੇ ਲੋਕ ਵੀ ਇੱਜ਼ਤ-ਮਾਣ ਦਿੰਦੇ ਸਨ। ਦੁਸਾਧ ਜਦੋਂ ਵੀ ਸ਼੍ਰੀ ਸਲੇਸ ਦੇ ਜੱਗ (ਯੱਗ) ਕਰਦੇ ਹਨ ਤਾਂ ਦੂਜੀਆਂ ਜਾਤੀਆਂ ਵੀ ਇਸ ਵਿੱਚ ਹਿੱਸਾ ਲੈਂਦੀਆਂ ਹਨ।

ਇਨ੍ਹਾਂ ਇਲਾਕਿਆਂ ਵਿੱਚ ਹੀ ਡਾਂਗੀ ਜਾਤੀ ਦੇ ਲੋਕ ਰਹਿੰਦੇ ਸਨ। ਇਹ ਬੇਹੱਦ ਮੁਸ਼ਕਿਲ ਕੰਮ ਕਰਨ ਵਾਲੀ ਮਿਹਨਤੀ ਜਾਤੀ ਸੀ। ਇਨ੍ਹਾਂ ਮੁਸ਼ਕਿਲ ਕੰਮਾਂ ਵਿੱਚ ਤਾਲਾਬ ਅਤੇ ਖੂਹ ਤਾਂ ਸ਼ਾਮਿਲ ਸਨ ਹੀ। ਬਿਹਾਰ ਵਿੱਚ ਅੱਜ ਵੀ ਜੇਕਰ ਕਿਸੇ ਮੁਸ਼ਕਿਲ ਕੰਮ ਦਾ ਹੱਲ ਨਾ ਲੱਭੇ ਤਾਂ ਕਹਿ ਦਿੰਦੇ ਹਨ,"ਡਾਂਗੀ ਲਾ ਦਿਓ"। ਡਾਂਗੀ ਬੇਹੱਦ ਸੁੰਦਰ ਮਜ਼ਬੂਤ ਕੱਦ ਕਾਠੀ ਵਾਲੇ ਹੁੰਦੇ ਸਨ। ਇਨ੍ਹਾਂ ਦੇ ਸੁਡੌਲ ਸਰੀਰ ਮੱਛੀਆਂ ਗਿਣਨ ਦਾ ਸੱਦਾ ਦਿੰਦੇ ਸਨ। ਅੱਜ ਦੇ ਬਿਹਾਰ ਅਤੇ ਬੰਗਾਲ ਵਿੱਚ ਵਸੇ ਸੰਥਾਲ ਵੀ ਸੋਹਣੇ ਤਾਲਾਬ ਬਣਾਉਂਦੇ ਸਨ। ਸੰਥਾਲ ਪਰਗਨਾ ਵਿੱਚ ਬਹੁਤ ਕੁੱਝ ਮਿਟ ਜਾਣ ਤੋਂ ਬਾਅਦ ਵੀ ਕਈ ਆਹਰ ਭਾਵ (ਤਾਲਾਬ) ਸੰਥਾਲਾਂ ਦੀ ਕੁਸ਼ਲਤਾ ਦੀ ਯਾਦ ਦਿਵਾਉਂਦੇ ਹਨ।

ਮਹਾਰਾਸ਼ਟਰ ਦੇ ਨਾਸਿਕ ਖੇਤਰ ਵਿੱਚ ਕੋਹਲੀਆਂ ਦੇ ਹੱਥਾਂ ਨੇ ਇੰਨੇ ਬੰਨ੍ਹ ਅਤੇ ਤਾਲਾਬ ਬਣਾਏ ਸਨ ਕਿ ਇਸ ਹਿੱਸੇ ਵਿੱਚ ਕਦੇ ਵੀ ਅਕਾਲ ਦਾ ਪਰਛਾਵਾਂ ਤੱਕ ਨਹੀਂ ਪਿਆ। ਸਮੁੰਦਰੀ ਇਲਾਕੇ ਗੋਆ ਅਤੇ ਕੋਂਕਣ ਪ੍ਰਦੇਸ਼ ਜ਼ਬਰਦਸਤ ਮੀਂਹ ਵਾਲੇ ਇਲਾਕੇ ਹਨ, ਪਰ ਮੀਂਹ ਦਾ ਮਿੱਠਾ ਪਾਣੀ ਉੱਥੇ ਵੇਖਦੇ-ਵੇਖਦੇ ਹੀ ਸਮੁੰਦਰ ਦੇ ਖਾਰੇ ਪਾਣੀ ਵਿੱਚ ਮਿਲ ਜਾਂਦਾ ਹੈ। ਇਹ ਕਮਾਲ ਗਾਵੜੀ ਜਾਤੀ ਦਾ ਹੀ ਸੀ ਕਿ ਪੱਛਮੀ ਘਾਟ ਦੀਆਂ ਪਹਾੜੀਆਂ ਵਿੱਚ ਉੱਪਰ ਤੋਂ ਲੈ ਕੇ ਥੱਲੇ ਤੱਕ ਮੀਂਹ ਦਾ ਪਾਣੀ ਤਾਲਾਬਾਂ ਵਿੱਚ ਸਾਲ ਭਰ ਰੋਕ ਕੇ ਰੱਖਿਆ ਜਾਂਦਾ ਸੀ ਤਾਂ ਜੋ ਉਹ ਮਿੱਠਾ ਬਣ ਸਕੇ। ਇੱਥੇ ਇਸ ਤੋਂ ਇਲਾਵਾ ਕਰਨਾਟਕ ਦੇ ਉੱਤਰੀ ਕੰਨੜ ਖੇਤਰ ਵਿੱਚ ਚੀਰੇ ਨਾਂ ਦਾ ਪੱਥਰ ਮਿਲਦਾ ਹੈ। ਤੇਜ਼ ਬਰਸਾਤ ਅਤੇ ਵਹਾਅ ਨੂੰ ਸਿਰਫ਼ ਇਸੇ ਪੱਥਰ ਨਾਲ ਰੋਕਿਆ ਜਾ ਸਕਦਾ ਹੈ।

ਇੰਨਾ ਸੁਘੜ ਕੰਮ ਕਿਸੇ ਸੁਚਾਰੂ ਪ੍ਰਬੰਧਾਂ ਤੋਂ ਬਿਨਾਂ ਨਹੀਂ ਸੀ ਹੋ ਸਕਦਾ। ਜ਼ਹੀਨ ਦਿਮਾਗ਼ ਅਤੇ ਸੰਗਠਨ ਦਾ ਠੀਕ ਤਾਲਮੇਲ ਕੀਤੇ ਬਿਨਾਂ ਦੇਸ਼ ਵਿੱਚ ਇੰਨੇ ਸੋਹਣੇ ਤਾਲਾਬ ਨਾ ਤਾਂ ਬਣ ਸਕਦੇ ਸਨ ਅਤੇ ਨਾ ਹੀ ਹੁਣ ਤੱਕ ਟਿਕ ਸਕਦੇ ਸਨ। ਇਹ ਸੰਗਠਨ ਕਿੰਨੇ ਚੁਸਤ, ਦਰੁਸਤ ਸਨ, ਇਸਦੀ ਮਿਸਾਲ ਦੱਖਣ ਦੇ ਤਾਲਾਬਾਂ ਵਿੱਚ ਝਾਤ ਮਾਰ ਕੇ ਨਜ਼ਰੀਂ ਪੈਂਦੀ ਹੈ।

ਦੱਖਣ ਵਿੱਚ ਸਿੰਜਾਈ ਲਈ ਬਣਨ ਵਾਲੇ ਤਾਲਾਬਾਂ ਨੂੰ 'ਏਰੀ' ਕਿਹਾ ਜਾਂਦਾ ਹੈ। ਹਰੇਕ ਪਿੰਡ ਵਿੱਚ 'ਏਰੀ' ਸਨ। ਸਾਂਭ-ਸੰਭਾਲ ਨਾ ਹੋਣ ਦੇ ਬਾਵਜੂਦ 200 ਵਰ੍ਹਿਆਂ ਤੋਂ ਹਜ਼ਾਰਾਂ ਏਰੀਆਂ ਅੱਜ ਵੀ ਸੇਵਾ ਕਰ ਰਹੀਆਂ ਹਨ। ਪਿੰਡ ਦੀ ਪੰਚਾਇਤ ਅੰਦਰ ਇੱਕ ਹੋਰ ਸੰਸਥਾ ਹੁੰਦੀ ਸੀ-'ਏਰੀ ਵਰਯਮ'। ਏਰੀ ਨਾਲ ਜੁੜਿਆ ਹਰੇਕ ਕੰਮ, ਏਰੀ ਬਣਾਉਣਾ, ਉਸਦੇ ਰੱਖ-ਰਖਾਅ, ਸਿੰਜਾਈ ਦੇ ਸੁਚਾਰੂ ਅਤੇ ਨਿਰਪੱਖ ਇੰਤਜ਼ਾਮ ਅਤੇ ਇਨ੍ਹਾਂ ਸਾਰੇ ਕੰਮਾਂ ਲਈ ਸਾਧਨ ਜੁਟਾਉਣਾ ਵੀ 'ਵਰਯਮ' ਦਾ ਕੰਮ ਸੀ। ਏਰੀ ਨਾਲ ਜੁੜੇ ਛੇ ਕਾਮੇ ਜੇਕਰ ਠੀਕ ਕੰਮ ਨਹੀਂ ਸੀ ਕਰਦੇ ਤਾਂ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹਟਾਇਆ ਵੀ ਜਾ ਸਕਦਾ ਸੀ।


ਇੱਥੇ 'ਏਰੀ' ਬਣਾਉਣ ਦਾ ਕੰਮ ਵੌੱਦਾਰ ਕਰਦੇ ਸਨ। ਸਿੰਜਾਈ ਦੇ ਪੂਰੇ ਪ੍ਰਬੰਧ ਲਈ ਸਿਰਫ਼ ਇੱਕ ਅਹੁਦਾ ਹੁੰਦਾ ਸੀ। ਇਸ ਨੂੰ ਵੱਖ-ਵੱਖ ਖੇਤਰਾਂ ਵਿੱਚ ਨੀਰਘੰਟੀ, ਨੀਰਗੰਟੀ, ਨੀਰਆਨੀ, ਕੰਬਕਕੱਟੀ ਅਤੇ ਮਾਇਯਨ ਥੋਟੀ ਕਿਹਾ ਜਾਂਦਾ ਸੀ। ਤਾਲਾਬ ਵਿੱਚ ਕਿੰਨਾ ਪਾਣੀ ਹੈ, ਕਿੰਨੇ ਖੇਤਾਂ ਦੀ ਸਿੰਜਾਈ ਹੋਣੀ ਹੈ, ਪਾਣੀ ਦੀ ਵੰਡ ਕਿਵੇਂ ਕਰਨੀ ਹੈ, ਇਹ ਸਾਰੇ ਕੰਮ ਨੀਰਘੰਟੀ ਕਰਦੇ ਸਲ। ਨੀਰਘੰਟੀ ਦਾ ਅਹੁਦਾ ਅਨੇਕ ਖੇਤਰਾਂ ਵਿੱਚ ਸਿਰਫ਼ ਹਰੀਜਨ ਨੂੰ ਹੀ ਦਿੱਤਾ ਜਾਂਦਾ ਸੀ ਅਤੇ ਸਿੰਜਾਈ ਦੇ ਮਾਮਲੇ ਵਿੱਚ ਉਸਦਾ ਫ਼ੈਸਲਾ ਸਰਬਉੱਚ ਹੁੰਦਾ ਸੀ। ਕਿਸਾਨ ਕਿੰਨਾ ਵੀ ਵੱਡਾ ਕਿਉਂ ਨਾ ਹੁੰਦਾ, ਇਸ ਮਾਮਲੇ ਵਿੱਚ ਉਹ ਨੀਰਘੰਟੀ ਤੋਂ ਛੋਟਾ ਹੀ ਸਮਝਿਆ ਜਾਂਦਾ ਸੀ।

ਇੱਕ ਪਾਸੇ ਦੱਖਣ ਵਿੱਚ ਨੀਰਘੰਟੀ ਵਰਗੇ ਹਰੀਜਨ ਸਨ ਤਾਂ ਦੂਜੇ ਪਾਸੇ ਪੱਛਮ ਵਿੱਚ ਪਾਲੀਵਾਲ ਬ੍ਰਾਹਮਣ ਵੀ ਸਨ। ਦਸਵੀਂ ਸਦੀ ਵਿੱਚ ਜੈਸਲਮੇਰ, ਜੋਧਪੁਰ ਕੋਲ ਪੱਲੀ ਨਗਰ 'ਚ ਵਸਣ ਕਰਕੇ ਅਜਿਹੇ ਬ੍ਰਾਹਮਣਾਂ ਦਾ ਨਾਂ ਪੱਲੀਵਾਲ ਜਾਂ ਪਾਲੀਵਾਲ ਪੈ ਗਿਆ। ਇਹ ਬ੍ਰਾਹਮਣ ਮਾਰੂਥਲਾਂ ਵਿੱਚ ਵਰ੍ਹਨ ਵਾਲੇ ਥੋੜ੍ਹੇ ਜਿਹੇ ਪਾਣੀ ਨੂੰ ਰੋਕਣ ਦੇ ਮਾਹਿਰ ਬਣ ਗਏ ਸਨ। ਉਹ 'ਖਡੀਨ' (ਜਿਹੜੇ ਸੁੱਕਣ ਤੋਂ ਬਾਅਦ ਖੇਤੀ ਦੇ ਵੀ ਕੰਮ ਆਉਂਦੇ ਹਨ) ਬਹੁਤ ਚੰਗੀ ਬਣਾਉਂਦੇ ਸਨ। ਮਾਰੂਥਲ ਦੇ ਉਸ ਵੱਡੇ ਟੁਕੜੇ ਜਿੱਥੇ ਪਾਣੀ ਵਹਿ ਕੇ ਆਉਂਦਾ ਹੋਵੇ, ਉੱਤੇ ਦੋ ਜਾਂ ਤਿੰਨ ਪਾਸਿਓਂ ਵੱਟ-ਬੰਦੀ ਕਰਕੇ ਪਾਣੀ ਰੋਕ ਕੇ ਖ਼ਾਸ ਤੌਰ ਉੱਤੇ ਤਿਆਰ ਕੀਤੇ ਜਾਂਦੇ ਬੰਨ੍ਹ ਨੂੰ 'ਖਡੀਨ' ਕਿਹਾ ਜਾਂਦਾ ਸੀ। ਖਡੀਨ ਖੇਤ ਤਾਂ ਬਾਅਦ ਦੀ ਗੱਲ ਹੈ, ਪਹਿਲਾਂ ਤਾਂ ਤਾਲਾਬ ਹੀ ਆਉਂਦਾ ਹੈ। ਮਾਰੂਥਲਾਂ ਵਿੱਚ ਸੈਂਕੜੇ ਟਨ ਅਨਾਜ ਇਨ੍ਹਾਂ ਖਡੀਨਾਂ ਸਦਕਾ ਹੀ ਪੈਦਾ ਕੀਤਾ ਜਾਂਦਾ ਰਿਹਾ ਹੈ। ਅੱਜ ਵੀ ਜੋਧਪੁਰ, ਜੈਸਲਮੇਰ, ਬਾੜਮੇਰ ਖੇਤਰਾਂ ਵਿੱਚ ਸੈਂਕੜੇ ਖਡੀਨਾਂ ਹਨ।

ਇਹ ਗੱਲ ਪਾਲੀਵਾਲ ਬ੍ਰਾਹਮਣ ਹੀ ਜਾਣਦੇ ਸਨ ਕਿ ਪਾਣੀ ਦੇ ਕੰਮ ਤੋਂ ਬਿਨਾਂ ਬੰਦੇ ਦਾ ਕਾਹਦਾ ਸਵੈ-ਮਾਣ ਹੋਇਆ! ਜੈਸਲਮੇਰ ਵਿੱਚ ਪਤਾ ਨਹੀਂ ਕਿੰਨੇ ਪਿੰਡ ਪਾਲੀਵਾਲਾਂ ਦੇ ਸਨ। ਪਤਾ ਨਹੀਂ ਕਿਹੜੀ ਗੱਲੋਂ ਰਾਜੇ ਨਾਲ ਵਿਗੜ ਗਈ। ਬੱਸ, ਰਾਤੋ-ਰਾਤ ਪਾਲੀਵਾਲਾਂ ਦੇ ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ। ਇੱਕ ਤੋਂ ਇੱਕ ਵਧੀਆ ਘਰ, ਕ਼ੀਮਤੀ ਸਾਮਾਨ, ਸੁੰਦਰ ਖੂਹ, ਖਡੀਨਾਂ ਸਾਰਾ ਕੁੱਝ ਛੱਡ ਕੇ ਪਾਲੀਵਾਲ ਰਾਜ ਤੋਂ ਬਾਹਰ ਚਲੇ ਗਏ।



ਹੁਣ ਜੈਸਲਮੇਰ ਆਉਣ ਵਾਲੇ ਸੈਲਾਨੀਆਂ ਨੂੰ ਗਾਈਡ ਉਨ੍ਹਾਂ ਦੇ ਸੁੰਨੇ ਪਿੰਡ ਅਤੇ ਘਰ ਬੜੇ ਫ਼ਖ਼ਰ ਨਾਲ ਵਿਖਾਉਂਦੇ ਹਨ। ਪਾਲੀਵਾਲ ਉੱਥੋਂ ਨਿੱਕਲ ਕੇ ਕਿੱਥੇ-ਕਿੱਥੇ ਗਏ, ਇਸ ਦਾ ਠੀਕ ਅੰਦਾਜ਼ਾ ਨਹੀਂ, ਪਰ ਫੇਰ ਵੀ ਇੱਕ ਮੁੱਖ ਧਾਰਾ ਆਗਰਾ ਅਤੇ ਜੌਨਪੁਰ ਵਿੱਚ ਜਾ ਵਸੀ।




ਨਾਇਕਾਂ ਦੇ ਸੰਦ ਵੀ ਪੂਜਣਯੋਗ ਬਣ ਜਾਂਦੇ ਹਨ

ਮਹਾਰਾਸ਼ਟਰ ਦੇ ਚਿੱਤਪਾਵਨ ਬ੍ਰਾਹਮਣ ਵੀ ਤਾਲਾਬ ਬਣਾਉਣ ਦਾ ਕੰਮ ਕਰਦੇ ਸਨ। ਕੁੱਝ ਦੂਜੇ ਬ੍ਰਾਹਮਣਾਂ ਨੂੰ ਇਹ ਗੱਲ ਠੀਕ ਨਾ ਲੱਗੀ ਕਿ ਬ੍ਰਾਹਮਣ ਮਿੱਟੀ ਪੁੱਟੇ ਅਤੇ ਢੋਣ ਦਾ ਕੰਮ ਕਰੇ। ਵਾਸੂਦੇਵ ਚਿਤਲੇ ਨਾਂ ਦੇ ਚਿੱਤਪਾਵਨ ਬ੍ਰਾਹਮਣ ਨੇ ਕਈ ਤਾਲਾਬ, ਬਾਵੜੀਆਂ ਅਤੇ ਖੂਹ ਬਣਾਏ ਸਨ। ਜਦੋਂ ਉਹ ਪਰਸ਼ੂਰਾਮ ਖੇਤਰ ਵਿੱਚ ਇੱਕ ਵੱਡਾ ਸਰੋਵਰ ਬਣਾ ਰਹੇ ਸਨ ਅਤੇ ਉਨ੍ਹਾਂ ਦੇ ਨਾਲ ਅਨੇਕਾਂ ਬ੍ਰਾਹਮਣ ਵੀ ਮਿੱਟੀ ਪੁੱਟ ਰਹੇ ਸਨ ਤਾਂ ਦੇਵਰੁੱਖ ਨਾਂ ਦੇ ਸਥਾਨ ਤੋਂ ਆਏ ਬ੍ਰਾਹਮਣਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਉਦੋਂ ਵਾਸੂਦੇਵ ਬ੍ਰਾਹਮਣ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਕਿ ਜਿਹੜੇ ਵੀ ਬ੍ਰਾਹਮਣ ਤੇਰਾ ਸਾਥ ਦੇਣਗੇ, ਉਹ ਬਿਲਕੁਲ ਹੀ ਨਿਸਤੇਜ ਹੋ ਕੇ ਲੋਕਾਂ ਦੀ ਨਿੰਦਾ ਦੇ ਪਾਤਰ ਬਣਨਗੇ। ਉਸ ਚਿੱਤਪਾਵਨ ਬ੍ਰਾਹਮਣ ਦੇ ਸਰਾਪ ਮਗਰੋਂ ਇਹ ਲੋਕ ਦੇਵਰੁੱਖ ਬ੍ਰਾਹਮਣ ਕਹਾਏ। ਚਿੱਤਪਾਵਨ ਬ੍ਰਾਹਮਣ ਆਪੋ-ਆਪਨੇ ਖੇਤਰਾਂ ਵਿੱਚ ਅਤੇ ਦੇਸ਼ ਦੇ ਹਰ ਮਾਮਲੇ ਵਿੱਚ ਆਪਨੀ ਖ਼ਾਸ ਪਛਾਣ ਬਣਾਉਣ ਵਿੱਚ ਸਫ਼ਲ ਰਹੇ ਸਨ।

ਕਿਹਾ ਜਾਂਦਾ ਹੈ ਕਿ ਪੁਸ਼ਕਰਨਾ ਬ੍ਰਾਹਮਣਾਂ ਨੂੰ ਵੀ ਤਾਲਾਬਾਂ ਨੇ ਹੀ ਉਸ ਸਮੇਂ ਦੇ ਸਮਾਜ ਵਿੱਚ ਬ੍ਰਾਹਮਣਾਂ ਦਾ ਦਰਜਾ ਦਿਵਾਇਆ। ਜੈਸਲਮੇਰ ਦੇ ਕੋਲ ਪੋਕਰਣ ਵਿੱਚ ਰਹਿਣ ਵਾਲਾ ਇਹ ਸਮੂਹ ਤਾਲਾਬ ਬਣਾਉਣ ਦਾ ਕੰਮ ਕਰਦਾ ਸੀ। ਉਨ੍ਹਾਂ ਨੂੰ ਪ੍ਰਸਿੱਧ ਤੀਰਥ ਪੁਸ਼ਕਰ ਦਾ ਤਾਲਾਬ ਬਣਾਉਣ ਦਾ ਕੰਮ ਦਿੱਤਾ ਗਿਆ ਸੀ। ਚਾਰੇ ਪਾਸੇ ਰੇਤੇ ਵਾਲੇ ਮੁਸ਼ਕਿਲ ਖੇਤਰ ਵਿੱਚ ਇਨ੍ਹਾਂ ਲੋਕਾਂ ਨੇ ਦਿਨ-ਰਾਤ ਇੱਕ ਕਰ ਕੇ ਬੇਹੱਦ ਸੁੰਦਰ ਤਾਲਾਬ ਬਣਾਇਆ। ਜਦੋਂ ਉਹ ਭਰਿਆ ਤਾਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਬ੍ਰਾਹਮਣਾਂ ਦਾ ਦਰਜਾ ਦੇ ਦਿੱਤਾ ਗਿਆ। ਪੁਸ਼ਕਰਨਾ ਬ੍ਰਾਹਮਣਾਂ ਦੇ ਘਰਾਂ ਵਿੱਚ 'ਕੁਦਾਲ' (ਗੈਂਤੀ) ਰੂਪੀ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ।

ਆਪਣੇ ਪੂਰੇ ਸਰੀਰ ਉੱਤੇ ਰਾਮ-ਨਾਮ ਖੁਦਵਾਉਣ ਵਾਲੇ ਅਤੇ ਰਾਮ-ਨਾਮ ਦੀ ਚੱਦਰ ਲਪੇਟਣ ਵਾਲੇ ਛੱਤੀਸਗੜ੍ਹ ਦੇ ਰਾਮਨਾਮੀ ਤਾਲਾਬਾਂ ਦੇ ਚੰਗੇ ਜਾਣਕਾਰ ਸਨ।



ਰਾਮਨਾਮੀ: ਮਿੱਟੀ ਦਾ ਕੰਮ ਇਨ੍ਹਾਂ ਲਈ ਰਾਮ ਨਾਮ ਹੈ

ਉਨ੍ਹਾਂ ਲਈ ਮਿੱਟੀ ਦਾ ਕੰਮ ਰਾਮ ਦਾ ਹੀ ਕੰਮ ਸੀ। ਰਾਏਪੁਰ, ਬਿਲਾਸਪੁਰ ਅਤੇ ਰਾਏਗੜ੍ਹ ਜ਼ਿਲ੍ਹਿਆਂ ਵਿੱਚ ਫੈਲੇ ਇਹ ਲੋਕ ਪੂਰੇ ਖੇਤਰ ਵਿੱਚ ਘੁੰਮ-ਘੁੰਮ ਕੇ ਤਾਲਾਬ ਪੁੱਟਦੇ ਰਹੇ। ਬੇਸ਼ੱਕ ਇਸ ਘੁਮੱਕੜਪੁਣੇ ਕਾਰਨ ਹੀ ਇਨ੍ਹਾਂ ਨੂੰ ਵਣਜਾਰਾ ਕਿਹਾ ਗਿਆ। ਛੱਤੀਸਗੜ੍ਹ ਦੇ ਕਈ ਪਿੰਡਾਂ ਵਿੱਚ ਲੋਕੀ ਅੱਜ ਵੀ ਇਹ ਕਹਿੰਦੇ ਮਿਲ ਜਾਣਗੇ ਕਿ ਉਨ੍ਹਾਂ ਦਾ ਤਾਲਾਬ ਵਣਜਾਰਿਆਂ ਨੇ ਬਣਾਇਆ ਸੀ। ਇਹ ਰਾਮਨਾਮੀ ਹਿੰਦੂ ਹੋਣ ਦੇ ਬਾਵਜੂਦ ਅੰਤਿਮ ਸਸਕਾਰਾਂ ਵਿੱਚ ਮੁਰਦੇ ਨੂੰ ਅੱਗ ਨਹੀਂ ਸਨ ਲਾਉਂਦੇ ਸਗੋਂ ਦਫ਼ਨਾਉਂਦੇ ਸਨ। ਕਿਉਂਕਿ ਉਨ੍ਹਾਂ ਲਈ ਮਿੱਟੀ ਤੋਂ ਵੱਡਾ ਕੁੱਝ ਨਹੀਂ ਸੀ। ਜ਼ਿੰਦਗੀ ਭਰ ਰਾਮ ਦਾ ਨਾਂ ਲੈ ਕੇ, ਤਾਲਾਬ ਦਾਂ, ਮਿੱਟੀ ਦਾ ਕੰਮ ਕਰਨ ਵਾਲਿਆਂ ਲਈ ਜੀਵਨ ਭਰ ਦੀ ਥਕਾਵਟ ਲਾਹੁਣ ਲਈ ਆਰਾਮ ਲਈ ਹੋਰ ਕਿਹੜੀ ਜਗ੍ਹਾ ਹੋ ਸਕਦੀ ਸੀ?

ਅੱਜ ਇਹ ਸਭ ਨਾਮ ਬੇਨਾਮ ਹੋ ਗਏ ਹਨ। ਉਨ੍ਹਾਂ ਦੇ ਨਾਂ ਯਾਦ ਕਰਨ ਦੀ ਇਹ ਨਾਮ-ਮਾਲਾ, ਗਜ਼ਧਰ ਤੋਂ ਲੈ ਕੇ ਰਾਮਨਾਮੀ ਤੱਕ ਦੀ ਨਾਮ-ਮਾਲਾ ਅਧੂਰੀ ਹੀ ਹੈ। ਸਭ ਥਾਂ ਤਾਲਾਬ ਬਣਦੇ ਸਨ, ਸਭਨੀਂ ਥਾਈਂ ਤਾਲਾਬ ਬਣਾਉਣ ਵਾਲੇ ਵੀ ਸਨ।

ਸੈਂਕੜੇ ਹਜ਼ਾਰਾਂ ਤਾਲਾਬ ਖ਼ਲਾਅ ਵਿੱਚੋਂ ਪ੍ਰਗਟ ਨਹੀਂ ਸਨ ਹੋਏ, ਪਰ ਉਨ੍ਹਾਂ ਨੂੰ ਬਣਾਉਣ ਵਾਲੇ ਲੋਕ ਅੱਜ ਹਾਸ਼ੀਏ 'ਤੇ ਸੁੱਟ ਦਿੱਤੇ ਗਏ ਹਨ।



# ਸਾਗਰ ਦੇ ਆਗਰ

ਤਾਲਾਬ ਆਪਣੇ ਆਪ ਵਿੱਚ ਇੱਕ ਵੱਡਾ ਅਤੇ ਡੂੰਘਾ ਟੋਆ ਹੈ।

ਪਰ ਤਾਲਾਬ ਪਸ਼ੂਆਂ ਦੇ ਖੁਰਾਂ ਨਾਲ ਬਣਿਆ ਕੋਈ ਅਜਿਹਾ ਟੋਆ ਨਹੀਂ ਕਿ ਉਸ ਵਿੱਚ ਮੀਂਹ ਦਾ ਪਾਣੀ ਆਪਣੇ-ਆਪ ਭਰ ਜਾਵੇ। ਇਸ ਨੂੰ ਬਹੁਤ ਸੋਚ-ਵਿਚਾਰ ਕੇ ਅਤੇ ਬੜੀ ਬਾਰੀਕ਼ੀ ਨਾਲ ਬਣਾਇਆ ਜਾਂਦਾ ਰਿਹਾ ਹੈ। ਛੋਟੇ ਤੋਂ ਲੈ ਕੇ ਇੱਕ ਚੰਗੇ ਵੱਡੇ ਤਾਲਾਬ ਦੇ ਕਈ ਹਿੱਸੇ ਹੁੰਦੇ ਸਨ। ਹਰੇਕ ਦਾ ਇੱਕ ਵਿਸ਼ੇਸ਼ ਕੰਮ ਹੁੰਦਾ ਸੀ, ਇਸੇ ਕਾਰਨ ਇੱਕ ਵਿਸ਼ੇਸ਼ ਨਾਂ ਵੀ ਹੁੰਦਾ ਸੀ। ਤਾਲਾਬ ਤਾਂ ਭਲਾ ਬਣਦਾ ਹੀ ਸੀ, ਪਰ ਇਸ ਤੋਂ ਉਹਨੂੰ ਬਣਾਉਣ ਵਾਲੇ ਸਮਾਜ ਦੀ ਭਾਸ਼ਾ ਅਤੇ ਬੋਲੀ ਦੀ ਅਮੀਰੀ ਦਾ ਵੀ ਸਬੂਤ ਮਿਲਦਾ ਸੀ, ਪਰ ਜਿਵੇਂ-ਜਿਵੇਂ ਸਮਾਜ ਤਾਲਾਬਾਂ ਦੇ ਮਾਮਲੇ ਵਿੱਚ ਗ਼ਰੀਬ ਹੋਇਆ ਹੈ, ਉਵੇਂ ਹੀ ਭਾਸ਼ਾ 'ਚੋਂ ਵੀ ਇਹ ਨਾਂ ਤੇ ਸ਼ਬਦ ਹੌਲੀ-ਹੌਲੀ ਕਿਰਦੇ ਗਏ ਹਨ।

ਬੱਦਲ ਉੱਠੇ, ਗਰਜੇ ਤੇ ਪਾਣੀ ਜਿੱਥੇ ਡਿੱਗੇ, ਉੱਥੇ ਕੋਈ ਅਜਿਹੀ ਥਾਂ ਹੁੰਦੀ ਹੈ, ਜਿੱਥੇ ਪਾਣੀ ਇਕੱਠਾ ਹੁੰਦਾ ਹੈ। ਇੱਕ ਕਿਰਿਆ ਹੈ-ਆਗੌਰਨਾ ਭਾਵ ਇਕੱਠਾ ਕਰਨਾ, ਇਸ ਤੋਂ ਬਣਿਆ ਸ਼ਬਦ ਆਗੌਰ। ਆਗੌਰ ਤਾਲਾਬ ਦਾ ਇੱਕ ਉਹ ਅੰਗ ਹੈ, ਜਿੱਥੋਂ ਉਸ ਦਾ ਪਾਣੀ ਆਉਂਦਾ ਹੈ। ਇਹ ਉਹ 'ਢਲਾਨ' ਹੈ, ਜਿੱਥੋ ਵਰ੍ਹਿਆ ਪਾਣੀ ਇੱਕ ਹੀ ਦਿਸ਼ਾ ਵੱਲ ਚੱਲ ਪੈਂਦਾ ਹੈ। ਇਸਦਾ ਇੱਕ ਨਾਂ ਪਰਨਾਲਾ (ਪਨਢਾਲ) ਵੀ ਹੈ। ਆਗੌਰ ਨੂੰ ਮੱਧ-ਪ੍ਰਦੇਸ਼ ਦੇ ਕੁੱਝ ਹਿੱਸਿਆਂ ਵਿੱਚ ਪੈਠੂ, ਪੌਰਾ ਜਾਂ ਪੈਨ ਵੀ ਕਹਿੰਦੇ ਹਨ। ਇਸ ਹਿੱਸੇ ਲਈ ਹੁਣ ਇੱਕ ਨਵਾਂ ਨਾਂ ਚੱਲ ਪਿਆ ਹੈ-ਜਲਾਗਮ ਖੇਤਰ। ਇਹ ਅੰਗਰੇਜ਼ੀ ਦੇ 'ਕੈਚਮੈਂਟ' ਤੋਂ ਲਿਆ ਗਿਆ ਅਨੁਵਾਦੀ, ਬਨਾਵਟੀ ਤੇ ਇੱਕ ਹੱਦ ਤੱਕ ਗ਼ਲਤ ਸ਼ਬਦ ਹੈ। ਜਲਾਗਮ ਦਾ ਸਹੀ ਅਰਥ ਵਰਖਾ ਦੀ ਰੁੱਤ ਹੈ।

ਆਗੌਰ ਦਾ ਪਾਣੀ ਜਿੱਥੇ ਆ ਕੇ ਭਰਦਾ ਹੈ ਉਸ ਨੂੰ ਤਾਲਾਬ ਨਹੀਂ ਕਹਿੰਦੇ। ਉਹ ਹੈ ਆਗਰ। ਤਾਲਾਬ ਤਾਂ ਸਾਰੇ ਹਿੱਸਿਆਂ ਦਾ ਕੁੱਲ ਜੋੜ ਹੈ। ਆਗਰ ਮਤਲਬ

ਘਰ, ਖ਼ਜ਼ਾਨਾ। ਤਾਲਾਬ ਦਾ ਖ਼ਜ਼ਾਨਾ ਹੈ ਆਗਰ, ਜਿੱਥੇ ਸਾਰਾ ਪਾਣੀ ਆ ਕੇ ਜਮ੍ਹਾਂ ਹੋਵੇਗਾ। ਰਾਜਸਥਾਨ ਵਿੱਚ ਇਹ ਸ਼ਬਦ ਤਾਲਾਬ ਤੋਂ ਬਿਨਾਂ ਵੀ ਚਲਦਾ ਹੈ। ਰਾਜ ਪਰਿਵਹਨ ਦੀਆਂ ਬਸਾਂ ਦੇ ਡਿਪੂ ਨੂੰ ਵੀ ਆਗਰ ਕਿਹਾ ਜਾਂਦਾ ਹੈ। ਆਗਰਾ ਨਾਂ ਵੀ ਇਸ ਤੋਂ ਹੀ ਬਣਿਆ ਹੈ। ਆਗਰ ਨਾਂ ਦੇ ਕੁੱਝ ਪਿੰਡ ਵੀ ਕਈ ਰਾਜਾਂ ਵਿੱਚ ਮਿਲ ਜਾਣਗੇ।

ਆਗੌਰ ਅਤੇ ਆਗਰ ਸਾਗਰ ਦੇ ਦੋ ਮੁੱਖ ਹਿੱਸੇ ਮੰਨੇ ਗਏ ਹਨ। ਇਸ ਨੂੰ ਵੱਖ-ਵੱਖ ਖੇਤਰਾਂ ਵਿੱਚ ਕੁੱਝ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਕਿਤੇ ਇਹ ਸ਼ਬਦ ਮੂਲ ਸੰਸਕ੍ਰਿਤ ਤੋਂ ਘਸਦੇ-ਘਸਦੇ ਬੋਲੀ ਵਿੱਚ ਕਾਫ਼ੀ ਸਰਲ ਹੁੰਦੇ ਦਿਸਦੇ ਹਨ ਅਤੇ ਕਿਤੇ ਠੇਠ ਪੇਂਡੂ ਇਲਾਕਿ਼ਆਂ ਵਿੱਚ ਬੋਲੀ ਨੂੰ ਸਿੱਧੇ ਸੰਸਕ੍ਰਿਤ ਤੱਕ ਲੈ ਜਾਂਦੇ ਹਨ। ਆਗੌਰ ਕਿਤੇ ਆਵ ਹੈ, ਤਾਂ ਕਿਤੇ ਪਾਯਤਨ, ਮਤਲਬ ਜਿੱਥੇ ਤਾਲਾਬ ਦੇ ਪੈਰ ਪਸਰੇ ਹੋਣ। ਆਯਤਨ ਉਸ ਨੂੰ ਕਹਿੰਦੇ ਹਨ ਜਿੱਥੇ ਇਹ ਪਸਰਿਆ ਹੋਇਆ ਹਿੱਸਾ ਸੁੰਗੜ ਜਾਏ, ਭਾਵ ਆਗਰ ਬਣ ਜਾਏ। ਇਸਨੂੰ ਕਿਤੇ-ਕਿਤੇ ਭਰਾਓ ਵੀ ਕਹਿੰਦੇ ਹਨ। ਆਂਧਰਾ ਪ੍ਰਦੇਸ਼ ਵਿੱਚ ਪਹੁੰਚ ਕੇ ਇਹ ਪਰਿਵਾਹ ਪ੍ਰਦੇਸ਼ਮ ਬਣ ਜਾਂਦਾ ਹੈ। ਆਗਰ ਵਿੱਚ ਆਗੌਰ ਤੋਂ ਪਾਣੀ ਆਉਂਦਾ ਹੈ ਪਰ ਕਿਤੇ-ਕਿਤੇ ਆਗਰ ਦੇ ਬਿਲਕੁਲ ਵਿਚਕਾਰ ਖ਼ੂਹ ਵੀ ਪੁੱਟਦੇ ਹਨ। ਇਸ ਸਰੋਤ ਰਾਹੀਂ ਵੀ ਤਾਲਾਬ ਵਿੱਚ ਪਾਣੀ ਆਉਂਦਾ ਹੈ। ਇਸਨੂੰ ਬੋਗਲੀ ਕਹਿੰਦੇ ਹਨ। ਬਿਹਾਰ ਵਿੱਚ ਬੋਗਲੀ ਵਾਲੇ ਸੈਂਕੜੇ ਤਾਲਾਬ ਹਨ। ਬੋਗਲੀ ਦਾ ਇੱਕ ਨਾਂ ਚੂਹਰ ਵੀ ਹੈ।

ਪਾਣੀ ਦੇ ਇਸ ਆਗਰ ਦੀ, ਕ਼ੀਮਤੀ ਖ਼ਜ਼ਾਨੇ ਦੀ ਰਾਖੀ ਕਰਦੀ ਹੈ, ਪਾਲ (ਵੱਟ)। ਪਾਲ ਸ਼ਬਦ ਪਾਲਕ ਤੋਂ ਬਣਿਆ ਹੋਵੇਗਾ। ਕੁੱਝ ਖੇਤਰਾਂ ਵਿੱਚ ਇਹ ਪਾਰ ਹੈ। ਨਦੀ ਦੇ ਪਾਰ ਵਾਂਗ ਕਿਨਾਰੇ ਦੇ ਅਰਥ ਵਿੱਚ। ਪਾਰ ਦੇ ਨਾਲ ਆਰ ਵੀ ਹੈ, ਆਰ-ਪਾਰ ਅਤੇ ਤਾਲਾਬ ਦੇ ਇਸ ਪਾਰ ਤੋਂ ਉਸ ਪਾਰ ਨੂੰ ਆਰ-ਪਾਰ ਜਾਂ ਪਾਰ-ਆਰ ਦੀ ਥਾਂ ਪਾਰਾਵਾਰ ਵੀ ਕਹਿੰਦੇ ਹਨ। ਅੱਜ ਪਾਰਾਵਾਰ ਸ਼ਬਦ ਤਾਲਾਬ ਜਾਂ ਪਾਣੀ 'ਚੋਂ ਨਿੱਕਲ ਕੇ ਆਨੰਦ ਦੀ ਮਾਤਰਾ ਦੱਸਣ ਲਈ ਵਰਤੋਂ ਵਿੱਚ ਆ ਰਿਹਾ ਹੈ, ਪਰ ਪਹਿਲਾਂ ਇਹ ਪਾਣੀ ਦੇ ਆਨੰਦ ਦਾ ਪਾਰਾਵਾਰ ਹੁੰਦਾ ਹੋਵੇਗਾ।

ਪਾਰ ਜਾਂ ਪਾਲ ਬਹੁਤ ਮਜ਼ਬੂਤ ਹੁੰਦੀ ਹੈ, ਪਰ ਇਸ ਰਖਵਾਲੇ ਦੀ ਵੀ ਰਖਵਾਲੀ ਨਾ ਹੋਵੇ ਤਾਂ ਆਗੌਰ ਤੋਂ ਆਗਰ ਵਿੱਚ ਲਗਾਤਾਰ ਭਰਨ ਵਾਲਾ ਪਾਣੀ ਇਸ ਨੂੰ ਪਤਾ ਨਹੀਂ ਕਦੋਂ ਪਾਰ ਕਰ ਲਵੇ ਅਤੇ ਪਾਣੀ ਦਾ ਤੇਜ਼ ਵਹਾਅ ਅਤੇ ਸ਼ਕਤੀ ਵੇਖਦੇ ਹੀ ਵੇਖਦੇ ਉਸ ਨੂੰ ਮਿਟਾ ਦੇਵੇ। ਤਾਲਾਬ ਨੂੰ ਟੁੱਟਣ ਤੋਂ ਬਚਾਉਣ ਵਾਲੇ ਇਸ ਹਿੱਸੇ ਦਾ ਨਾਂ ਹੈ ਅਫ਼ਰਾ। ਆਗਰ ਤਾਂ ਹੋਇਆ ਤਾਲਾਬ ਦਾ ਢਿੱਡ, ਅਤੇ ਇਹ ਇੱਕ ਹੱਦ ਤੱਕ ਭਰਨਾ ਚਾਹੀਦਾ ਹੈ ਤਾਂ ਹੀ ਤਾਲਾਬ ਦਾ ਸਾਲ ਭਰ ਤੱਕ ਕੋਈ ਅਰਥ ਹੈ। ਜੇਕਰ ਉਹ ਹੱਦ ਨੂੰ ਪਾਰ ਕਰ ਲਵੇ ਤਾਂ ਪਾਲ ਨੂੰ ਖ਼ਤਰਾ ਹੈ। ਢਿੱਡ ਪੂਰਾ ਭਰ ਗਿਆ, ਆਫ਼ਰ ਗਿਆ ਤਾਂ ਉਸ ਨੂੰ ਹੁਣ ਖ਼ਾਲੀ ਕਰਨਾ ਹੈ। ਇਹ






ਕੰਮ ਅਫ਼ਰਾ ਕਰਦੀ ਹੈ ਅਤੇ ਢਿੱਡ ਨੂੰ ਫਟਣ ਤੋਂ, ਤਾਲਾਬ ਦੀ ਪਾਲ ਨੂੰ ਟੁੱਟਣ ਤੋਂ ਬਚਾਉਂਦੀ ਹੈ।

ਇਸ ਹਿੱਸੇ ਦੇ ਕਈ ਨਾਂ ਹਨ। ਅਫ਼ਰਾ ਕਿਤੇ ਅਪਰਾ ਵੀ ਹੋ ਜਾਂਦਾ ਹੈ। ਉਬਰਾ, ਓਬਰਾ ਵੀ ਹੈ, ਜੋ ਸ਼ਾਇਦ ਬਚਣ-ਬਚਾਉਣ ਦੇ ਅਰਥ ਤੋਂ ਬਣੇ ਹਨ। ਰਾਜਸਥਾਨ ਵਿੱਚ ਇਹ ਸਭ ਨਾਂ ਚਲਦੇ ਹਨ। ਚੰਗੀ ਬਰਸਾਤ ਹੋਵੇ ਤੇ ਤਾਲਾਬ ਵਿੱਚ ਪਾਣੀ ਅਪਰਾ ਦੇ ਉੱਪਰੋਂ ਲੰਘਣ ਲੱਗ ਪਵੇ ਤਾਂ ਉਹਨੂੰ ਅਪਰਾ ਚੱਲਣਾ ਕਹਿੰਦੇ ਹਨ। ਮੱਧ-ਪ੍ਰਦੇਸ਼, ਉੱਤਰ-ਪ੍ਰਦੇਸ਼ ਦੇ ਕਈ ਹਿੱਸਿਆਂ ਵਿੱਚ ਇਸਨੂੰ ਚਾਦਰ ਚੱਲਣਾ ਵੀ ਕਹਿੰਦੇ ਹਨ। ਛੱਤੀਸਗੜ੍ਹ ਵਿੱਚ ਇਸ ਹਿੱਸੇ ਦਾ ਨਾਂ ਹੈ ਛਲਕਾ ਭਾਵ ਉਛਾਲਾ-ਪਾਲ ਨੂੰ ਤੋੜੇ ਬਿਨਾਂ ਜਿੱਥੋਂ ਪਾਣੀ ਉੱਛਲ ਕੇ ਲੰਘ ਜਾਵੇ।

ਇਸ ਹਿੱਸੇ ਦਾ ਪੁਰਾਣਾ ਨਾਂ ਨਿਕਾਸ ਜਾਂ ਨਿਕਾਸੀ ਵੀ ਹੈ। ਪਰ ਸ਼ੁੱਧ ਸੰਸਕ੍ਰਿਤ ਤੋਂ ਆਇਆ ਹੈ ਸ਼ਬਦ ਨੇਸ਼ਟਾ। ਰਾਜਸਥਾਨ ਦੇ ਥਾਰ ਖੇਤਰ ਵਿੱਚ, ਜੈਸਲਮੇਰ, ਬੀਕਾਨੇਰ, ਜੋਧਪੁਰ ਵਿੱਚ ਸਭ ਥਾਂ, ਪਿੰਡਾਂ ਵਿੱਚ, ਸ਼ਹਿਰਾਂ ਵਿੱਚ ਨੇਸ਼ਟਾ ਹੀ ਪ੍ਰਚਲਿਤ ਹੈ। ਸਰਹੱਦ ਪਾਰ ਕਰ ਕੇ ਸਿੰਧ ਵਿੱਚ ਵੀ ਇਹੀ ਨਾਂ ਚਲਦਾ ਹੈ। ਇਹ ਦੱਖਣ ਵਿੱਚ ਕਾਲੰਗਲ ਹੈ ਤੇ ਬੁੰਦੇਲਖੰਡ ਵਿੱਚ ਬਗਰਨ ਭਾਵ ਜਿੱਥੋਂ ਤਾਲਾਬ ਦਾ ਵਾਧੂ ਪਾਣੀ ਬਾਹਰ ਨਿੱਕਲ ਜਾਵੇ।

ਸ਼ਿਵਸਾਗਰ ਦੀ ਕਲਾਤਮਕ ਨੇਸ਼ਟਾ




ਨੇਸ਼ਟਾ ਨੂੰ ਪਹਿਲੇ ਸਾਲ ਛੋਟਾ ਬਣਾਉਂਦੇ ਹਨ ; ਪਾਲ ਤੋਂ ਵੀ ਬਹੁਤ ਨੀਵਾਂ। ਨਵੀਂ ਪਾਲ ਪਾਣੀ ਪੀਵੇਗੀ, ਕੁੱਝ ਧਸੇਗੀ ਤਾਹੀਓਂ ਤਾਲਾਬ ਵਿੱਚ ਜ਼ਿਆਦਾ ਪਾਣੀ ਰੋਕਣ ਦਾ ਲਾਲਚ ਨਹੀਂ ਕਰਦੇ। ਜਦੋਂ ਇੱਕ ਬਰਸਾਤ ਨਾਲ ਤਾਲਾਬ ਪੱਕਾ ਹੋ ਜਾਂਦਾ ਹੈ ਤਾਂ ਅਗਲੇ ਸਾਲ ਨਿਕਾਸੀ ਨੂੰ ਥੋੜ੍ਹਾ ਹੋਰ ਉੱਪਰ ਚੁੱਕਦੇ ਹਨ। ਇਸ ਸੂਰਤ ਵਿੱਚ ਤਾਲਾਬ ਜ਼ਿਆਦਾ ਪਾਣੀ ਰੋਕ ਸਕਦਾ ਹੈ।

(ਨੇਸ਼ਟਾ) ਨਿਕਾਸੀ ਮਿੱਟੀ ਦੀ ਕੱਚੀ ਵੱਟ ਦਾ ਘੱਟ ਉੱਚਾ ਹਿੱਸਾ ਹੁੰਦੀ ਹੈ, ਪਰ ਇਹ ਪਾਣੀ ਦਾ ਮੁੱਖ ਜ਼ੋਰ ਝੱਲਦੀ ਹੈ, ਇਸ ਲਈ ਇਸ ਨੂੰ ਪੱਕਾ ਮਤਲਬ ਪੱਥਰ ਚੂਨੇ ਦਾ ਬਣਾਇਆ ਜਾਂਦਾ ਹੈ। ਨੇਸ਼ਟਾ ਦੇ ਆਲੇ-ਦੁਆਲੇ ਦਾ ਹਿੱਸਾ ਅਰਧ-ਗੋਲੇ ਦੀ ਗੋਲਾਈ ਦੇ ਰੂਪ ਵਿੱਚ ਬਣਾਇਆ ਜਾਂਦਾ ਹੈ ਤਾਂ ਜੋ ਪਾਣੀ ਦਾ ਵੇਗ ਉਸ ਨਾਲ ਟਕਰਾ ਕੇ ਟੁੱਟ ਸਕੇ। ਇਸ ਗੋਲਾਈ ਵਾਲੇ ਅੰਗ ਦਾ ਨਾਂ ਨਾਕਾ ਹੈ। ਜੇ ਇਹ ਅੰਗ ਤਾਲਾਬ ਦੀ ਥਾਂ ਬੰਨ੍ਹ 'ਤੇ ਬਣੇ, ਭਾਵ ਛੋਟੇ ਨਦੀ-ਨਾਲੇ ਦੇ ਪ੍ਰਵਾਹ ਨੂੰ ਰੋਕਣ ਲਈ ਬਣਾਏ ਗਏ ਛੋਟੇ ਬੰਨ੍ਹ ਉੱਤੇ ਬਣੇ ਤਾਂ ਉਸ ਨੂੰ ਓੜ ਕਹਿੰਦੇ ਹਨ। ਪੱਖੇ ਵਰਗੇ ਆਕਾਰ ਕਾਰਨ ਇਸ ਨੂੰ ਪੱਖਾ ਵੀ ਆਖਦੇ ਹਨ।

ਨੇਸ਼ਟਾ ਉਂਝ ਤਾਂ ਤਾਲਾਬ ਦਾ ਤਕਨੀਕੀ ਹਿੱਸਾ ਹੁੰਦਾ ਸੀ, ਪਰੰਤੂ ਕਿਤੇ-ਕਿਤੇ ਇਸ ਨੂੰ ਇਸ ਢੰਗ ਨਾਲ ਬਣਾਇਆ ਜਾਂਦਾ ਸੀ ਕਿ ਤਕਨੀਕੀ ਹਿੱਸਾ ਹੋਣ ਦੇ ਬਾਵਜੂਦ ਉਹ ਕਲਾ-ਪੱਖ ਨੂੰ ਵੀ ਛੋਹ ਲੈਂਦਾ ਸੀ। ਜਿਹੜੇ ਕਲਾ ਦੇ ਨਿਪੁੰਨ ਹੱਥਾਂ ਦਾ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ, ਉਨ੍ਹਾਂ ਤੋਂ ਇਹ ਕੰਮ ਸਹਿਜ ਹੀ ਹੋ ਜਾਂਦਾ ਸੀ। ਰਾਜਸਥਾਨ ਦੇ ਜੋਧਪੁਰ ਜ਼ਿਲ੍ਹੇ ਵਿੱਚ ਇੱਕ ਛੋਟਾ ਜਿਹਾ ਸ਼ਹਿਰ ਹੈ ਫ਼ਲੌਦੀ, ਉੱਥੇ ਸ਼ਿਵ ਸਾਗਰ ਨਾਂ ਦਾ ਇੱਕ ਤਾਲਾਬ ਹੈ। ਇਸ ਦਾ ਘਾਟ ਲਾਲ ਪੱਥਰ ਨਾਲ ਬਣਾਇਆ ਗਿਆ ਹੈ। ਘਾਟ ਸਿੱਧੀ ਰੇਖਾ ਵਿੱਚ ਚੱਲਦਾ-ਚੱਲਦਾ ਸੱਪ-ਵਲੇਵੇਂ ਦਾ ਸੁੰਦਰ ਰੂਪ ਲੈ ਲੈਂਦਾ ਹੈ। ਇਹ ਅਰਧ ਗੋਲੇ ਵਾਲੀ ਗੋਲਾਈ ਤਾਲਾਬ ਤੋਂ ਬਾਹਰ ਨਿੱਕਲਣ ਵਾਲੇ ਪਾਣੀ ਦਾ ਵਹਾਅ ਘਟਾਉਂਦੀ ਹੈ। ਜੁਮੈਟਰੀ ਦੀ ਇਹ ਸੁੰਦਰ ਖੇਡ ਬਿਨਾਂ ਕਿਸੇ ਤਕਨੀਕੀ ਬੋਝ ਤੋਂ, ਸੱਚਮੁੱਚ ਖੇਡ-ਖੇਡ ਵਿੱਚ ਵੱਧ ਪਾਣੀ ਨੂੰ ਬਾਹਰ ਕੱਢ ਕੇ ਸ਼ਿਵ ਸਾਗਰ ਦੀ ਰਾਖੀ ਬੜੇ ਹੀ ਕਲਾਤਮਕ ਢੰਗ ਨਾਲ ਕਰਦੀ ਹੈ।

ਮੁੜ ਆਗੌਰ ਵੱਲ ਚੱਲੀਏ! ਇੱਥੋਂ ਹੀ ਪਾਣੀ ਆਉਂਦਾ ਹੈ ਆਗਰ ਵਿੱਚ। ਸਿਰਫ ਪਾਣੀ ਲਿਆਉਣਾ ਹੈ ਅਤੇ ਮਿੱਟੀ ਤੇ ਰੇਤ ਨੂੰ ਰੋਕਣਾ ਹੈ। ਇਸ ਲਈ ਆਗੌਰ ਵਿੱਚ ਪਾਣੀ ਛੋਟੀਆਂ-ਛੋਟੀਆਂ ਧਾਰਾਵਾਂ ਨੂੰ ਮੋੜ ਕੇ ਕੁੱਝ ਖ਼ਾਸ ਰਸਤਿਆਂ ਰਾਹੀਂ ਆਗਰ ਵੱਲ ਲਿਆਇਆ ਜਾਂਦਾ ਹੈ ਅਤੇ ਤਾਲਾਬ ਵਿੱਚ ਪੁੱਜਣ ਤੋਂ ਪਹਿਲਾਂ ਇਨ੍ਹਾਂ ਧਾਰਾਵਾਂ ਉੱਤੇ ਖੁਰਾ (ਰੋਕ) ਲਾਇਆ ਜਾਂਦਾ ਹੈ। ਸ਼ਾਇਦ ਇਹ ਸ਼ਬਦ ਪਸ਼ੂ ਦੇ ਖੁਰ ਤੋਂ ਬਣਿਆ ਹੈ। ਇਸਦਾ ਆਕਾਰ ਖੁਰ ਜਿਹਾ ਹੁੰਦਾ ਹੈ। ਵੱਡੇ-ਵੱਡੇ ਪੱਥਰ ਕੁੱਝ ਇਸ ਤਰ੍ਹਾਂ ਜੋੜੇ ਜਾਂਦੇ ਹਨ ਕਿ ਉਨ੍ਹਾਂ ਵਿੱਚੋਂ ਸਿਰਫ਼ ਪਾਣੀ ਹੀ ਲੰਘ ਸਕੇ, ਮਿੱਟੀ ਅਤੇ ਰੇਤ ਆਦਿ ਪਿੱਛੇ ਹੀ ਜੰਮ ਜਾਵੇ।





ਆਗੌਰ ਦੀ ਕੁੰਡੀ

ਰੇਗਿਸਤਾਨੀ ਖੇਤਰ ਵਿੱਚ ਰੇਤ ਦੀ ਮਾਤਰਾ ਮੈਦਾਨੀ ਖੇਤਰਾਂ ਨਾਲੋਂ ਕਿਤੇ ਵੱਧ ਹੁੰਦੀ ਹੈ। ਇਸ ਲਈ ਉੱਥੇ ਤਾਲਾਬ ਵਿੱਚ ਖੁਰੇ ਚੰਗੀ ਤਰ੍ਹਾਂ ਅਤੇ ਕੱਚੇ ਦੀ ਥਾਂ ਪੱਕੇ ਬਣਦੇ ਹਨ। ਪੱਥਰਾਂ ਨੂੰ ਗਾਰੇ, ਚੂਨੇ ਨਾਲ ਲਾ ਕੇ ਬਾਕਾਇਦਾ ਅਜਿਹੀ ਦੋ ਮੰਜ਼ਿਲੀ ਪੁਲੀ ਬਣਾਈ ਜਾਂਦੀ ਹੈ, ਜਿਸ ਵਿੱਚ ਉੱਪਰਲੀ ਮੰਜ਼ਿਲ ਦੇ ਝਰੋਖਿਆਂ ਜਾਂ ਮੋਰੀਆਂ ਵਿੱਚੋਂ ਪਾਣੀ ਆਉਂਦਾ ਹੈ। ਉਨ੍ਹਾਂ ਮੋਰੀਆਂ ਵਿੱਚੋਂ ਪਾਣੀ ਇੱਕ ਨਾਲੀ ਵਿੱਚ ਜਾਂਦਾ ਹੈ ਅਤੇ ਉੱਥੇ ਪਾਣੀ ਸਾਰਾ ਭਾਰ ਰੋੜੇ, ਰੇਤ ਆਦਿ ਛੱਡ ਕੇ ਨਿੱਤਰ ਕੇ ਫਿਰ ਪਹਿਲੀ ਮੰਜ਼ਿਲ ਦੀਆਂ ਮੋਰੀਆਂ ਰਾਹੀਂ ਬਾਹਰ ਨਿਕਲ ਕੇ ਆਗੌਰ ਵੱਲ ਚੱਲਦਾ ਹੈ। ਕਈ ਤਰ੍ਹਾਂ ਦੀਆਂ ਛੋਟੀਆਂ-ਵੱਡੀਆਂ, ਉੱਚੀਆਂ-ਨੀਵੀਆਂ ਮੋਰੀਆਂ 'ਚੋਂ ਪਾਣੀ ਛਣ ਕੇ ਆਗਰ ਵਿੱਚ ਭੇਜਣ ਵਾਲਾ ਇਹ ਢਾਂਚਾ ਛਾਨਣੀ ਕਹਾਉਂਦਾ ਹੈ।

ਇਸ ਤਰ੍ਹਾਂ ਰੋਕੀ ਗਈ ਮਿੱਟੀ ਦੇ ਕਈ ਨਾਂ ਹਨ-ਕਿਤੇ ਇਹ ਸਾਦ ਹੈ, ਗਾਦ ਹੈ, ਲੱਦੀ ਹੈ, ਗਾਰਾ ਹੈ ਤੇ ਕਿਤੇ ਤਲਛਟ ਵੀ। ਪੂਰੀ ਸਾਵਧਾਨੀ ਰੱਖਣ ਤੋਂ ਬਾਅਦ ਵੀ ਹਰ ਸਾਲ ਪਾਣੀ ਦੇ ਨਾਲ ਕੁੱਝ ਨਾ ਕੁੱਝ ਮਿੱਟੀ ਆਗਰ ਵਿੱਚ ਆ ਹੀ ਜਾਂਦੀ ਹੈ।


ਆਓ! ਫੇਰ ਪਾਲ ਵੱਲ ਚੱਲੀਏ। ਪਾਲ ਕਿਤੇ ਸਿੱਧੀ ਕਿਤੇ ਅੱਧੇ ਚੰਦ ਵਰਗੀ, ਦੂਜ ਦੇ ਚੰਦ ਵਰਗੀ ਬਣਦੀ ਹੈ ਤਾਂ ਕਿਤੇ ਇਸ ਵਿੱਚ ਸਾਡੀ ਬਾਂਹ ਦੀ ਕੂਹਣੀ ਵਾਂਗ ਮੋੜ ਆਉਂਦਾ ਹੈ। ਇਹ ਮੋੜ ਕੂਹਣੀ ਹੀ ਅਖਵਾਉਂਦਾ ਹੈ। ਜਿੱਥੇ ਵੀ ਪਾਲ ਤੇ ਆਗੌਰ ਤੋਂ ਆਉਣ ਵਾਲੇ ਪਾਣੀ ਦਾ ਵੱਡਾ ਵੇਗ ਲਗਦਾ ਹੈ, ਉੱਥੇ ਪਾਲ ਦੀ ਮਜ਼ਬੂਤੀ ਵਧਾਉਣ ਲਈ ਉਸ ਉੱਤੇ ਕੂਹਣੀ ਲਾ ਦਿੱਤੀ ਜਾਂਦੀ ਹੈ।

ਜਿੱਥੇ ਸੰਭਵ ਹੈ, ਸਮਰੱਥਾ ਹੈ, ਉੱਥੇ ਪਾਲ ਅਤੇ ਪਾਣੀ ਵਿੱਚ ਪੱਥਰ ਦੇ ਟੁੱਕੜੇ ਲਾਏ ਜਾਂਦੇ ਹਨ। ਪੱਥਰ ਜੋੜਨ ਦੀ ਕਿਰਿਆ ਨੂੰ ਜੁਹਾਨਾ ਕਿਹਾ ਜਾਂਦਾ ਹੈ। ਛੋਟੇ ਪੱਥਰ ਗਾਰੇ ਨਾਲ ਜੋੜੇ ਜਾਂਦੇ ਸਨ ਅਤੇ ਇਸ ਘੋਲ ਵਿੱਚ ਰੇਤਾ, ਚੂਨਾ, ਵੇਲਪੱਤਰ, ਗੁੜ, ਗੂੰਦ ਅਤੇ ਮੇਥੀ ਮਿਲਾਈ ਜਾਂਦੀ ਸੀ। ਵੱਡੇ ਵਜ਼ਨੀ ਪੱਥਰ, ਜੋੜਨ ਲਈ ਉਨ੍ਹਾਂ ਵਿੱਚ ਗਲੀ ਕਰ ਕੇ ਮੋਟੇ ਕਿੱਲ ਲਗਾ ਦਿੱਤੇ ਜਾਂਦੇ ਸਨ। ਇਸ ਵਿੱਚ ਇੱਕ ਪੱਥਰ ਵਿੱਚ ਮਘੋਰਾ ਛੱਡਦੇ ਅਤੇ ਦੂਜੇ ਵਿੱਚ ਉਸ ਆਕਾਰ ਦੀ ਕਿੱਲ ਅੜਾ ਦਿੰਦੇ ਸਨ। ਕਦੇ-ਕਦੇ ਵੱਡੇ ਪੱਥਰ ਲੋਹੇ ਦੀ ਪੱਤੀ ਨਾਲ ਜੋੜੇ ਜਾਂਦੇ ਸਨ। ਪੱਥਰ ਦੇ ਟੁਕੜੇ ਪਾਲ

ਦੀ ਮਿੱਟੀ ਨੂੰ ਆਗਰ ਵਿੱਚ ਆਉਣ ਤੋਂ ਰੋਕਦੇ ਹਨ। ਪੱਥਰਾਂ ਨਾਲ ਬਣੇ ਇਸ ਹਿੱਸੇ ਨੂੰ ਪਠਿਆਲ ਕਹਿੰਦੇ ਹਨ। ਪਠਿਆਲ ਉੱਤੇ ਸੁੰਦਰ ਮੰਦਿਰ, ਬਾਰਾਂਦਰੀ, ਛਤਰੀ ਅਤੇ ਘਾਟ ਬਣਾਉਣ ਦਾ ਰਿਵਾਜ ਹੈ। ਤਾਲਾਬ ਅਤੇ ਪਾਲ ਦਾ ਆਕਾਰ ਕਾਫ਼ੀ ਵੱਡਾ ਹੋਵੇ ਤਾਂ ਫਿਰ ਘਾਟ ਉੱਤੇ ਪੱਥਰ ਦੀਆਂ ਪੌੜੀਆਂ ਵੀ ਬਣਦੀਆਂ ਹਨ। ਜਿੱਥੇ ਬਹੁਤ ਵੱਡਾ ਅਤੇ ਡੂੰਘਾ ਤਾਲਾਬ ਹੈ ਉੱਥੇ ਪੌੜੀਆਂ ਦੀ ਲੰਬਾਈ ਅਤੇ ਗਿਣਤੀ ਵੀ ਉਸੇ ਅਨੁਪਾਤ ਨਾਲ ਵਧ ਜਾਂਦੀ ਹੈ। ਇਸ ਕਾਰਨ ਪਾਲ ਵਾਂਗ ਪੌੜੀਆਂ ਦੀ ਮਜ਼ਬੂਤੀ ਦਾ ਵੀ ਇੰਤਜ਼ਾਮ ਕੀਤਾ ਜਾਂਦਾ ਹੈ। ਜੇ ਅਜਿਹਾ ਨਾ ਹੋਵੇ ਤਾਂ ਫਿਰ ਪੌੜੀਆਂ ਵਿੱਚ ਕੱਟ ਪੈ ਜਾਣਗੇ। ਇਨ੍ਹਾਂ ਪੌੜੀਆਂ ਨੂੰ ਸਹਾਰਾ ਦੇਣ ਲਈ ਵਿੱਚ ਵਿਚਾਲੇ ਬੁਰਜਨੁਮਾ, ਚਬੂਤਰੇ ਵਰਗੀ ਵੱਡੀ ਪੌੜੀ ਬਣਾਈ ਜਾਂਦੀ ਹੈ। ਹਰ ਅੱਠ ਜਾਂ ਦਸ ਪੌੜੀਆਂ ਮਗਰੋਂ ਆਉਣ ਵਾਲੇ ਇਸ ਢਾਂਚੇ ਨੂੰ ਹਥਣੀ ਕਿਹਾ ਜਾਂਦਾ ਹੈ।

ਅਜਿਹੀ ਕਿਸੇ ਹਥਣੀ ਦੀ ਕੰਧ ਵਿੱਚ ਇੱਕ ਆਲਾ ਬਣਾਇਆ ਜਾਂਦਾ ਹੈ ਅਤੇ ਉਸ ਵਿੱਚ ਘਟੋਈਆ ਬਾਬਾ ਦੀ ਸਥਾਪਨਾ ਕੀਤੀ ਜਾਂਦੀ ਹੈ। ਘਟੋਈਆ ਦੇਵਤਾ ਘਾਟ ਦੀ ਰਾਖੀ ਕਰਦੇ ਹਨ। ਹਮੇਸ਼ਾ ਅਪਰਾ ਦੀ ਉਚਾਈ ਦੇ ਹਿਸਾਬ ਨਾਲ ਹੀ ਇਸਦੀ ਸਥਾਪਨਾ ਹੁੰਦੀ ਹੈ। ਇਸ ਤਰ੍ਹਾਂ ਜੇਕਰ ਆਗੌਰ ਵਿੱਚ ਪਾਣੀ ਜ਼ਿਆਦਾ ਵਰ੍ਹੇ, ਆਗਰ ਵਿੱਚ ਪਾਣੀ ਦਾ ਪੱਧਰ ਲਗਾਤਾਰ ਉੱਚਾ ਉੱਠਣ ਲੱਗੇ, ਤਾਲਾਬ 'ਤੇ ਖ਼ਤਰਾ ਮੰਡਰਾਉਣ ਲੱਗੇ ਤਾਂ ਘਟੋਈਆ ਬਾਬਾ ਦੇ ਚਰਨਾਂ ਤੱਕ ਪਾਣੀ ਆਉਣ ਤੋਂ ਬਾਅਦ ਅਪਰਾ ਚੱਲ ਪਵੇਗੀ ਅਤੇ ਪਾਣੀ ਵਧਣਾ ਰੁਕ ਜਾਵੇਗਾ। ਇਸ ਤਰ੍ਹਾਂ ਘਾਟ ਦੀ, ਤਾਲਾਬ ਦੀ ਰਾਖੀ ਦੇਵਤਾ ਅਤੇ ਮਨੁੱਖ ਮਿਲ ਕੇ ਕਰਦੇ ਹਨ।

ਪਾਲ ਦੀ ਕੂਹਣੀ



ਤਾਲਾਬਾਂ ਵਾਂਗ ਨਦੀਆਂ ਦੇ ਘਾਟਾਂ ਉੱਤੇ ਵੀ ਘਟੋਈਆ ਬਾਬਾ ਦੀ ਸਥਾਪਨਾ ਹੁੰਦੀ ਰਹੀ ਹੈ। ਹੜ੍ਹ ਦੇ ਦਿਨਾਂ ਵਿੱਚ ਵੱਡੇ ਬਜ਼ੁਰਗ, ਦਾਦਾ-ਦਾਦੀ ਘਾਟ ਉੱਤੇ ਖ਼ੁਦ ਤਾਂ ਨਹੀਂ ਜਾ ਸਕਦੇ, ਉਹ ਉੱਥੋਂ ਵੇਖ ਕੇ ਮੁੜਨ ਵਾਲੇ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ ਅਤੇ ਮੁੰਡੇ-ਕੁੜੀਆਂ ਨੂੰ ਬਹੁਤ ਹੈਰਾਨੀ ਨਾਲ ਹਮੇਸ਼ਾ ਇਹੀ ਪ੍ਰਸ਼ਨ ਪੁੱਛਦੇ ਹਨ,'ਪਾਣੀ ਕਿੱਥੇ ਤੱਕ ਚੜ੍ਹ ਗਿਆ ਹੈ? ਕੀ ਘਟੋਈਆ ਬਾਬਾ ਦੇ ਚਰਨਾਂ ਤੱਕ ਆ ਗਿਆ? ' ਉਨ੍ਹਾਂ ਦੇ ਪੈਰ ਜੇਕਰ ਪਾਣੀ ਨੂੰ ਛੋਹ ਲੈਣ ਤਾਂ ਸਮਝੋ ਕੰਮ ਹੋ ਗਿਆ। ਇੰਨਾ ਪਾਣੀ ਆਗਰ ਵਿੱਚ ਹੋ ਜਾਵੇ ਤਾਂ ਸਾਰਾ ਸਾਲ ਕੰਮ ਚੱਲੇਗਾ।

ਪੂਰਾ ਸਾਲ ਆਗਰ ਦੀ ਜਲ ਰਾਸ਼ੀ, ਖ਼ਜ਼ਾਨੇ ਨੂੰ ਮਾਪਣ ਦਾ ਕੰਮ ਕਰਦੇ ਹਨ ਉਨ੍ਹਾਂ ਵਿੱਚ ਵੱਖ-ਵੱਖ ਥਾਵਾਂ 'ਤੇ ਲੱਗੇ ਥੰਮ੍ਹ। ਨਾਗਯਸ਼ਟੀ ਬਹੁਤ ਪੁਰਾਣਾ ਸ਼ਬਦ ਹੈ। ਇਹ ਨਵੇਂ ਪੁੱਟੇ ਗਏ ਤਾਲਾਬਾਂ ਦੇ ਪਾਣੀ ਦੀ ਮਾਤਰਾ ਨੂੰ ਮਾਪਣ ਦੇ ਕੰਮ ਆਉਂਦਾ ਹੈ। ਇਸ ਉੱਤੇ ਹਮੇਸ਼ਾ ਨਾਗ ਆਦਿ ਖੋਦੇ ਜਾਂਦੇ ਸਨ। ਜਿਨ੍ਹਾਂ ਉੱਤੇ ਨਾਗ ਨਹੀਂ ਖੋਦੇ ਜਾਂਦੇ ਸਨ, ਉਨ੍ਹਾਂ ਥੰਮ੍ਹਾਂ ਨੂੰ ਯਸ਼ਟੀ ਹੀ ਕਿਹਾ ਜਾਂਦਾ ਸੀ। ਹੌਲੀ-ਹੌਲੀ ਘਸਦਾ-ਘਸਦਾ ਇਹੋ ਸ਼ਬਦ ਲਾਠ ਬਣ ਗਿਆ, ਇਸ ਨੂੰ ਥੰਮ੍ਹ ਵੀ ਕਿਹਾ ਜਾਂਦਾ ਹੈ ਅਤੇ ਜਲ ਥੰਮ੍ਹ ਵੀ। ਕਿਤੇ ਇਸ ਨੂੰ ਪਨਸਾਲ ਜਾਂ ਪੌਸਰਾ ਵੀ ਕਿਹਾ ਜਾਂਦਾ ਹੈ। ਇਹ ਥੰਮ੍ਹ ਵੱਖ-ਵੱਖ ਥਾਂ ਉੱਤੇ ਲਗਦੇ ਹਨ। ਲਾਉਣ ਦੇ ਮੌਕੇ ਵੀ ਵੱਖ ਹਨ ਅਤੇ ਤਰੀਕੇ ਵੀ ਕਈ ਤਰ੍ਹਾਂ ਦੇ ਹਨ।

ਜਲਰਾਸ਼ੀ ਦਾ ਮਾਪਦੰਡ ਨਾਗਯਸ਼ਟੀ



ਥੰਮ੍ਹ ਤਾਲਾਬ ਦੇ ਵਿਚਕਾਰ ਅਪਰਾ ਉੱਤੇ ਤੇ ਮੋਖੀ 'ਤੇ ਭਾਵ ਜਿੱਥੋਂ ਸਿੰਜਾਈ ਹੁੰਦੀ ਹੈ, ਉੱਥੇ ਅਤੇ ਆਗੌਰ ਉੱਤੇ ਲਾਏ ਜਾਂਦੇ ਹਨ। ਇਨ੍ਹਾਂ ਉੱਤੇ ਫੁੱਟ, ਗਜ਼ ਆਦਿ ਜਿਹੇ ਨੀਰਸ ਨਿਸ਼ਾਨਾਂ ਦੀ ਥਾਂ ਪਦਮ, ਸ਼ੰਖ, ਨਾਗ, ਚੱਕਰ ਜਿਹੇ ਚਿੰਨ੍ਹ ਉਲੀਕੇ ਜਾਂਦੇ ਹਨ। ਵੱਖ-ਵੱਖ ਚਿੰਨ੍ਹ ਪਾਣੀ ਦੀ ਇੱਕ ਨਿਸ਼ਚਿਤ ਡੂੰਘਾਈ ਦੀ ਸੂਚਨਾ ਦਿੰਦੇ ਹਨ। ਸਿੰਜਾਈ ਲਈ ਬਣੇ ਤਾਲਾਬਾਂ ਵਿੱਚ ਥੰਮ੍ਹ ਦੇ ਇੱਕ ਮੁੱਖ ਚਿੰਨ੍ਹ ਤੱਕ ਪਾਣੀ ਦੀ ਮਾਤਰਾ ਉੱਤਰ ਜਾਣ ਮਗਰੋਂ ਪਾਣੀ ਦੀ ਵਰਤੋਂ ਤੁਰੰਤ ਰੋਕ ਦਿੱਤੀ ਜਾਂਦੀ ਹੈ ਅਤੇ ਉਸਨੂੰ ਮੁਸ਼ਕਿਲ ਜਾਂ ਸੰਕਟ ਲਈ ਸੁਰੱਖਿਅਤ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਕਿਤੇ-ਕਿਤੇ ਪਾਲ ਉੱਤੇ ਵੀ ਥੰਮ੍ਹ ਲਾਏ ਜਾਂਦੇ ਹਨ, ਪਰ ਪਾਲ ਦੇ ਥੰਮ੍ਹ ਡੁੱਬਣ ਦਾ ਅਰਥ ਹੈ 'ਪਾਲੇ' (ਹੜ੍ਹ), ਪਰਲੋ ਜਾਂ ਸੰਕਟ। ਥੰਮ੍ਹ ਪੱਥਰ ਦੇ ਵੀ ਬਣਦੇ ਸਨ ਅਤੇ ਲੱਕੜੀ ਦੇ ਵੀ। ਲੱਕੜ ਇਸ ਕਿਸਮ ਦੀ ਚੁਣਦੇ ਜੋ ਮਜ਼ਬੂਤ ਹੋਵੇ, ਪਾਣੀ ਵਿੱਚ ਸੜੇ -ਗਲੇ ਨਾ। ਹਮੇਸ਼ਾ ਜਾਮੁਣ, ਸਾਲ, ਤਾੜ ਅਤੇ ਸਰਈ ਦੀ ਲੱਕੜ ਇਸ ਕੰਮ ਲਈ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਇਨ੍ਹਾਂ ਵਿੱਚੋਂ ਸਾਲ ਦੀ ਮਜ਼ਬੂਤੀ ਬਾਰੇ ਕਈ ਕਹਾਵਤਾਂ ਪ੍ਰਚਲਿਤ ਰਹੀਆਂ ਹਨ, ਜੋ ਅਜੇ ਵੀ ਮਰੀਆਂ

ਨਹੀਂ ਹਨ। ਸਾਲ ਦੀ ਲੱਕੜ ਬਾਰੇ ਇਹ ਕਹਿੰਦੇ ਹਨ,'ਹਜ਼ਾਰ ਸਾਲ ਖੜ੍ਹਾ, ਹਜ਼ਾਰ ਸਾਲ ਪੜਾ ਅਤੇ ਹਜ਼ਾਰ ਸਾਲ ਸੜਾ'। ਛੱਤੀਸਗੜ੍ਹ ਦੇ ਕਈ ਪੁਰਾਣੇ ਤਾਲਾਬਾਂ ਵਿੱਚ ਅੱਜ ਵੀ ਸਾਲ ਦੀ ਲੱਕੜ ਦੇ ਥੰਮ੍ਹ ਲੱਗੇ ਮਿਲ ਜਾਣਗੇ। ਰਾਏਪੁਰ ਦੇ ਪੁਰਾਤੱਤਵ ਸੰਗ੍ਰਹਿਆਲੇ ਵਿੱਚ ਕਹਾਵਤਾਂ ਵਿੱਚੋਂ ਬਾਹਰ ਨਿੱਕਲ ਕੇ ਆਇਆ ਸਾਲ ਦੇ ਬਿਰਖ ਦਾ ਸੱਚਮੁੱਚ ਸੈਂਕੜੇ ਸਾਲਾਂ ਤੋਂ ਵੀ ਪੁਰਾਣਾ ਇੱਕ ਟੁਕੜਾ ਰੱਖਿਆ ਹੋਇਆ ਹੈ। ਇਹ ਜਲਥੰਮ੍ਹ ਦਾ ਇੱਕ ਹਿੱਸਾ ਹੈ, ਜੋ ਉਸੇ ਖੇਤਰ ਵਿੱਚ 'ਚੰਦਰਪੁਰ' (ਹੁਣ ਜ਼ਿਲ੍ਹਾ ਬਿਲਾਸਪੁਰ) ਦੇ ਪਿੰਡ ਕਿਰਾਨੀ ਵਿੱਚ ਹੀਰਾਬੰਨ੍ਹ ਨਾਂ ਦੇ ਤਾਲਾਬ ਵਿੱਚੋਂ ਮਿਲਿਆ ਹੈ। ਇਸ ਉੱਤੇ ਰਾਜ ਅਧਿਕਾਰੀਆਂ ਦੇ ਨਾਂ ਤੱਕ ਖੁਦੇ ਹੋਏ ਮਿਲਦੇ ਹਨ, ਜੋ ਉਸ ਵਿਸ਼ਾਲ ਤਾਲਾਬ ਦੇ ਭਰਨ ਸਮੇਂ ਸਮਾਰੋਹ ਵਿੱਚ ਸ਼ਾਮਿਲ ਹੋਏ ਸਨ। ਹਾਲਾਤ ਨਾ ਬਦਲਣ ਤਾਂ ਲੱਕੜ ਖ਼ਰਾਬ ਨਹੀਂ ਹੁੰਦੀ। ਥੰਮ੍ਹ ਹਮੇਸ਼ਾ ਪਾਣੀ ਵਿੱਚ ਡੁੱਬੇ ਰਹਿੰਦੇ ਸਨ, ਇਸ ਲਈ ਕਈ ਥੰਮ੍ਹ ਸਾਲਾਂ ਤੱਕ ਖ਼ਰਾਬ ਨਹੀਂ ਹੁੰਦੇ ਸਨ।

ਕਿਤੇ-ਕਿਤੇ ਪਾਲ ਜਾਂ ਘਾਟ ਦੀ ਇੱਕ ਪੂਰੀ ਕੰਧ ਉੱਤੇ ਵੱਖ-ਵੱਖ ਉਚਾਈ ਉੱਤੇ ਤਰ੍ਹਾਂ-ਤਰ੍ਹਾਂ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਸਭ ਤੋਂ ਹੇਠਾਂ ਘੋੜਾ ਅਤੇ ਸਭ ਤੋਂ ਉੱਪਰ ਹਾਥੀ। ਪਾਣੀ ਦਾ ਵਧਦਾ ਪੱਧਰ ਇਨ੍ਹਾਂ ਨੂੰ ਕ੍ਰਮਵਾਰ ਛੂਹੰਦਾ ਜਾਂਦਾ ਸੀ ਅਤੇ ਸਭ ਨੂੰ ਪਤਾ ਲੱਗਦਾ ਜਾਂਦਾ ਕਿ ਇਸ ਵਾਰ ਪਾਣੀ ਕਿੰਨਾ ਕੁ ਭਰ ਗਿਆ ਹੈ। ਇਸ ਸ਼ੈਲੀ ਦੀਆਂ ਉਦਾਹਰਣਾਂ ਹਨ-ਜੈਸਲਮੇਰ ਦੇ ਅਮਰ ਸਾਗਰ ਦੀ ਕੰਧ ਉੱਤੇ ਘੋੜੇ, ਹਾਥੀ ਅਤੇ ਸ਼ੇਰਾਂ ਦੀਆਂ ਸ਼ਾਨਦਾਰ ਮੂਰਤੀਆਂ।

**ਥੰਮ੍ਹ ਤਾਲਾਬ ਦੇ ਜਲ-ਪੱਧਰ ਜਾਂ ਇਸਦੀ ਮਾਤਰਾ ਨੂੰ ਦਰਸਾਉਂਦੇ ਸਨ, ਪਰ ਤਾਲਾਬ ਦੀ ਡੂੰਘਾਈ ਹਮੇਸ਼ਾ 'ਪੁਰਖ' ਨਾਪ ਨਾਲ ਨਾਪੀ ਜਾਂਦੀ ਸੀ। ਦੋਹੇਂ ਬਾਹਾਂ ਪੂਰੀਆਂ ਫੈਲਾ ਕੇ ਖੜ੍ਹੇ ਪੁਰਖ ਦੇ ਇੱਕ ਹੱਥ ਤੋਂ ਦੂਜੇ ਹੱਥ ਤੱਕ ਦੀ ਕੁੱਲ ਲੰਬਾਈ 'ਪੁਰਸ਼' ਅਖਵਾਉਂਦੀ ਹੈ।**

ਥੰਮ੍ਹ ਤੇ ਨਿਕਾਸੀ ਨੂੰ ਇੱਕ-ਦੂਜੇ ਨਾਲ ਜੋੜ ਦੇਣ 'ਤੇ ਤਾਂ ਚਮਤਕਾਰ ਹੀ ਹੋ ਜਾਂਦਾ ਹੈ। ਅਲਵਰ ਤੋਂ ਕੋਈ ਸੌ ਕਿਲੋਮੀਟਰ ਦੂਰ ਅਰਾਵਲੀ ਦੀਆਂ ਪਹਾੜੀਆਂ ਵਿੱਚ ਆਬਾਦੀ ਤੋਂ ਕਾਫ਼ੀ ਦੂਰ ਇੱਕ ਤਾਲਾਬ ਹੈ ਸ਼ਾਮ ਸਾਗਰ। ਇਹ ਜੰਗ ਦੇ ਸਮੇਂ ਫੌਜ ਦੀ ਲੋੜ ਪੂਰੀ ਕਰਨ ਲਈ 15ਵੀਂ ਸਦੀ ਵਿੱਚ ਬਣਵਾਇਆ ਗਿਆ ਸੀ। ਇਸ ਦੇ ਕੰਢੇ ਵਰੁਣ ਦੇਵਤਾ ਦਾ ਇੱਕ ਥੰਮ੍ਹ ਹੈ। ਥੰਮ੍ਹ ਦੀ ਉਚਾਈ ਦੇ ਹਿਸਾਬ ਨਾਲ ਹੀ ਉਸ ਵਿੱਚ ਇੱਕ ਫ਼ਰਲਾਂਗ ਦੀ ਦੂਰੀ ਉੱਤੇ ਸ਼ਾਮ ਸਾਗਰ ਦੀ ਅਪਰਾ ਹੈ। ਵਧਦੇ ਪਾਣੀ ਨੇ ਵਰੁਣ ਦੇਵਤਾ ਦੇ ਪੈਰ ਛੋਹੇ ਨਹੀਂ ਕਿ ਅਪਰਾ ਚੱਲਣ ਲਗਦੀ ਹੈ ਅਤੇ ਤਾਲਾਬ ਵਿੱਚ ਫਿਰ ਉਸ ਤੋਂ ਬਾਅਦ ਪਾਣੀ ਨਹੀਂ ਭਰਦਾ। ਕਿਉਂਕਿ ਵਰੁਣ ਦੇਵਤਾ ਕਦੇ ਡੁੱਬਦੇ ਨਹੀਂ।



ਥੰਮ੍ਹ ਤਾਲਾਬ ਦੇ ਜਲ-ਪੱਧਰ ਜਾਂ ਇਸਦੀ ਮਾਤਰਾ ਨੂੰ ਦਰਸਾਉਂਦੇ ਸਨ, ਪਰ ਤਾਲਾਬ ਦੀ ਡੂੰਘਾਈ ਹਮੇਸ਼ਾ 'ਪੁਰਖ' ਨਾਪ ਨਾਲ ਨਾਪੀ ਜਾਂਦੀ ਸੀ। ਦੋਵੇਂ ਬਾਹਾਂ ਪੂਰੀਆਂ ਫੈਲਾ ਕੇ ਖੜ੍ਹੇ ਪੁਰਖ ਦੇ ਇੱਕ ਹੱਥ ਤੋਂ ਦੂਜੇ ਹੱਥ ਤੱਕ ਦੀ ਕੁੱਲ ਲੰਬਾਈ 'ਪੁਰਸ਼' ਅਖਵਾਉਂਦੀ ਹੈ। ਇੰਚ, ਫੁੱਟ ਵਿੱਚ ਇਹ ਕੋਈ ਛੇ ਫੁੱਟ ਬੈਠਦੀ ਹੈ। ਇਹੋ ਜਿਹੇ 20 ਪੁਰਸ਼ ਜਾਂ ਪੁਰਖ ਡੂੰਘਾਈ ਦਾ ਤਾਲਾਬ ਆਦਰਸ਼ ਮੰਨਿਆ ਜਾਂਦਾ ਹੈ। ਤਾਲਾਬ ਬਣਾਉਣ ਵਾਲਿਆਂ ਦੀ ਚਾਹ ਵੀ ਇਸੇ 'ਬੀਸੀ' ਨੂੰ ਛੋਹਣ ਦੀ ਹੁੰਦੀ ਸੀ, ਪਰ ਬਣਾਉਣ ਵਾਲਿਆਂ ਦੀ ਸਮਰੱਥਾ ਅਤੇ ਆਗੌਰ-ਆਗਰ ਦੀ ਸਮਰੱਥਾ ਅਨੁਸਾਰ ਇਹ ਘਟ-ਵਧ ਜਾਂਦੀ ਰਹੀ ਹੈ।

ਬੀਸੀ ਜਾਂ ਉਸ ਤੋਂ ਵੀ ਜ਼ਿਆਦਾ ਡੂੰਘੇ ਤਾਲਾਬਾਂ ਵਿੱਚ ਪਾਲ ਤੇ ਤਰੰਗਾਂ ਦਾ ਵੇਗ ਤੋੜਨ ਲਈ ਆਗੌਰ ਅਤੇ ਆਗਰ ਵਿੱਚ ਟਾਪੂ ਬਣਾਏ ਜਾਂਦੇ ਰਹੇ ਹਨ। ਇਹੋ ਜਿਹੇ ਤਾਲਾਬ ਬਣਾਉਣ ਸਮੇਂ ਡੂੰਘੀ ਪੁਟਾਈ ਦੀ ਸਾਰੀ ਮਿੱਟੀ ਪਾਲ ਉੱਤੇ ਚੜ੍ਹਾਉਣ ਦੀ ਜ਼ਰੂਰਤ ਨਹੀਂ ਰਹਿੰਦੀ ਅਤੇ ਉਸ ਨੂੰ ਹੋਰ ਵੀ ਦੂਰ ਤਾਲਾਬ ਤੋਂ ਬਾਹਰ ਲਿਆ ਕੇ ਸੁੱਟਣਾ ਵੀ ਔਖਾ ਹੁੰਦਾ ਹੈ। ਇਸ ਲਈ ਬੀਸੀ ਵਰਗੇ ਡੂੰਘੇ ਤਾਲਾਬਾਂ ਵਿੱਚ ਤਕਨੀਕੀ ਕਾਰਨਾਂ ਕਾਰਨ ਤਾਲਾਬ ਵਿੱਚ ਟਾਪੂ ਵਰਗੇ ਇੱਕ ਜਾਂ ਇੱਕ ਤੋਂ ਵੱਧ ਥਾਂ ਛੱਡ ਦਿੱਤੇ ਜਾਂਦੇ ਸਨ। ਇਨ੍ਹਾਂ ਉੱਤੇ ਪੁਟਾਈ ਦੀ ਵਾਧੂ ਮਿੱਟੀ ਵੀ ਸੁੱਟੀ ਜਾਂਦੀ ਸੀ। ਤਕਨੀਕੀ ਮਜ਼ਬੂਤੀ ਤੇ ਵਿਵਹਾਰਕ ਸਹੂਲਤ ਤੋਂ ਇਲਾਵਾ ਉੱਪਰ ਤੱਕ ਭਰੇ ਤਾਲਾਬ ਵਿਚਾਲੇ ਇਹ ਪੂਰੇ ਦ੍ਰਿਸ਼ ਨੂੰ ਹੋਰ ਵੀ ਮਨਮੋਹਣਾ ਬਣਾ ਦਿੰਦੇ ਹਨ।

ਟਾਪੂ, ਟਿਪੂਆ, ਟੇਕਰੀ ਤੇ ਦੀਪ ਵਰਗੇ ਸ਼ਬਦ ਤਾਂ ਇਸ ਹਿੱਸੇ ਲਈ ਮਿਲਦੇ ਹੀ ਹਨ, ਪਰ ਰਾਜਸਥਾਨ ਵਿੱਚ ਤਾਲਾਬ ਦੇ ਇਸ ਵਿਸ਼ੇਸ਼ ਹਿੱਸੇ ਨੂੰ ਇੱਕ ਵਿਸ਼ੇਸ਼ ਨਾਂ ਦਿੱਤਾ ਗਿਆ ਹੈ-'ਲਾਖੇਟਾ'।

ਲਾਖੇਟਾ ਲਹਿਰਾਂ ਦੀ ਧਾਰਾ ਤਾਂ ਤੋੜਦਾ ਹੀ ਹੈ, ਪਰ ਨਾਲ ਹੀ ਤਾਲਾਬ ਅਤੇ ਸਮਾਜ ਨੂੰ ਜੋੜਦਾ ਵੀ ਹੈ। ਜਿੱਥੇ ਕਿਤੇ ਵੀ ਲਾਖੇਟਾ ਮਿਲਦੇ ਹਨ, ਉਸ ਉੱਤੇ ਉਸ ਖੇਤਰ ਦੇ ਕਿਸੇ ਸੰਤ ਜਾਂ ਯਾਦ ਰੱਖਣ ਯੋਗ ਵਿਅਕਤੀ ਦੀ ਯਾਦ ਵਿੱਚ ਇੱਕ ਸੁੰਦਰ ਛਤਰੀ ਬਣੀ ਮਿਲਦੀ ਹੈ। ਲਾਖੇਟਾ ਵੱਡਾ ਹੋਇਆ ਤਾਂ ਛਤਰੀ ਦੇ ਨਾਲ ਖੇਜੜੀ ਅਤੇ ਪਿੱਪਲ ਦੇ ਰੁੱਖ ਵੀ ਲੱਗੇ ਮਿਲਣਗੇ।

ਸਭ ਤੋਂ ਵੱਡਾ ਲਾਖੇਟਾ? ਅੱਜ ਇਸ ਲਾਖੇਟੇ ਉੱਤੇ ਰੇਲ ਦਾ ਸਟੇਸ਼ਨ ਹੈ, ਬਸ ਅੱਡਾ ਹੈ ਅਤੇ ਇੱਕ ਮੰਨਿਆ-ਪ੍ਰਮੰਨਿਆ ਉਦਯੋਗਿਕ ਖੇਤਰ ਵੀ ਵਸਿਆ ਹੈ, ਜਿਸ ਵਿੱਚ ਹਿੰਦੁਸਤਾਨ ਇਲੈਕਟ੍ਰੋ-ਗਰੇਫ਼ਾਈਟਸ ਵਰਗੇ ਦਿਉਕੱਦ ਕਾਰਖ਼ਾਨੇ ਲੱਗੇ ਹਨ। ਮੱਧ ਰੇਲਵੇ ਰਾਹੀਂ ਭੋਪਾਲ ਹੋ ਕੇ ਇਟਾਰਸੀ ਜਾਂਦੇ ਹੋਏ ਮੰਡੀ ਦੀਪ ਨਾਂ ਦਾ ਇਹ ਸਥਾਨ ਕਿਸੇ ਜ਼ਮਾਨੇ ਵਿੱਚ ਭੋਪਾਲ ਤਾਲ ਦਾ ਲਾਖੇਟਾ ਸੀ। ਕਦੇ ਲਗਭਗ 250 ਵਰਗ ਮੀਲ ਵਿੱਚ ਫੈਲਿਆ ਇਹ ਵਿਸ਼ਾਲ ਤਾਲ ਹੋਸ਼ੰਗਸ਼ਾਹ ਦੇ ਸਮੇਂ ਵਿੱਚ ਤੋੜ ਦਿੱਤਾ ਗਿਆ ਸੀ। ਅੱਜ ਇਹ ਸੁੰਗੜ ਕੇ ਬਹੁਤ ਛੋਟਾ ਹੋ ਗਿਆ ਹੈ, ਫਿਰ ਵੀ ਇਸ ਦੀ ਗਿਣਤੀ

ਦੇਸ਼ ਦੇ ਵੱਡੇ ਤਾਲਾਬਾਂ ਵਿੱਚ ਹੀ ਹੁੰਦੀ ਹੈ। ਇਸਦੇ ਸੁੱਕਣ 'ਤੇ ਹੀ ਮੰਡੀ ਦੀਪ ਦੀਪ ਨਾ ਰਹਿ ਕੇ ਇੱਕ ਉਦਯੋਗਿਕ ਨਗਰ ਬਣ ਗਿਆ ਹੈ।

ਪ੍ਰਣਾਲੀ ਅਤੇ ਸਾਰਣੀ ਤਾਲਾਬ ਨਾਲ ਜੁੜੇ ਦੋ ਸ਼ਬਦ ਹਨ, ਜਿਨ੍ਹਾਂ ਨੇ ਆਪਣੇ ਅਰਥਾਂ ਦਾ ਲਗਾਤਾਰ ਵਿਸਥਾਰ ਕੀਤਾ ਹੈ। ਕਦੇ ਇਹ ਤਾਲਾਬ ਆਦਿ ਨਾਲ ਜੁੜੀ ਵਿਵਸਥਾ ਲਈ ਬਣੀਆਂ ਨਾਲੀਆਂ ਦੇ ਨਾਂ ਸਨ, ਅੱਜ ਤਾਂ ਸ਼ਾਸਨ ਦੀ ਵੀ ਪ੍ਰਣਾਲੀ ਹੈ ਅਤੇ ਰੇਲਾਂ ਦਾ ਸਮਾਂ ਦੱਸਣ ਵਾਲੀ ਸਾਰਣੀ ਵੀ।

ਸਿੰਜਾਈ ਦੀ ਪ੍ਰਮੁੱਖ ਨਾਲੀ ਜਿਥੋਂ ਨਿਕਲਦੀ ਹੈ, ਉਹ ਥਾਂ ਮੁੱਖ ਹੈ, ਮੋਖਾ ਹੈ ਜਾਂ ਮੋਖੀ ਹੈ। ਪੰਜਾਬੀ ਵਿੱਚ ਆ ਕੇ ਇਹ ਮੋਘਾ ਬਣ ਗਈ ਹੈ। ਮੁੱਖ ਨਹਿਰ ਰਜਬਾਹਾ (ਸੂਆ) ਕਹਾਉਂਦੀ ਹੈ।

ਬਹੁਤ ਹੀ ਪ੍ਰਮੁੱਖ ਤਾਲਾਬਾਂ ਦੀ ਰਜਬਾਹਾ ਇਸ ਲੋਕ ਤੋਂ ਨਿਕਲ ਕੇ ਦੇਵ ਲੋਕ ਨੂੰ ਵੀ ਛੂਹ ਲੈਂਦੀ ਸੀ। ਇਸ ਸੂਰਤ ਵਿੱਚ ਉਸ ਦਾ ਨਾਂ ਰਾਮਨਾਲ ਹੋ ਜਾਂਦਾ ਸੀ। ਜੈਸਲਮੇਰ ਦੇ ਧੁੱਤ ਰੇਗਿਸਤਾਨੀ ਇਲਾਕੇ ਵਿੱਚ ਬਣੇ ਸੰਘਣੇ ਸੋਹਣੇ ਬਗ਼ੀਚੇ 'ਬੜੇ ਬਾਗ਼' ਦੀ ਸਿੰਜਾਈ ਜੈਤਸਰ ਨਾਂ ਦੇ ਇੱਕ ਵੱਡੇ ਤਾਲਾਬ ਤੋਂ ਨਿੱਕਲੀ ਰਾਮਨਾਲ ਰਾਹੀਂ ਹੁੰਦੀ ਰਹੀ ਹੈ। ਇੱਥੋਂ ਦੇ ਅੰਬਾਂ ਦੇ ਬਾਗ਼ ਸੱਚਮੁੱਚ ਇੰਨੇ ਸੰਘਣੇ ਹਨ ਕਿ ਰੇਗਿਸਤਾਨ ਵਿੱਚ ਅੱਗ ਉਗਲਣ ਵਾਲਾ ਸੂਰਜ ਜੇ ਇੱਥੇ ਆਉਂਦਾ ਵੀ ਹੋਵੇਗਾ ਤਾਂ ਉਹ ਵੀ ਸਿਰਫ਼ ਠੰਢਕ ਲੈਣ ਅਤੇ ਉਹ ਵੀ ਹਰੇ ਰੰਗ ਦੀ ਠੰਢਕ।

ਰਜਬਹੇ ਤੋਂ ਨਿਕਲਨ ਵਾਲੀਆਂ ਹੋਰ ਨਹਿਰਾਂ ਬਹਤੋਲ, ਬਰਹਾ, ਬਹਿਆ, ਬਹਾ ਤੇ ਬਾਹ ਵੀ ਕਹਾਉਂਦੀਆਂ ਹਨ। ਪਾਣੀ ਨਿਕਲਣ ਦੇ ਰਾਹ ਉੱਤੇ ਬਾਅਦ ਵਿੱਚ ਵਸੇ ਇਲਾਕਿਆਂ ਦਾ ਨਾਮਕਰਨ ਵੀ ਇਨ੍ਹਾਂ ਦੇ ਆਧਾਰ ਉੱਤੇ ਹੋਇਆ ਹੈ, ਜਿਵੇਂ ਆਗਰਾ ਦੀ ਬਾਹ ਨਾਂ ਦੀ ਤਹਿਸੀਲ।

ਸਿੰਜਾਈ ਲਈ ਬਣੇ ਛੋਟੇ ਤੋਂ ਛੋਟੇ ਤਾਲਾਬਾਂ ਵਿੱਚ ਵੀ ਪਾਣੀ ਨਿਕਲਣ ਦਾ ਬਹੁਤ ਵਧੀਆ ਪ੍ਰਬੰਧ ਰਿਹਾ ਹੈ। ਪਾਲ ਦੇ ਕਿਸੇ ਹਿੱਸੇ ਵਿੱਚੋਂ ਆਰ-ਪਾਰ ਕੱਢੀ ਗਈ ਨਾਲੀ ਦਾ ਇੱਕ ਸਿਰਾ ਤਾਲਾਬ ਵਾਲੇ ਪਾਸੇ ਡਾਟ ਲਾ ਕੇ ਬੰਦ ਰੱਖਿਆ ਜਾਂਦਾ ਹੈ। ਜਦੋਂ ਵੀ ਪਾਣੀ ਕੱਢਣਾ ਹੋਵੇ ਤਾਂ ਡਾਟ ਖੋਲ੍ਹ ਦਿੱਤੀ ਜਾਂਦੀ ਹੈ, ਪਰ ਇੰਜ ਕਰਨ ਲਈ ਕਿਸੇ ਨੂੰ ਪਾਣੀ ਵਿੱਚ ਕੁੱਦਣਾ ਪਵੇਗਾ, ਉਸ ਡੂੰਘਾਈ ਵਿੱਚ ਜਾ ਕੇ ਡਾਟ ਹਟਾਉਣੀ ਪਵੇਗੀ ਅਤੇ ਫਿਰ ਉਸੇ ਤਰ੍ਹਾਂ ਬੰਦ ਵੀ ਕਰਨੀ ਪਵੇਗੀ। ਇਸ ਬਹਾਦਰੀ ਵਾਲੇ ਕੰਮ ਨੂੰ ਸੌਖਾ ਬਣਾਉਂਦਾ ਹੈ, ਡਾਟ ਨਾਂ ਦਾ ਹਿੱਸਾ।

ਡਾਟ ਪਾਲ ਤੋਂ ਤਾਲਾਬ ਦੇ ਅੰਦਰ ਬਣਿਆ ਇੱਕ ਛੋਟਾ ਜਿਹਾ, ਪਰ ਡੂੰਘਾ ਹੌਜ਼ਨੁਮਾ ਢਾਂਚਾ ਹੁੰਦਾ ਹੈ। ਇਹ ਵਰਗਾਕਾਰ ਹੌਜ਼ ਜ਼ਿਆਦਾਤਰ ਦੋ ਤਿੰਨ ਹੱਥ ਦਾ ਹੁੰਦਾ ਹੈ। ਪਾਣੀ ਵੱਲ ਦੀ ਕੰਧ ਵਿੱਚ ਲੋੜ ਅਨੁਸਾਰ ਦੋ-ਤਿੰਨ ਛੇਕ ਵੱਖ-ਵੱਖ ਉਚਾਈ ਉੱਤੇ ਕੀਤੇ ਜਾਂਦੇ ਹਨ। ਛੇਕ ਦਾ ਆਕਾਰ ਓਨਾ ਕੁ ਹੁੰਦਾ ਹੈ, ਜਿੰਨਾ ਕਿਸੇ ਲੱਕੜ ਦੀ ਲੱਠ ਨਾਲ ਬੰਦ ਹੋ ਜਾਵੇ। ਸਾਹਮਣੇ ਵਾਲੀ ਕੰਧ ਵਿੱਚ ਵੀ ਇਸ ਤਰ੍ਹਾਂ ਦੇ ਛੇਕ






ਹੁੰਦੇ ਹਨ, ਪਰ ਸਿਰਫ ਹੇਠਾਂ ਵੱਲ, ਇਸ ਨਾਲ ਪਾਲ ਦੇ ਉਸ ਪਾਰ ਨਾਲੀ ਰਾਹੀਂ ਪਾਣੀ ਬਾਹਰ ਕੱਢਿਆ ਜਾਂਦਾ ਹੈ। ਹੌਜ਼ ਦੀ ਡੂੰਘਾਈ ਅੱਠ ਤੋਂ ਬਾਰਾਂ ਹੱਥ ਹੁੰਦੀ ਹੈ ਅਤੇ ਥੱਲੇ ਉੱਤਰਨ ਲਈ ਕੰਧ ਉੱਤੇ ਇੱਕ-ਇੱਕ ਹੱਥ ਉੱਤੇ ਪੱਥਰ ਦੇ ਟੁਕੜੇ ਲਾਏ ਜਾਂਦੇ ਹਨ।

ਅਜਿਹੇ ਢਾਂਚੇ ਕਾਰਨ ਪਾਣੀ ਦੀ ਡਾਟ ਖੋਲ੍ਹਣ ਲਈ ਤਾਲਾਬ ਦੇ ਪਾਣੀ ਵਿੱਚ ਨਹੀਂ ਉੱਤਰਨਾ ਪੈਂਦਾ। ਬੱਸ ਸੁੱਕੇ ਹੌਜ਼ ਵਿੱਚ ਪੱਥਰਾਂ ਦੇ ਟੁਕੜਿਆਂ ਸਹਾਰੇ ਹੇਠਾਂ ਉੱਤਰ ਕੇ ਜਿਸ ਮਘੋਰੇ ਨੂੰ ਖੋਲ੍ਹਣਾ ਹੈ, ਉਸਦੀ ਡਾਟ ਹਟਾ ਕੇ ਪਾਣੀ ਚਾਲੂ ਕਰ ਦਿੱਤਾ ਜਾਂਦਾ ਹੈ। ਪਾਲ ਵਾਲੇ ਪਾਸੇ ਦੀ ਨਾਲੀ ਤੋਂ ਉਹ ਬਾਹਰ ਆਉਣ ਲੱਗ ਜਾਂਦਾ ਹੈ। ਡਾਟ ਨਾਲ ਮਿਲਦੇ-ਜੁਲਦੇ ਢਾਂਚੇ ਰਾਜਸਥਾਨ, ਮੱਧ-ਪ੍ਰਦੇਸ਼, ਉੱਤਰ-ਪ੍ਰਦੇਸ਼, ਬਿਹਾਰ, ਮਹਾਂਰਾਸ਼ਟਰ, ਤਾਮਿਲਨਾਡੂ ਅਤੇ ਗੋਆ ਤੱਕ ਮਿਲਦੇ ਹਨ। ਨਾਂ ਜ਼ਰੂਰ ਬਦਲ ਜਾਂਦੇ ਹਨ ਜਿਵੇਂ : ਚੁਕਰੈਂਡ, ਚੁਰੰਡੀ, ਚੌਂਡਾ, ਚੁੰਡਾ ਅਤੇ ਉਰੈਂਡ। ਸਾਰਿਆਂ ਵਿੱਚ ਪਾਣੀ ਬਾਹਰ ਕੱਢਣ ਦੀ ਕਿਰਿਆ ਹੈ ਅਤੇ ਇਸ ਲਈ ਇਹ ਸਾਰੇ ਨਾਂ ਉਸ ਨਾਲ ਹੀ ਸਬੰਧਤ ਹਨ।

ਤਾਲਾਬ ਤੋਂ ਨਹਿਰ ਵਿੱਚ ਪਾਇਆ ਜਾਣ ਵਾਲਾ ਪਾਣੀ ਢਲਾਣ ਤੋਂ ਵਹਾਅ ਕੇ ਦੂਰ-ਦੂਰ ਤੱਕ ਲਿਜਾਇਆ ਜਾਂਦਾ ਹੈ, ਪਰ ਕਈ ਵੱਡੇ ਤਾਲਾਬਾਂ ਵਿੱਚ, ਜਿੱਥੇ ਮੋਘੇ ਕੋਲ ਪਾਣੀ ਦਾ ਦਬਾਅ ਵਧੇਰੇ ਹੁੰਦਾ ਹੈ, ਇਸ ਦਬਾਅ ਦੀ ਵਰਤੋਂ ਨਹਿਰ ਵਿੱਚ ਪਾਣੀ ਉੱਤੇ ਚੜ੍ਹਾਉਣ ਲਈ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮੋਘੇ ਤੋਂ ਨਿਕਲਿਆ ਪਾਣੀ ਕੁੱਝ ਹੱਥ ਉਤਾਂਹ ਉੱਠ ਕੇ ਫਿਰ ਨਹਿਰ ਦੀ ਢਾਲ ਉੱਤੇ ਵਹਿੰਦਾ ਹੋਇਆ ਨਾ ਸਿਰਫ਼ ਵਧੇਰੇ ਦੂਰ ਤੱਕ ਜਾਂਦਾ ਹੈ, ਸਗੋਂ ਕੁੱਝ ਕੁ ਉੱਤੇ ਬਣੇ ਖੇਤਾਂ ਵਿੱਚ ਵੀ ਪੁੱਜ ਜਾਂਦਾ ਹੈ। ਮੁੱਖ ਨਹਿਰ ਦੇ ਦੋਹੀਂ ਪਾਸੇ ਥੋੜ੍ਹੀ-ਥੋੜ੍ਹੀ ਦੂਰੀ ਉੱਤੇ ਖੂਹ ਵੀ ਬਣਾਏ ਜਾਂਦੇ ਹਨ। ਇਨ੍ਹਾਂ ਵਿੱਚ ਹਲਟ ਲਾ ਕੇ ਪਾਣੀ ਮੁੜ ਚੁੱਕ ਲਿਆ ਜਾਂਦਾ ਹੈ। ਤਾਲਾਬ, ਨਹਿਰ, ਖੂਹ ਅਤੇ ਹਲਟ ਦੀ ਇਹ ਸ਼ਾਨਦਾਰ ਚੌਕੜੀ ਇੱਕ ਤੋਂ ਮਗਰੋਂ ਇੱਕ ਕਈ ਖੇਤਾਂ ਦੀ ਸਿੰਜਾਈ ਨੂੰ ਜੋੜਦੀ ਜਾਂਦੀ ਹੈ। ਇਹ ਵਿਵਸਥਾ ਬੁੰਦੇਲਖੰਡ ਵਿੱਚ ਚੰਦੇਲਾਂ-ਬੁੰਦੇਲਾਂ ਦੇ ਸਮੇਂ ਬਣੇ ਇੱਕ-ਇੱਕ ਹਜ਼ਾਰ ਏਕੜ ਦੇ ਬਰੂਆ ਸਾਗਰ, ਅਰਜਰ ਸਾਗਰ ਵਿੱਚ ਅੱਜ ਵੀ ਕੰਮ ਦੇ ਰਹੀ ਹੈ। ਬਰੂਆ ਸਾਗਰ ਓਰਛਾ ਨਰੇਸ਼ ਉਦਿੱਤ ਸਿੰਘ ਨੇ ਅਤੇ ਅਰਜਰ ਸਾਗਰ ਸੁਰਜਨ ਸਿੰਘ ਨੇ ਸੰਨ 1737 ਅਤੇ 1671 ਵਿੱਚ ਬਣਵਾਏ ਸਨ।



ਤਾਲਾਬ ਅਤੇ ਖੇਤ ਨੂੰ ਜੋੜਦੀ ਮੋਖੀ

ਇਨ੍ਹਾਂ ਵਿੱਚੋਂ ਨਿੱਕਲੀਆਂ ਨਹਿਰਾਂ ਉੱਤਰ-ਪ੍ਰਦੇਸ਼ ਸਿੰਜਾਈ ਵਿਭਾਗ ਦਾ ਮਾਣ ਵਧਾ ਰਹੀਆਂ ਹਨ।

ਪਾਣੀ ਦੀ ਤਸਕਰੀ? ਸਾਰਾ ਇੰਤਜ਼ਾਮ ਹੋ ਜਾਵੇ, ਪਰ ਜੇਕਰ ਪਾਣੀ ਦੀ ਤਸਕਰੀ ਨਾ ਰੋਕੀ ਜਾਵੇ ਤਾਂ ਚੰਗਾ-ਭਲਾ ਤਾਲਾਬ ਵੀ ਵੇਖਦੇ-ਵੇਖਦੇ ਸੁੱਕ ਜਾਂਦਾ ਹੈ। ਮੀਂਹ ਵਿੱਚ ਨੱਕੋ-ਨੱਕ ਭਰਿਆ, ਸਰਦੀ ਵਿੱਚ ਸਾਫ਼-ਸੁਥਰੇ ਨੀਲੇ ਰੰਗ ਵਿੱਚ ਡੁੱਬਿਆ, ਪੱਤਝੜ ਵਿੱਚ ਸ਼ੀਤਲ ਹੋਇਆ, ਬਸੰਤ ਵਿੱਚ ਝੂਮਿਆ ਅਤੇ ਫਿਰ ਗਰਮੀ ਵਿੱਚ ਤਪਦਾ ਸੂਰਜ ਤਾਲਾਬ ਦਾ ਸਾਰਾ ਪਾਣੀ ਖਿੱਚ ਲੈਂਦਾ ਹੈ। ਸ਼ਾਇਦ ਤਾਲਾਬ ਦੇ ਪ੍ਰਸੰਗ ਵਿੱਚ ਹੀ ਸੂਰਜ ਦਾ ਇੱਕ ਅਜੀਬ ਨਾਂ 'ਅੰਬੂ ਤਸਕਰ' ਰੱਖਿਆ ਗਿਆ ਹੈ। ਤਸਕਰ ਹੋਵੇ ਸੂਰਜ ਵਰਗਾ ਅਤੇ ਆਗਰ ਮਤਲਬ ਖ਼ਜ਼ਾਨਾ ਬਿਨਾਂ ਪਹਿਰੇ ਦੇ ਖੁੱਲ੍ਹਾ ਪਿਆ ਹੋਵੇ ਤਾਂ ਚੋਰੀ ਹੋਣ ਵਿੱਚ ਕੀ ਦੇਰ?

ਇਸ ਚੋਰੀ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਲਾਬ ਦੇ ਆਗਰ ਨੂੰ ਢਲਾਣਦਾਰ ਬਣਾ ਕੇ। ਜਦੋਂ ਪਾਣੀ ਘੱਟ ਹੋਣ ਲਗਦਾ ਹੈ ਤਾਂ ਇਸ ਨੂੰ ਜ਼ਿਆਦਾ ਖੇਤਰ ਵਿੱਚ ਫੈਲਣ ਤੋਂ ਰੋਕਿਆ ਜਾਂਦਾ ਹੈ। ਆਗਰ ਵਿੱਚ ਢਾਲ ਹੋਣ ਨਾਲ ਪਾਣੀ ਘੱਟ ਹੁੰਦੇ ਹੋਏ ਵੀ ਘੱਟ ਹਿੱਸੇ ਵਿੱਚ ਜ਼ਿਆਦਾ ਤਾਦਾਦ ਵਿੱਚ ਇਕੱਠਾ ਹੋਇਆ ਰਹਿੰਦਾ ਹੈ ਅਤੇ ਜਲਦੀ ਭਾਫ਼ ਬਣ ਕੇ ਉੱਡ ਨਹੀਂ ਸਕਦਾ। ਢਾਲਦਾਰ ਸਤਹ ਵਿੱਚ ਆਮ ਤੌਰ ਉੱਤੇ ਥੋੜ੍ਹੀ ਡੂੰਘਾਈ ਵੀ ਰੱਖੀ ਜਾਂਦੀ ਹੈ। ਇਹੋ ਜਿਹੇ ਡੂੰਘੇ ਟੋਏ ਨੂੰ ਅਖੜਾ ਜਾਂ ਪਿਆਲ ਕਹਿੰਦੇ ਹਨ। ਬੁੰਦੇਲਖੰਡ ਵਿੱਚ ਇਸਨੂੰ 'ਭਰ' ਕਹਿੰਦੇ ਹਨ। ਕਿਤੇ-ਕਿਤੇ ਇਸਨੂੰ ਥੰਡਾਰੋ ਜਾਂ ਗਰਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਹਿੱਸੇ ਦਾ ਸਥਾਨ ਮੁੱਖ ਘਾਟ ਵੱਲ ਰੱਖਿਆ ਜਾਂਦਾ ਹੈ ਜਾਂ ਤਾਲਾਬ ਦੇ ਵਿਚਕਾਰ। ਵਿਚਾਲਿਉਂ ਡੂੰਘਾ ਹੋਣ ਨਾਲ ਗਰਮੀ ਦੇ ਦਿਨਾਂ ਵਿੱਚ ਚਾਰੇ ਪਾਸੇ ਤੋਂ ਤਾਲਾਬ ਸੁੱਕਣ ਲਗਦਾ ਹੈ। ਇਸ ਸਮੇਂ ਪਾਣੀ ਘਾਟ ਛੱਡ ਦਿੰਦਾ ਹੈ। ਇਹ ਵਧੀਆ ਨਹੀਂ ਦਿਸਦਾ। ਇਸ ਲਈ ਮੁੱਖ ਘਾਟ ਵੱਲ ਪਿਆਲ ਰੱਖਣ ਦਾ ਰਿਵਾਜ ਜ਼ਿਆਦਾ ਰਿਹਾ ਹੈ। ਇਸ ਤਰ੍ਹਾਂ ਤਿੰਨ ਪਾਸਿਆਂ ਤੋਂ ਪਾਣੀ ਦੀ ਥੋੜ੍ਹੀ ਬਹੁਤ ਤਸਕਰੀ ਹੁੰਦੀ ਹੈ, ਪਰ ਚੌਥੀ ਬਾਹੀ ਵਿੱਚ ਪਾਣੀ ਖੜ੍ਹਾ ਰਹਿੰਦਾ ਹੈ।

ਗਰਮੀ ਦੀ ਰੁੱਤ ਬੀਤਦਿਆਂ ਹੀ ਬੱਦਲ ਮੁੜ ਘਿਰਨ ਲਗਦੇ ਹਨ। ਆਗੌਰ ਤੋਂ ਆਗਰ ਭਰਦਾ ਹੈ ਅਤੇ ਸਾਗਰ ਵਿੱਚ ਫੇਰ ਲਹਿਰਾਂ ਉੱਠਣ ਲੱਗ ਪੈਂਦੀਆਂ ਹਨ। ਸੂਰਜ ਪਾਣੀ ਚੋਰੀ ਕਰਦਾ ਹੈ ਅਤੇ ਸੂਰਜ ਹੀ ਪਾਣੀ ਦਿੰਦਾ ਵੀ ਹੈ।



# ਸਾਫ਼ ਮੱਥੇ ਦਾ ਸਮਾਜ

ਤਾਲਾਬ ਵਿੱਚ ਪਾਣੀ ਆਉਂਦਾ ਹੈ, ਪਾਣੀ ਜਾਂਦਾ ਹੈ। ਇਸੇ ਆਉਣ-ਜਾਣ ਦਾ ਸਮੁੱਚੇ ਤਾਲਾਬ ਉੱਤੇ ਅਸਰ ਪੈਂਦਾ ਹੈ। ਮੀਂਹ ਦੀਆਂ ਤੇਜ਼ ਕਣੀਆਂ ਨਾਲ ਆਗੌਰ (ਜਿੱਥੋਂ ਪਾਣੀ ਆਉਂਦਾ ਹੈ) ਦੀ ਮਿੱਟੀ ਘੁਲਦੀ ਹੈ। ਪਾਲ ਦੀ ਮਿੱਟੀ ਕੱਟਦੀ ਹੈ ਅਤੇ ਆਗਰ (ਘੇਰਾ) ਜਿਸ ਵਿਚ ਪਾਣੀ ਭਰਦਾ ਹੈ, ਵਿੱਚ ਭਰਦੀ ਹੈ।

ਤਾਲਾਬ ਦਾ ਰੂਪ ਵਿਗੜਨ ਦੀ ਇਹ ਖੇਡ ਲਗਾਤਾਰ ਚੱਲਦੀ ਰਹਿੰਦੀ ਹੈ। ਇਸੇ ਲਈ ਤਾਲਾਬ ਬਣਾਉਣ ਵਾਲਾ ਸਮਾਜ, ਤਾਲਾਬ ਦੇ ਰੂਪ ਨੂੰ ਵਿਗੜਨ ਤੋਂ ਬਚਾਉਣ ਦੀ ਖੇਡ ਵੀ ਓਨੇ ਹੀ ਨਿਯਮਾਂ ਨਾਲ ਖੇਡਦਾ ਹੈ। ਜਿਹੜੇ ਤਾਲਾਬ ਵੇਖਦਿਆਂ-ਵੇਖਦਿਆਂ ਹੀ ਪਿਛਲੇ ਪੰਜਾਹ-ਸੌ ਸਾਲਾਂ ਵਿੱਚ ਖ਼ਤਮ ਕਰ ਦਿੱਤੇ ਗਏ, ਉਨ੍ਹਾਂ ਤਾਲਾਬਾਂ ਨੇ ਨਿਯਮਾਂ ਨਾਲ ਖੇਡੀਆਂ ਗਈਆਂ ਖੇਡਾਂ ਕਾਰਨ ਹੀ ਸੈਂਕੜੇ ਸਾਲਾਂ ਤੱਕ ਸਮਾਜ ਦੀ ਖੇਡ ਠੀਕ ਢੰਗ ਨਾਲ ਚਲਾਈ ਸੀ।

ਤਾਲਾਬ ਵਿੱਚ ਪਹਿਲੀ ਵਾਰ ਪਾਣੀ ਭਰਦਿਆਂ ਹੀ ਇਸ ਦੀ ਸਾਂਭ-ਸੰਭਾਲ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਇਹ ਕੰਮ ਸੌਖਾ ਨਹੀਂ ਸੀ, ਪਰ ਸਮਾਜ ਨੇ ਦੇਸ਼ ਦੇ ਇਸ ਕੋਣੇ ਤੋਂ ਉਸ ਕੋਣੇ ਤੱਕ ਹਜ਼ਾਰਾਂ ਤਾਲਾਬਾਂ ਨੂੰ ਠੀਕ-ਠਾਕ ਰੱਖਣਾ ਸੀ। ਇਸੇ ਲਈ ਉਸਨੇ ਇਸ ਔਖੇ ਕੰਮ ਨੂੰ ਹਰੇਕ ਥਾਂ ਬੇਹੱਦ ਸੁਚਾਰੂ ਢੰਗ ਨਾਲ ਚਲਾਇਆ ਸੀ।

ਆਗੌਰ ਵਿੱਚ ਪੈਰ ਰੱਖਦਿਆਂ ਹੀ ਤਾਲਾਬ ਦੇ ਰੱਖ-ਰਖਾਅ ਦਾ ਕੰਮ ਦੇਖਣ ਨੂੰ ਮਿਲ ਜਾਵੇਗਾ। ਦੇਸ਼ ਦੇ ਕਈ ਖੇਤਰਾਂ ਵਿੱਚ ਤਾਲਾਬਾਂ ਦਾ ਆਗੌਰ ਸ਼ੁਰੂ ਹੁੰਦੇ ਹੀ ਉਸਦੀ ਸੂਚਨਾ ਦੇਣ ਵਾਲੇ ਪੱਥਰ ਦੇ ਬੇਹੱਦ ਸੁੰਦਰ ਥੰਮ੍ਹ ਦਿਸਣ ਲੱਗ ਪੈਣਗੇ। ਥੰਮ੍ਹ ਨੂੰ ਦੇਖਕੇ ਸਮਝ ਲਉ ਕਿ ਤੁਸੀਂ ਤਾਲਾਬ ਦੇ ਆਗੌਰ ਵਿੱਚ ਖੜ੍ਹੇ ਹੋ, ਇੱਥੋਂ ਹੀ ਪਾਣੀ ਤਾਲਾਬ ਵਿੱਚ ਭਰੇਗਾ। ਇਸ ਲਈ ਇਸ ਥਾਂ ਨੂੰ ਸਾਫ਼-ਸੁਥਰਾ ਰੱਖਣਾ ਹੈ। 'ਜੁੱਤੀਆਂ ਪਾ ਕੇ ਆਗੌਰ ਵਿੱਚ ਆਉਣਾ ਮਨ੍ਹਾ ਹੈ'। ਟੱਟੀ-ਪਿਸ਼ਾਬ ਦੀ ਗੱਲ ਤਾਂ ਦੂਰ, ਇੱਥੇ 'ਥੁੱਕਣਾ ਵੀ ਮਨ੍ਹਾ ਹੈ', ਅਜਿਹੇ ਸਾਈਨ ਬੋਰਡ ਵਗ਼ੈਰਾ ਵੀ ਨਹੀਂ ਲਾਏ ਜਾਂਦੇ ਸਨ, ਪਰ ਲੋਕੀ ਸਿਰਫ਼ ਥੰਮ੍ਹ ਦੇਖਕੇ ਹੀ ਇਨ੍ਹਾਂ ਸਾਰੀਆਂ ਗੱਲਾਂ ਦਾ ਪੂਰਾ ਧਿਆਨ ਰੱਖਦੇ ਸਨ।

ਆਗਰ ਦੇ ਪਾਣੀ ਦੀ ਸਾਫ਼-ਸਫ਼ਾਈ ਅਤੇ ਸ਼ੁੱਧਤਾ ਦਾ ਖ਼ਿਆਲ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਜਾਂਦਾ ਸੀ। ਨਵੇਂ ਤਾਲਾਬ ਵਿੱਚ ਜਿਸ ਦਿਨ ਵੀ ਪਾਣੀ ਭਰਦਾ, ਉਸੇ ਦਿਨ ਵਿਸ਼ੇਸ਼ ਸਮਾਗਮ ਕਰਕੇ ਉਸ ਵਿੱਚ ਜੀਵ-ਜੰਤੂ ਲਿਆ ਕੇ ਛੱਡ ਦਿੱਤੇ ਜਾਂਦੇ ਸਨ। ਮੱਛੀਆਂ, ਕੱਛੂ, ਕੇਕੜੇ ਤਾਂ ਛੱਡੇ ਹੀ ਜਾਂਦੇ ਸਨ, ਪਰ ਜੇਕਰ ਤਾਲਾਬ ਵੱਡਾ ਹੁੰਦਾ ਤਾਂ ਮਗਰਮੱਛ ਵੀ ਛੱਡ ਦਿੱਤੇ ਜਾਂਦੇ ਸਨ। ਕੁੱਝ ਥਾਵਾਂ 'ਤੇ ਜੀਵ-ਜੰਤੂਆਂ ਦੇ ਨਾਲ-ਨਾਲ ਸਮਰੱਥਾ ਦੇ ਅਨੁਸਾਰ ਸੋਨੇ-ਚਾਂਦੀ ਦੇ ਜੀਵ-ਜੰਤੂ ਵੀ ਛੱਡੇ ਜਾਂਦੇ ਸਨ। ਮੱਧ-ਪ੍ਰਦੇਸ਼ ਦੇ ਰਾਏਪੁਰ ਸ਼ਹਿਰ ਵਿੱਚ ਕੋਈ ਪੰਜਾਹ-ਪਚਵੰਜਾ ਵਰ੍ਹੇ ਪਹਿਲਾਂ ਸੋਨੇ ਦੀਆਂ ਨੱਥਾਂ ਪੁਆ ਕੇ ਕੱਛੂ ਛੱਡੇ ਗਏ ਸਨ।

ਪਹਿਲੇ ਸਾਲ ਪਾਣੀ ਵਿੱਚ ਕੁੱਝ ਖ਼ਾਸ ਕਿਸਮ ਦੀ ਵਨਸਪਤੀ ਵੀ ਪਾਈ ਜਾਂਦੀ ਸੀ। ਵੱਖ-ਵੱਖ ਖੇਤਰਾਂ ਵਿੱਚ ਇਨ੍ਹਾਂ ਦੀ ਕਿਸਮ ਬਦਲਦੀ ਸੀ, ਪਰ ਕੰਮ ਇੱਕੋ ਸੀ, ਪਾਣੀ ਨੂੰ ਸਾਫ਼ ਰੱਖਣਾ। ਮੱਧ-ਪ੍ਰਦੇਸ਼ ਵਿੱਚ ਜੇ ਇਹ ਗਦੀਆ ਜਾਂ ਚੀਲਾ ਸੀ ਤਾਂ ਰਾਜਸਥਾਨ ਵਿੱਚ ਕੁਮੁਦਿਨੀ, ਨਿਰਮਲੀ ਜਾਂ ਚਾਸ਼ੁਸ। ਚਾਸ਼ੁਸ਼ ਤੋਂ ਚਾਕਸੂ ਸ਼ਬਦ ਬਣਿਆ ਹੈ। 'ਕੋਈ ਅਜਿਹਾ ਦੌਰ ਵੀ ਆਇਆ ਹੋਵੇਗਾ ਜਦੋਂ ਤਾਲਾਬ ਦੀ ਸਾਫ਼-ਸਫ਼ਾਈ ਲਈ ਚਾਕਸੂ ਪੌਦੇ ਦੀ ਵਰਤੋਂ ਵਧ ਗਈ ਹੋਵੇਗੀ। ਅੱਜ ਜੈਪੁਰ ਦੇ ਕੋਲ ਇੱਕ ਵੱਡੇ ਕ਼ਸਬੇ ਦਾ ਨਾਂ ਚਾਕਸੂ ਹੈ। ਇਹ ਨਾਂ ਸ਼ਾਇਦ ਚਾਕਸੂ ਪੌਦੇ ਪ੍ਰਤੀ ਧੰਨਵਾਦ ਵਜੋਂ ਰੱਖਿਆ ਗਿਆ ਹੋਵੇਗਾ।

ਪਾਲ ਉੱਤੇ ਪਿੱਪਲ, ਬਰੋਟੇ ਅਤੇ ਗੂਲਰ ਦੇ ਦਰੱਖ਼ਤ ਲਾਏ ਜਾਂਦੇ ਰਹੇ ਹਨ। ਤਾਲਾਬ ਅਤੇ ਇਨ੍ਹਾਂ ਦਰੱਖ਼ਤਾਂ ਵਿਚਕਾਰ ਉਮਰ ਦੀ ਹਮੇਸ਼ਾ ਦੌੜ ਜਿਹੀ ਲੱਗੀ ਦਿਸਦੀ ਹੈ। ਕਿਹੜਾ ਜ਼ਿਆਦਾ ਟਿਕਦਾ ਹੈ। ਦਰੱਖ਼ਤ ਜਾਂ ਤਾਲਾਬ? ਪਰ ਇਸ ਪ੍ਰਸ਼ਨ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ। ਦੋਹਾਂ ਨੂੰ ਇੱਕ-ਦੂਜੇ ਦਾ ਸਾਥ ਇੰਨਾ ਚੰਗਾ ਲੱਗਾ ਹੈ ਕਿ ਅਣਦੇਖੀ ਦੇ ਇਸ ਦੌਰ ਵਿੱਚ ਜਿਹੜਾ ਵੀ ਪਹਿਲਾਂ ਗਿਆ, ਦੂਜਾ ਸੋਗ ਵਿੱਚ ਉਸਦੇ ਪਿੱਛੇ-ਪਿੱਛੇ ਚਲਾ ਗਿਆ। ਦਰੱਖ਼ਤ ਕੱਟੇ ਗਏ ਤਾਂ ਕੁੱਝ ਸਮੇਂ ਬਾਅਦ ਤਾਲਾਬ ਵੀ ਸੁੱਕ ਗਿਆ। ਜੇਕਰ ਪਹਿਲਾਂ ਤਾਲਾਬ ਸੁੱਕਿਆ ਤਾਂ ਦਰੱਖ਼ਤ ਵੀ ਵੈਰਾਗ ਗਏ।

ਤਾਲਾਬਾਂ ਉੱਤੇ ਅਕਸਰ ਅੰਬ ਵੀ ਖ਼ੂਬ ਲਾਇਆ ਜਾਂਦਾ ਸੀ, ਪਰ ਇਹ ਪਾਲ ਉੱਤੇ ਘੱਟ, ਹੇਠਲੀ ਜ਼ਮੀਨ ਦੇ ਥੱਲੇ ਜ਼ਿਆਦਾ ਲਾਇਆ ਜਾਂਦਾ ਹੈ। ਛੱਤੀਸਗੜ੍ਹ ਖੇਤਰ ਵਿੱਚ ਬਹੁਤ ਸਾਰੀਆਂ ਥਾਵਾਂ 'ਤੇ ਸ਼ੀਤਲਾ ਮਾਤਾ ਦਾ ਵਾਸ ਮੰਨਿਆ ਜਾਂਦਾ ਹੈ। ਇਸ ਲਈ ਅਜਿਹੇ ਤਾਲਾਬਾਂ ਦੀ ਪਾਲ ਉੱਤੇ ਨਿੰਮ ਦੇ ਦਰੱਖ਼ਤ ਜ਼ਰੂਰ ਲਾਏ ਜਾਂਦੇ ਸਨ। ਦਰੱਖ਼ਤ ਤੋਂ ਬਿਨਾਂ ਪਾਲ ਦੀ ਤੁਲਨਾ ਬਿਨਾਂ ਮੂਰਤੀ ਦੇ ਮੰਦਰ ਨਾਲ ਕੀਤੀ ਗਈ ਹੈ।

ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਕਈ ਹਿੱਸਿਆਂ ਵਿੱਚ ਪਾਲ ਉੱਤੇ ਅਰਹਰ ਦੇ ਦਰੱਖ਼ਤ ਵੀ ਲਾਏ ਜਾਂਦੇ ਸਨ। ਇਨ੍ਹਾਂ ਇਲਾਕਿਆਂ ਵਿੱਚ ਹੀ ਬਣੇ ਨਵੇਂ ਤਾਲਾਬ ਦੀ ਪਾਲ ਉੱਤੇ ਕੁੱਝ ਸਮੇਂ ਤੱਕ ਸਰ੍ਹੋਂ ਦੀ ਖਲ ਦਾ ਧੂੰਆਂ ਕੀਤਾ ਜਾਂਦਾ ਸੀ, ਤਾਂ ਜੋ ਨਵੀਂ ਬਣੀ ਪਾਲ ਵਿੱਚ ਚੂਹੇ ਖੁੱਡਾਂ ਬਣਾ ਕੇ ਉਸਨੂੰ ਕਮਜ਼ੋਰ ਨਾ ਕਰ ਦੇਣ।



ਇਹ ਸਾਰੇ ਕੰਮ ਅਜਿਹੇ ਹਨ, ਜਿਹੜੇ ਤਾਲਾਬ ਬਣਨ ਤੋਂ ਬਾਅਦ ਇੱਕ ਵਾਰ ਕਰਨੇ ਪੈਂਦੇ ਹਨ। ਬਹੁਤ ਜ਼ਰੂਰੀ ਹੋਵੇ ਤਾਂ ਇੱਕ ਅੱਧ ਵਾਰ ਹੋਰ, ਪਰ ਤਾਲਾਬ ਵਿੱਚ ਹਰ ਸਾਲ ਮਿੱਟੀ ਤਾਂ ਜਮ੍ਹਾਂ ਹੁੰਦੀ ਹੀ ਹੈ। ਇਸੇ ਲਈ ਉਸਨੂੰ ਹਰ ਸਾਲ ਕੱਢਦੇ ਰਹਿਣ ਦਾ ਪ੍ਰਬੰਧ ਬੇਹੱਦ ਸੁੰਦਰ ਨਿਯਮਾਂ ਨਾਲ ਬੰਨ੍ਹ ਕੇ ਰੱਖਿਆ ਹੋਇਆ ਸੀ। ਕਿਤੇ ਗਾਰਾ ਕੱਢਣ ਦੇ ਬੇਹੱਦ ਮੁਸ਼ਕਿਲ ਕੰਮ ਨੂੰ ਉਤਸਵ ਜਾਂ ਤਿਉਹਾਰ ਵਿੱਚ ਬਦਲ ਕੇ ਆਨੰਦ ਦਾ ਮੌਕ਼ਾ ਬਣਾਇਆ ਗਿਆ ਅਤੇ ਕਿਤੇ ਇਹ ਕੰਮ ਇੰਨਾ ਦਿਲਚਸਪ ਬਣਾ ਦਿੱਤਾ ਗਿਆ ਸੀ ਕਿ ਜਿਸ ਤਰ੍ਹਾਂ ਇਹ ਮਿੱਟੀ ਚੁੱਪ-ਚਾਪ ਆ ਕੇ ਤਾਲਾਬ ਦੇ ਥੱਲੇ ਜਮ੍ਹਾਂ ਹੋ ਜਾਂਦੀ ਸੀ, ਉਸੇ ਤਰ੍ਹਾਂ ਚੁੱਪ-ਚਾਪ ਉਸ ਨੂੰ ਕੱਢ ਕੇ ਵੱਟ ਦੇ ਕੰਢੇ 'ਤੇ ਜਮਾ ਦਿੱਤਾ ਜਾਂਦਾ ਸੀ।

**ਪੁਰਾਣੇ ਤਾਲਾਬ ਸਾਫ਼ ਨਹੀਂ ਕਰਵਾਏ ਗਏ ਅਤੇ ਨਵੇਂ ਤਾਂ ਕਦੇ ਬਣੇ ਹੀ ਨਹੀਂ। ਗਾਰਾ ਤਾਲਾਬਾਂ ਵਿੱਚ ਨਹੀਂ, ਸਗੋਂ ਨਵੇਂ ਸਮਾਜ ਦੇ ਮੱਥੇ ਵਿੱਚ ਭਰ ਗਿਆ ਹੈ। ਉਸ ਵੇਲੇ ਸਮਾਜ ਦਾ ਮੱਥਾ ਸਾਫ਼ ਸੀ। ਉਸਨੇ ਤਾਲਾਬ ਹੇਠਾਂ ਜੰਮੇ ਗਾਰੇ ਨੂੰ ਵੀ ਪ੍ਰਸ਼ਾਦ ਵਾਂਗ ਹੀ ਸਵੀਕਾਰ ਕੀਤਾ ਸੀ।**

ਗਾਰਾ ਕੱਢਣ ਦਾ ਸਮਾਂ ਵੱਖ-ਵੱਖ ਖੇਤਰਾਂ ਵਿੱਚ ਮੌਸਮ ਦੇਖ ਕੇ ਤੈਅ ਕੀਤਾ ਜਾਂਦਾ ਸੀ। ਉਸ ਸਮੇਂ ਤਾਲਾਬ ਵਿੱਚ ਪਾਣੀ ਬੇਹੱਦ ਘੱਟ ਹੋਣਾ ਚਾਹੀਦਾ ਹੈ। ਗੋਆ ਅਤੇ ਪੱਛਮੀ ਘਾਟ ਦੇ ਤਟਵਰਤੀ ਖੇਤਰਾਂ ਵਿੱਚ ਇਹ ਕੰਮ ਦੀਵਾਲੀ ਦੇ ਫੌਰਨ ਬਾਅਦ ਕੀਤਾ ਜਾਂਦਾ ਸੀ। ਉੱਤਰ ਦੇ ਬਹੁਤ ਵੱਡੇ ਹਿੱਸਿਆਂ ਵਿੱਚ ਨਵੇਂ ਸਾਲ ਚੇਤ ਤੋਂ ਠੀਕ ਪਹਿਲਾਂ, ਛੱਤੀਸਗੜ੍ਹ, ਉੜੀਸਾ, ਬੰਗਾਲ, ਬਿਹਾਰ ਅਤੇ ਦੱਖਣ ਵਿੱਚ ਬਰਸਾਤ ਆਉਣ ਤੋਂ ਠੀਕ ਪਹਿਲਾਂ, ਖੇਤ ਤਿਆਰ ਕਰਨ ਦੇ ਸਮੇਂ।

ਅੱਜ ਤਾਲਾਬਾਂ ਤੋਂ ਕਟ ਚੁੱਕਿਆ ਸਮਾਜ, ਉਸਨੂੰ ਚਲਾਉਣ ਵਾਲਾ ਪ੍ਰਸ਼ਾਸਨ ਤਾਲਾਬ ਦੀ ਸਫ਼ਾਈ ਅਤੇ ਗਾਰਾ ਕੱਢਣ ਦੇ ਕੰਮ ਨੂੰ ਸਮੱਸਿਆ ਸਮਝਦਾ ਹੈ ਅਤੇ ਉਹ ਇਸ ਸਮੱਸਿਆ ਦਾ ਹੱਲ ਲੱਭਣ ਦੀ ਥਾਂ ਤਰ੍ਹਾਂ-ਤਰ੍ਹਾਂ ਦੇ ਬਹਾਨੇ ਲੱਭਦਾ ਹੈ। ਪ੍ਰਸ਼ਾਸਨ ਦੇ ਨਵੇਂ ਹਿਸਾਬ ਅਨੁਸਾਰ ਇਹ ਕੰਮ ਕਾਫ਼ੀ ਖ਼ਰਚੀਲਾ ਹੈ। ਕਈ ਕੁਲੈਕਟਰਾਂ ਨੇ ਸਮੇਂ-ਸਮੇਂ ਆਪਣੇ ਖੇਤਰਾਂ ਵਿੱਚ ਤਾਲਾਬਾਂ 'ਚੋਂ ਮਿੱਟੀ ਨਾ ਕੱਢ ਸਕਣ ਦਾ ਇਹੋ ਕਾਰਨ ਦੱਸਿਆ ਹੈ ਕਿ ਇਸ 'ਤੇ ਖ਼ਰਚ ਬਹੁਤਾ ਜ਼ਿਆਦਾ ਆਉਂਦਾ ਹੈ, ਜਦੋਂ ਕਿ ਨਵੇਂ ਤਾਲਾਬ ਬਣਾਉਣ ਉੱਤੇ ਖ਼ਰਚ ਘੱਟ ਆਉਂਦਾ ਹੈ। ਪੁਰਾਣੇ ਤਾਲਾਬ ਸਾਫ਼ ਨਹੀਂ ਕਰਵਾਏ ਗਏ ਅਤੇ ਨਵੇਂ ਤਾਂ ਕਦੇ ਬਣੇ ਹੀ ਨਹੀਂ। ਗਾਰਾ ਤਾਲਾਬਾਂ ਵਿੱਚ ਨਹੀਂ, ਸਗੋਂ ਨਵੇਂ ਸਮਾਜ ਦੇ ਮੱਥੇ ਵਿੱਚ ਭਰ ਗਿਆ ਹੈ।

ਉਸ ਵੇਲੇ ਸਮਾਜ ਦਾ ਮੱਥਾ ਸਾਫ਼ ਸੀ। ਉਸਨੇ ਤਾਲਾਬ ਹੇਠਾਂ ਜਮੇ ਗਾਰੇ ਨੂੰ ਵੀ ਪ੍ਰਸ਼ਾਦ ਵਾਂਗ ਸਵੀਕਾਰ ਕੀਤਾ ਸੀ। ਪ੍ਰਸ਼ਾਦ ਸਵੀਕਾਰ ਕਰਨ ਦੇ ਸੱਚੇ ਹੱਕ਼ਦਾਰ ਸਨ ਕਿਸਾਨ। ਇਸ ਪ੍ਰਸ਼ਾਦ ਨੂੰ ਲੈਣ ਵਾਲੇ ਕਿਸਾਨ ਪ੍ਰਤੀ ਗੱਡੇ ਦੇ ਹਿਸਾਬ ਨਾਲ ਮਿੱਟੀ ਕੱਢਦੇ ਸਨ, ਆਪਣੇ ਗੱਡੇ ਭਰਦੇ ਅਤੇ ਖੇਤਾਂ ਵਿੱਚ ਫੈਲਾਅ ਕੇ ਖੇਤੀ ਵਾਲੀ ਜ਼ਮੀਨ ਦਾ ਉਪਜਾਊਪਣ ਵਧਾਉਂਦੇ ਸਨ। ਇਸ ਪ੍ਰਸ਼ਾਦ ਦੇ ਬਦਲੇ ਉਹ ਪ੍ਰਤੀ ਗੱਡੇ ਦੇ ਹਿਸਾਬ

ਨਾਲ ਕੁੱਝ ਨਕਦ ਜਾਂ ਫ਼ਸਲ ਦਾ ਕੁੱਝ ਹਿੱਸਾ ਪਿੰਡ ਦੇ ਕੋਸ਼ ਵਿੱਚ ਜਮ੍ਹਾਂ ਕਰਾਉਂਦੇ ਸਨ। ਫਿਰ ਇਸੇ ਇਕੱਠੀ ਹੋਈ ਰਕ਼ਮ ਨਾਲ ਪੁਰਾਣੇ ਤਾਲਾਬਾਂ ਦੀ ਮੁਰੰਮਤ ਦਾ ਕੰਮ ਹੁੰਦਾ ਸੀ। ਅੱਜ ਵੀ ਛੱਤੀਸਗੜ੍ਹ ਵਿੱਚ ਗਾਰਾ ਕੱਢਣ ਦਾ ਕੰਮ ਕਿਸਾਨ ਪਰਿਵਾਰ ਹੀ ਕਰਦੇ ਹਨ। ਦੂਰ-ਦੂਰ ਤੱਕ ਸਾਬਣ ਪਹੁੰਚਣ ਦੇ ਬਾਵਜੂਦ ਕਈ ਘਰਾਂ ਵਿੱਚ ਅੱਜ ਵੀ ਉਸੇ ਗਾਰੇ ਨਾਲ ਨਹਾਉਣ ਦੀ ਪਰੰਪਰਾ ਜਾਰੀ ਹੈ।

ਬਿਹਾਰ ਵਿੱਚ ਇਸ ਕੰਮ ਨੂੰ ਉੜਾਹੀ ਦੀ ਪਰੰਪਰਾ ਕਿਹਾ ਜਾਂਦਾ ਹੈ। ਉੜਾਹੀ ਸਮਾਜ ਦੀ ਸੇਵਾ ਹੈ, ਕਿਰਤ ਦਾਨ ਹੈ। ਪਿੰਡ ਦੇ ਹਰੇਕ ਘਰ ਵਿੱਚ ਕੰਮ ਕਰ ਸਕਣ ਵਾਲੇ ਕਾਮੇ ਤਾਲਾਬ ਉੱਤੇ ਇਕੱਠੇ ਹੁੰਦੇ ਸਨ। ਹਰੇਕ ਘਰ ਦੋ ਤੋਂ ਪੰਜ ਮਣ ਮਿੱਟੀ ਕੱਢਦਾ ਸੀ। ਕੰਮ ਦੇ ਸਮੇਂ ਉਹੀ ਗੁੜ ਵਾਲਾ ਪਾਣੀ ਵੰਡਿਆ ਜਾਂਦਾ ਸੀ। ਪੰਚਾਇਤ

ਸਭ ਲਈ ਸਭ ਦੀ ਮਦਦ ਨਾਲ ਬਣਦੇ ਰਹੇ ਨੇ ਤਾਲਾਬ



ਵਿੱਚ ਇਕੱਠੇ ਹੋਏ ਹਰਜਾਨੇ ਦੀ ਰਕ਼ਮ ਦਾ ਇੱਕ ਵੱਡਾ ਹਿੱਸਾ ਉੜਾਹੀ ਲਈ ਖ਼ਰਚ ਕੀਤਾ ਜਾਂਦਾ ਹੈ। ਦੱਖਣ ਵਿੱਚ ਧਰਮਾਦਾ ਰੀਤ ਚਲਦੀ ਸੀ। ਕਿਤੇ-ਕਿਤੇ ਇਸ ਕੰਮ ਲਈ ਪਿੰਡ ਦੀ ਜ਼ਮੀਨ ਦਾ ਇੱਕ ਹਿੱਸਾ ਦਾਨ ਵੀ ਕਰ ਦਿੱਤਾ ਜਾਂਦਾ ਸੀ। ਅਜਿਹੀ ਜ਼ਮੀਨ ਨੂੰ ਕੋਡਗੇ ਕਿਹਾ ਜਾਂਦਾ ਸੀ।

ਜੇਕਰ ਰਾਜ ਅਤੇ ਸਮਾਜ ਮਿਲ ਕੇ ਕਮਰ ਕੱਸ ਲੈਣ ਤਾਂ ਕਿਸੇ ਕੰਮ ਵਿੱਚ ਢਿੱਲ ਕਿਵੇਂ ਰਹਿ ਸਕਦੀ ਹੈ! ਦੱਖਣ ਵਿੱਚ ਤਾਲਾਬਾਂ ਦੀ ਸਾਂਭ-ਸੰਭਾਲ ਦੇ ਮਾਮਲੇ ਵਿੱਚ ਰਾਜ ਅਤੇ ਸਮਾਜ ਦਾ ਇਹ ਤਾਲਮੇਲ ਬਾਖ਼ੂਬੀ ਦੇਖਿਆ ਜਾ ਸਕਦਾ ਸੀ। ਰਾਜ ਦੇ ਖ਼ਜ਼ਾਨੇ ਵਿੱਚੋਂ ਇਸ ਕੰਮ ਲਈ ਆਰਥਿਕ ਮਦਦ ਮਿਲਦੀ ਸੀ, ਪਰ ਇਸ ਕੰਮ ਲਈ ਹਰੇਕ ਪਿੰਡ ਵਿੱਚ ਵੱਖਰਾ ਖ਼ਜ਼ਾਨਾ ਵੀ ਬਣ ਸਕੇ, ਇਸਦਾ ਵੀ ਪੂਰਾ ਇੰਤਜ਼ਾਮ ਸੀ।

ਹਰੇਕ ਪਿੰਡ ਵਿੱਚ ਕੁੱਝ ਜ਼ਮੀਨ, ਕੁੱਝ ਖੇਤ ਜਾਂ ਖੇਤ ਦਾ ਕੁੱਝ ਹਿੱਸਾ ਤਾਲਾਬ ਦੇ ਰੱਖ-ਰਖਾਅ ਦੇ ਮੰਤਵ ਲਈ ਵੱਖ ਰੱਖਿਆ ਜਾਂਦਾ ਸੀ। ਇਸ ਉੱਤੇ ਲਗਾਨ ਨਹੀਂ ਲਗਦਾ ਸੀ। ਅਜਿਹੀ ਭੂਮੀ 'ਮਾਨਯਮ' ਕਹਾਉਂਦੀ ਸੀ। ਮਾਨਯਮ ਤੋਂ ਹੋਣ ਵਾਲੀ ਬਚਤ, ਆਮਦਨੀ ਜਾਂ ਮਿਲਣ ਵਾਲੀ ਫ਼ਸਲ ਤਾਲਾਬ ਨਾਲ ਜੁੜੇ ਹੋਏ ਵੱਖ-ਵੱਖ ਕੰਮ ਕਰਨ ਵਾਲੇ ਲੋਕਾਂ ਨੂੰ ਦਿੱਤੀ ਜਾਂਦੀ ਸੀ। ਜਿੰਨੀ ਤਰ੍ਹਾਂ ਦੇ ਕੰਮ, ਓਨੀ ਹੀ ਤਰ੍ਹਾਂ ਦੇ ਮਾਨਯਮ। ਜਿਹੜਾ ਕੰਮ ਜਿੱਥੇ ਹੋਣਾ ਹੈ, ਉੱਥੇ ਹੀ ਉਸਦਾ ਪ੍ਰਬੰਧ ਹੁੰਦਾ ਸੀ, ਉੱਥੇ ਹੀ ਉਸ ਲਈ ਹੋਣ ਵਾਲਾ ਖ਼ਰਚਾ ਵੀ ਇਕੱਠਾ ਕਰ ਲਿਆ ਜਾਂਦਾ ਸੀ।

ਅਲੌਤੀ ਮਾਨਯਮ ਨਾਲ ਮਿਹਨਤਕਸ਼ਾਂ ਦੇ ਮਿਹਨਤਾਨੇ ਦਾ ਇੰਤਜ਼ਾਮ ਕੀਤਾ ਜਾਂਦਾ ਸੀ। ਅਣੈਕਰਣ ਮਾਨਯਮ ਸਾਲ ਭਰ ਤਾਲਾਬ ਲਈ ਕੰਮ ਕਰਨ ਵਾਲੇ ਮਜ਼ਦੂਰਾਂ ਲਈ ਸੀ। ਇਸੇ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਰੋਜ਼ੀ-ਰੋਟੀ ਚਲਦੀ ਸੀ। ਇਹ ਤਾਲਾਬ ਦੀ ਪਾਲ ਉੱਤੇ ਡੰਗਰਾਂ, ਪਸ਼ੂਆਂ ਨੂੰ ਜਾਣ ਤੋਂ ਰੋਕਦੇ ਸਨ। ਇਸ ਕੰਮ ਵਿੱਚ ਲੋਕੀ ਸਾਲ ਭਰ ਲੱਗੇ ਰਹਿੰਦੇ ਸਨ। ਪਾਲ ਵਾਂਗ ਤਾਲਾਬ ਦੇ ਆਗੌਰ ਵਿੱਚ ਪਸ਼ੂਆਂ ਦੇ ਜਾਣ ਦੀ ਮਨਾਹੀ ਸੀ। ਉਸਦਾ ਇੰਤਜ਼ਾਮ ਬੰਦੇਲਾ ਮਾਨਯਮ ਰਾਹੀਂ ਕੀਤਾ ਜਾਂਦਾ ਸੀ।

ਤਾਲਾਬ ਨਾਲ ਜੁੜੇ ਖੇਤਾਂ ਵਿੱਚ ਫ਼ਸਲ ਬੀਜਣ ਤੋਂ ਲੈ ਕੇ ਕੱਟਣ ਤੱਕ ਪਸ਼ੂਆਂ ਨੂੰ ਰੋਕਣ ਦਾ ਕੰਮ ਇੱਕ ਨਿਸ਼ਚਿਤ ਸਮੇਂ ਤੱਕ ਚੱਲਣ ਵਾਲਾ ਕੰਮ ਸੀ। ਇਹ ਕੰਮ ਬੰਦੇਲਾ ਮਾਨਯਮ ਨਾਲ ਹੀ ਕਰਾਇਆ ਜਾਂਦਾ ਸੀ। ਇਸਨੂੰ ਕਰਨ ਵਾਲੇ ਪੱਟੀ ਕਹਾਉਂਦੇ ਸਨ। ਸਿੰਜਾਈ ਦੇ ਸਮੇਂ ਨਹਿਰ ਦੀ ਡਾਟ ਖੋਲ੍ਹਣਾ, ਸਮੇਂ ਉੱਤੇ ਪਾਣੀ ਛੱਡਣਾ ਵੀ ਇੱਕ ਵੱਖਰੀ ਕਿਸਮ ਦੀ ਜ਼ਿੰਮੇਦਾਰੀ ਸੀ। ਇਸ ਸੇਵਾ ਨੂੰ ਨੀਰਮੁਨੱਕ ਮਾਨਯਮ ਕਹਿੰਦੇ ਸਨ। ਕਿਤੇ ਕਿਸਾਨ ਪਾਣੀ ਦੀ ਬਰਬਾਦੀ ਤਾਂ ਨਹੀਂ ਕਰ ਰਿਹਾ। ਇਸ ਕੰਮ ਨੂੰ ਦੇਖਣ ਵਾਲਿਆਂ ਨੂੰ ਤਨਖ਼ਾਹ ਕੁਲਮਕਵਲ ਮਾਨਯਮ ਤੋਂ ਮਿਲਦੀ ਸੀ।

ਤਾਲਾਬ ਵਿੱਚ ਕਿੰਨਾ ਪਾਣੀ ਆਇਆ, ਖੇਤਾਂ ਵਿੱਚ ਕੀ-ਕੀ ਬੀਜਿਆ ਗਿਆ ਹੈ, ਕਿਸਨੂੰ ਕਿੰਨਾ ਪਾਣੀ ਚਾਹੀਦਾ ਹੈ, ਅਜਿਹੇ ਪ੍ਰਸ਼ਨ ਨੀਰਘੰਟੀ ਜਾਂ ਨੀਰੁਕੁੱਟੀ ਹੱਲ ਕਰਦੇ ਸਨ। ਇਹ ਅਹੁਦਾ ਦੱਖਣ ਵਿੱਚ ਸਿਰਫ਼ ਹਰੀਜਨ ਪਰਿਵਾਰ ਨੂੰ ਮਿਲਦਾ ਸੀ।

ਤਾਲਾਬ ਵਿੱਚ ਪਾਣੀ ਦਾ ਪੱਧਰ ਦੇਖਕੇ ਖੇਤਾਂ ਵਿੱਚ ਪੂਰੇ ਹਿਸਾਬ-ਕਿਤਾਬ ਨਾਲ ਅਤੇ ਬੇਹੱਦ ਬਾਰੀਕ਼ਬੀਨੀ ਨਾਲ ਪਾਣੀ ਵੰਡਣ ਦਾ ਹੁਨਰ ਨੀਰੂਕੁੱਟੀ ਨੂੰ ਵਿਰਾਸਤ ਵਿੱਚ ਮਿਲਦਾ ਸੀ। ਅੱਜ ਦੇ ਕੁੱਝ ਨਵੇਂ ਸਮਾਜ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਹਰੀਜਨ ਪਰਿਵਾਰਾਂ ਨੂੰ ਇਹ ਅਹੁਦਾ ਸਵਾਰਥ ਵਜੋਂ ਦਿੱਤਾ ਜਾਂਦਾ ਸੀ। ਇਨ੍ਹਾਂ ਪਰਿਵਾਰਾਂ ਕੋਲ ਜ਼ਮੀਨ ਨਹੀਂ ਹੁੰਦੀ ਸੀ, ਇਸੇ ਕਰਕੇ ਉਹ ਪਾਣੀ ਦੇ ਕਿਸੇ ਵੀ ਝਗੜੇ ਵੇਲੇ ਨਿਰਪੱਖ ਰਾਇ ਦਿੰਦੇ ਸਨ। ਜੇਕਰ ਸਿਰਫ਼ ਭੂਮੀਹੀਨ ਹੋਣਾ ਹੀ ਯੋਗਤਾ ਦਾ ਆਧਾਰ ਸੀ ਤਾਂ ਭੂਮੀਹੀਨ ਬ੍ਰਾਹਮਣ ਤਾਂ ਸਦਾ ਹੀ ਮਿਲਦੇ ਰਹਿ ਸਕਦੇ ਸਨ, ਪਰ ਇਸ ਗੱਲ ਨੂੰ ਇੱਥੇ ਹੀ ਛੱਡੀਏ ਅਤੇ ਆਉ ਮੁੜੀਏ ਮਾਨਯਮ ਵੱਲ।

ਕਈ ਤਾਲਾਬਾਂ ਦਾ ਪਾਣੀ ਸਿੰਜਾਈ ਤੋਂ ਇਲਾਵਾ ਪੀਣ ਦੇ ਕੰਮ ਆਉਂਦਾ ਸੀ। ਅਜਿਹੇ ਤਾਲਾਬਾਂ ਤੋਂ ਘਰਾਂ ਤੱਕ ਪਾਣੀ ਲੈ ਕੇ ਆਉਣ ਵਾਲੇ ਘੁਮਾਰਾਂ ਲਈ ਉਰਨੀ ਮਾਨਯਮ ਤੋਂ ਤਨਖ਼ਾਹ ਜੁਟਾਈ ਜਾਂਦੀ ਸੀ। ਉੱਪਾਰ ਅਤੇ ਵਾਦੀ ਮਾਨਯਮ ਨਾਲ ਤਾਲਾਬਾਂ ਦੀ ਮਾਮੂਲੀ ਟੁੱਟ-ਭੱਜ ਠੀਕ ਕੀਤੀ ਜਾਂਦੀ ਸੀ। ਵਾਯਕੱਲ ਮਾਨਯਮ ਤਾਲਾਬਾਂ ਤੋਂ ਇਲਾਵਾ ਉਨ੍ਹਾਂ ਵਿੱਚੋਂ ਨਿਕਲੀਆਂ ਨਹਿਰਾਂ ਦੀ ਦੇਖਭਾਲ ਉੱਤੇ ਖ਼ਰਚ ਹੁੰਦਾ ਸੀ। ਵੱਟ ਤੋਂ ਲੈ ਕੇ ਨਹਿਰਾਂ ਤੱਕ ਦਰੱਖ਼ਤ ਲਾਏ ਜਾਂਦੇ ਸਨ ਅਤੇ ਸਾਲ ਭਰ ਉਨ੍ਹਾਂ ਦੀ ਸਾਂਭ-ਸੰਭਾਲ, ਕਟਾਈ, ਛੰਗਾਈ ਆਦਿ ਦਾ ਕੰਮ ਚੱਲਦਾ ਸੀ। ਇਹ ਕੰਮ ਮਾਨਲ ਮਾਨਯਮ ਨਾਲ ਕੀਤਾ ਜਾਂਦਾ ਸੀ। ਖੁਲਗਾ ਮਾਨਯਮ ਅਤੇ ਪਾਟੁਲ ਮਾਨਯਮ ਮੁਰੰਮਤ ਤੋਂ ਇਲਾਵਾ ਖੇਤਰ ਵਿੱਚ ਬਣਨ ਵਾਲੇ ਨਵੇਂ ਤਾਲਾਬਾਂ ਦੀ ਪੁਟਾਈ ਵਿੱਚ ਹੋਣ ਵਾਲੇ ਖ਼ਰਚ ਸੰਭਾਲਦੇ ਸਨ।

ਇੱਕ ਤਾਲਾਬ ਨਾਲ ਜੁੜੇ ਇੰਨੇ ਕੰਮ, ਇੰਨੀਆਂ ਸੇਵਾਵਾਂ ਸਾਲ ਭਰ ਠੀਕ ਚਲਦੀਆਂ ਰਹਿਣ, ਇਹ ਦੇਖਣਾ ਵੀ ਇੱਕ ਕੰਮ ਸੀ। ਕਿਹੜੇ ਕੰਮ ਵਿੱਚ ਕਿੰਨੇ ਲੋਕਾਂ ਨੂੰ ਲਾਉਣਾ ਹੈ, ਕਿੱਥੋਂ ਕੁੱਝ ਘਟਾਉਣਾ ਹੈ, ਇਹ ਕੰਮ ਕਰੈਮਾਨੱਯਮ ਦੀ ਮਦਦ ਨਾਲ ਕੀਤਾ ਜਾਂਦਾ ਸੀ। ਇਸਨੂੰ ਕੁਲਮ ਵੇੱਟੂ ਜਾਂ ਕਣਮੋਈ ਵੇੱਟੂ ਵੀ ਕਹਿੰਦੇ ਸਨ।

ਦੱਖਣ ਦਾ ਇਹ ਛੋਟਾ ਅਤੇ ਸਾਧਾਰਨ ਜਿਹਾ ਵਰਨਣ ਤਾਲਾਬ ਅਤੇ ਉਸ ਨਾਲ ਜੁੜੇ ਪੂਰੇ ਪ੍ਰਬੰਧ ਦੀ ਥਾਹ ਨਹੀਂ ਪਾ ਸਕਦਾ। ਇਹ ਤਾਂ ਅਥਾਹ ਹੈ। ਅਜਿਹਾ ਜਾਂ ਇਸ ਨਾਲ ਮਿਲਦਾ-ਜੁਲਦਾ ਇੰਤਜ਼ਾਮ ਦੇਸ਼ ਦੇ ਸਾਰੇ ਹਿੱਸਿਆਂ ਵਿੱਚ, ਉੱਤਰ ਵਿੱਚ, ਪੂਰਬ-ਪੱਛਮ ਵਿੱਚ ਵੀ ਹੁੰਦਾ ਸੀ, ਪਰ ਕੁੱਝ ਕੰਮ ਤਾਂ ਗ਼ੁਲਾਮੀ ਦੇ ਉਸ ਦੌਰ ਵਿੱਚ ਟੁੱਟੇ ਅਤੇ ਫੇਰ ਅਜੀਬੋ-ਗ਼ਰੀਬ ਆਜ਼ਾਦੀ ਦੇ ਇਸ ਦੌਰ ਵਿੱਚ ਤਿੜਕੇ ਸਮਾਜ ਵਿੱਚ ਸਭ ਕੁੱਝ ਹੀ ਖਿੰਡ ਗਿਆ। ਪ੍ਰੰਤੂ ਗੈਂਗਜੀ ਕੱਲਾ ਵਰਗੇ ਲੋਕ ਇਸ ਟੁੱਟੇ-ਭੁੱਟੇ ਸਮਾਜ ਵਿੱਚ ਖਿੰਡ ਚੁੱਕੀ ਵਿਵਸਥਾ ਨੂੰ ਆਪਣੇ ਢੰਗ ਨਾਲ ਠੀਕ ਕਰਨ ਲਈ ਆਉਂਦੇ ਰਹਿੰਦੇ ਹਨ।

ਨਾਮ ਸੀ ਗੰਗਾਜੀ, ਪਰ ਫਿਰ ਪਤਾ ਨਹੀਂ ਕਿੱਦਾਂ ਇਹ ਨਾਂ ਪਿਆਰ ਵਜੋਂ ਜਾਂ ਬੇਹੱਦ ਨਿੱਘੇਪਣ ਨਾਲ ਵਿਗੜਿਆ ਜਾਂ ਘਸਿਆ ਹੋਵੇਗਾ। ਉਨ੍ਹਾਂ ਦੇ ਸ਼ਹਿਰ ਨੂੰ ਕੁੱਝ



ਸੌ ਸਾਲਾਂ ਤੋਂ ਘੇਰ ਕੇ ਖੜ੍ਹੇ ਅੱਠ ਸ਼ਾਨਦਾਰ ਤਾਲਾਬ ਸਾਂਭ-ਸੰਭਾਲ ਦਾ ਪ੍ਰਬੰਧ ਟੁੱਟ ਜਾਣ ਮਗਰੋਂ ਬੇਕ਼ਦਰੀ ਕਾਰਨ, ਟੁੱਟਣ ਲੱਗ ਪਏ ਸਨ। ਵੱਖ-ਵੱਖ ਪੀੜ੍ਹੀਆਂ ਨੇ ਇਨ੍ਹਾਂ ਨੂੰ ਅਲੱਗ-ਅਲੱਗ ਸਮੇਂ ਵਿੱਚ ਬਣਾਇਆ ਸੀ, ਪਰ ਅੱਠਾਂ ਵਿੱਚੋਂ ਛੇ ਇੱਕੋ ਲੜੀ ਵਿੱਚ ਬੰਨ੍ਹੇ ਗਏ ਸਨ। ਇਨ੍ਹਾਂ ਦੀ ਸਾਂਭ-ਸੰਭਾਲ ਦਾ ਕੰਮ ਵੀ ਇਨ੍ਹਾਂ ਪੀੜ੍ਹੀਆਂ ਨੇ ਇੱਕੋ ਲੜੀ ਵਿਚ ਪਰੋਇਆ ਹੋਵੇਗਾ। ਸਾਂਭ ਸੰਭਾਲ ਦੀ ਵਿਵਸਥਾ ਦੀ ਡੋਰ ਫੇਰ ਕਦੀ ਟੁੱਟ ਗਈ ਹੋਵੇਗੀ।

ਇਸ ਲੜੀ ਦੇ ਟੁੱਟਣ ਦੀ ਆਵਾਜ਼ ਗੈਂਗਜੀ ਦੇ ਕੰਨ ਵਿੱਚ ਕਦੋਂ ਪਈ, ਪਤਾ ਨਹੀਂ, ਪਰ ਅੱਜ ਜਿਹੜੇ ਬਜ਼ੁਰਗ ਫ਼ਲੌਦੀ ਸ਼ਹਿਰ ਵਿੱਚ ਮੌਜੂਦ ਹਨ, ਉਨ੍ਹਾਂ ਨੂੰ ਗੈਂਗਜੀ ਦਾ ਇੱਕੋ ਰੂਪ ਯਾਦ ਹੈ : ਟੁੱਟੀ ਚੱਪਲ ਪਾ ਕੇ ਗੈਂਗ ਜੀ ਸਵੇਰ ਤੋਂ ਸ਼ਾਮ ਤੱਕ ਇਨ੍ਹਾਂ ਤਾਲਾਬਾਂ ਦਾ ਚੱਕਰ ਲਾਉਂਦੇ ਸਨ। ਨਹਾਉਣ ਵਾਲੇ ਘਾਟਾਂ 'ਤੇ, ਪੀਣ ਵਾਲੇ ਪਾਣੀ ਦੇ ਘਾਟ 'ਤੇ ਕੋਈ ਗੰਦਗੀ ਸੁੱਟਦਾ ਦਿਸਦਾ ਤਾਂ ਬਾਪੂ ਜੀ ਜਾਂ ਪਿਓ ਵਾਂਗ ਝਿੜਕਦੇ ਸਨ। ਕਦੀ ਉਹ ਪਾਲ ਜਾਂ ਨੇਸ਼ਟਾ ਦਾ ਨਿਰੀਖਣ ਕਰਦੇ। ਕਿੱਥੇ ਕਿਸੇ ਤਾਲਾਬ ਨੂੰ ਕਿਹੋ ਜਿਹੀ ਮੁਰੰਮਤ ਲੋੜੀਂਦੀ ਸੀ, ਉਸਦੀ ਸੂਚੀ ਮਨੋ-ਮਨ ਬਣਾਉਂਦੇ ਸਨ। ਇਨ੍ਹਾਂ ਤਾਲਾਬਾਂ ਉੱਤੇ ਖੇਡਣ ਆਉਣ ਵਾਲੇ ਬੱਚਿਆਂ ਨਾਲ ਖ਼ੁਦ ਖੇਡਦੇ ਅਤੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਸਿਖਾਉਂਦੇ। ਸ਼ਹਿਰ ਨੂੰ ਤਿੰਨ ਪਾਸੇ ਤੋਂ ਘੇਰੀ ਖੜ੍ਹੇ ਤਾਲਾਬਾਂ ਦਾ ਇੱਕ ਚੱਕਰ ਲਾਉਣ ਵਿੱਚ ਕੋਈ ਤਿੰਨ ਘੰਟੇ ਲਗਦੇ ਸਨ। ਗੈਂਗਜੀ ਕਦੀ ਪਹਿਲੇ ਤਾਲਾਬ ਉੱਤੇ ਦਿਸਦੇ ਕਦੀ ਆਖ਼ਰੀ ਤਾਲਾਬ ਉੱਤੇ, ਕਦੇ ਸਵੇਰੇ ਇੱਥੇ ਦਿਸਦੇ ਤਾਂ ਦੁਪਹਿਰ ਨੂੰ ਉੱਥੇ ਤੇ ਸ਼ਾਮ ਨੂੰ ਪਤਾ ਨਹੀਂ ਕਿੱਥੇ। ਗੈਂਗਜੀ ਆਪਣੇ-ਆਪ ਹੀ ਤਾਲਾਬ ਦੇ ਰਖਵਾਲੇ ਬਣ ਗਏ ਸਨ।

ਸਾਲ ਦੇ ਅਖੀਰ ਵਿੱਚ ਇੱਕ ਸਮਾਂ ਅਜਿਹਾ ਆਉਂਦਾ, ਜਦੋਂ ਗੈਂਗਜੀ ਤਾਲਾਬਾਂ ਦੀ ਥਾਂ ਸ਼ਹਿਰ ਦੀ ਗਲੀ-ਗਲੀ ਘੁੰਮਦੇ ਫਿਰਦੇ। ਉਨ੍ਹਾਂ ਦੇ ਨਾਲ-ਨਾਲ ਚਲਦੀ ਬੱਚਿਆਂ ਦੀ ਫ਼ੌਜ। ਹਰੇਕ ਘਰ ਦਾ ਦਰਵਾਜ਼ਾ ਖੁੱਲ੍ਹਣ ਤੋਂ ਪਹਿਲਾਂ ਉਨ੍ਹਾਂ ਨੂੰ ਇੱਕ ਰੁਪਿਆ ਮਿਲ ਜਾਂਦਾ। ਵਰ੍ਹਿਆਂ ਤੋਂ ਹਰੇਕ ਘਰ ਜਾਣਦਾ ਸੀ ਕਿ ਗੈਂਗਜੀ ਸਿਰਫ਼ ਇੱਕ ਰੁਪਿਆ ਹੀ ਮੰਗਦੇ ਹਨ, ਨਾ ਘੱਟ ਨਾ ਵੱਧ। ਰੁਪਏ ਇਕੱਠੇ ਹੋਣ ਮਗਰੋਂ ਗੈਂਗਜੀ ਸਾਰੇ ਸ਼ਹਿਰ ਦੇ ਬੱਚਿਆਂ ਨੂੰ ਇਕੱਠਾ ਕਰਦੇ। ਬੱਚਿਆਂ ਨਾਲ ਢੇਰ ਸਾਰੀਆਂ ਟੋਕਰੀਆਂ, ਤਸਲੇ, ਕਹੀਆਂ, ਫਹੁੜੇ ਵੀ ਜਮ੍ਹਾਂ ਹੋ ਜਾਂਦੇ। ਫੇਰ ਇੱਕ ਤੋਂ ਬਾਅਦ ਇੱਕ ਤਾਲਾਬ ਸਾਫ਼ ਹੋਣ ਲਗਦਾ। ਗਾਰਾ ਕੱਢ ਕੇ ਵੱਟ ਪੱਕੀ ਕੀਤੀ ਜਾਂਦੀ। ਹਰੇਕ ਤਾਲਾਬ ਦੇ ਨੇਸ਼ਟਾ (ਨਿਕਾਸੀ) ਦਾ ਕੂੜਾ ਵੀ ਇਸੇ ਤਰ੍ਹਾਂ ਸਾਫ਼ ਕੀਤਾ ਜਾਂਦਾ। ਇੱਕ ਤਸਲਾ ਮਿੱਟੀ ਦੇ ਬਦਲੇ ਹਰੇਕ ਬੱਚੇ ਨੂੰ ਦੁਆਨੀ ਇਨਾਮ ਵਜੋਂ ਮਿਲਦੀ।

ਗੈਂਗਜੀ ਕੱਲਾ ਕਦੋਂ ਤੋਂ ਇਹ ਕੰਮ ਕਰ ਰਹੇ ਸਨ--ਅੱਜ ਇਹ ਕਿਸੇ ਨੂੰ ਯਾਦ ਨਹੀਂ, ਬੱਸ ਇੰਨਾ ਪਤਾ ਹੈ ਕਿ ਇਹ ਕੰਮ ਸੰਨ 1955-56 ਤੱਕ ਚਲਦਾ ਰਿਹਾ। ਫੇਰ ਗੈਂਗਜੀ ਚਲੇ ਗਏ।

ਸ਼ਹਿਰ ਨੂੰ ਅਜਿਹੀ ਕੋਈ ਮੌਤ ਯਾਦ ਨਹੀਂ। ਸਾਰਾ ਸ਼ਹਿਰ ਸ਼ਾਮਿਲ ਸੀ, ਉਨ੍ਹਾਂ ਦੇ ਆਖ਼ਰੀ ਸਫ਼ਰ ਵਿੱਚ। ਇੱਕ ਤਾਲਾਬ ਦੇ ਥੱਲੇ ਹੀ ਬਣੇ ਘਾਟ ਉੱਤੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਬਾਅਦ ਵਿੱਚ ਉੱਥੇ ਹੀ ਉਨ੍ਹਾਂ ਦੀ ਸਮਾਧੀ ਬਣੀ।

ਜਿਹੜੇ ਲੋਕ ਤਾਲਾਬ ਬਣਾਉਂਦੇ ਸਨ, ਸਮਾਜ ਉਨ੍ਹਾਂ ਨੂੰ ਸੰਤ ਬਣਾ ਦਿੰਦਾ ਸੀ। ਗੈਂਗਜੀ ਨੇ ਤਾਲਾਬ ਤਾਂ ਨਹੀਂ ਬਣਾਏ ਸਨ, ਪੁਰਾਣੇ ਤਾਲਾਬਾਂ ਦੀ ਸਿਰਫ਼ ਰਾਖੀ ਕੀਤੀ ਸੀ, ਉਹ ਵੀ ਸੰਤ ਬਣ ਗਏ। ਫ਼ਲੌਦੀ ਵਿੱਚ ਤਾਲਾਬਾਂ ਦੀ ਸਫ਼ਾਈ ਦੀ ਖੇਡ ਸੰਤ ਖਿਡਾਉਂਦੇ ਸਨ ਤਾਂ ਜੈਸਲਮੇਰ ਵਿੱਚ ਇਹ ਖੇਡ ਖ਼ੁਦ ਰਾਜਾ ਖੇਡਦਾ ਸੀ।

ਸਾਰਿਆਂ ਨੂੰ ਪਹਿਲਾਂ ਪਤਾ ਸੀ, ਫਿਰ ਵੀ ਸਾਰੇ ਸ਼ਹਿਰ ਵਿੱਚ ਨਗਾਰਾ ਵੱਜਦਾ ਸੀ। ਰਾਜੇ ਵੱਲੋਂ ਸਾਲ ਦੇ ਆਖ਼ਰੀ ਦਿਨ, ਫੱਗਣ ਕ੍ਰਿਸ਼ਨ ਚੌਦਸ ਨੂੰ ਸ਼ਹਿਰ ਦੇ ਸਭ ਤੋਂ ਵੱਡੇ ਤਾਲਾਬ ਘੜਸੀਸਰ ਉੱਤੇ ਲਹਾਸ (ਇੱਕ ਖੇਡ) ਖੇਡਣ ਦਾ ਸੱਦਾ ਹੁੰਦਾ ਸੀ। ਉਸ ਦਿਨ ਰਾਜਾ, ਉਸਦਾ ਪਰਿਵਾਰ, ਦਰਬਾਰੀ, ਫ਼ੌਜ ਅਤੇ ਸਾਰੀ ਪਰਜਾ ਕਹੀਆਂ, ਤਸਲੇ, ਫਹੁੜੇ ਅਤੇ ਤਗਾਰੀਆਂ ਲੈ ਕੇ ਘੜਸੀਸਰ ਵਿਖੇ ਇਕੱਠੇ ਹੁੰਦੇ। ਰਾਜਾ ਤਾਲਾਬ ਦੀ ਮਿੱਟੀ ਪੁੱਟ ਕੇ ਪਹਿਲਾ ਤਸਲਾ ਭਰਦਾ ਅਤੇ ਆਪਣੇ-ਆਪ ਚੁੱਕ ਕੇ ਵੱਟ ਉੱਤੇ ਪਾਉਂਦਾ। ਫੇਰ ਕੀ, ਗਾਜੇ-ਵਾਜੇ ਨਾਲ ਲਹਾਸ ਸ਼ੁਰੂ। ਸਾਰੀ ਪਰਜਾ ਦਾ ਭੋਜਨ-ਪਾਣੀ ਦਰਬਾਰ ਵੱਲੋਂ ਹੁੰਦਾ। ਰਾਜੇ ਅਤੇ ਪਰਜਾ ਦੇ ਹੱਥ ਮਿੱਟੀ ਨਾਲ ਭਰ ਜਾਂਦੇ। ਰਾਜਾ ਇਸ ਕੰਮ ਵਿੱਚ ਇੰਨਾ ਲੀਨ ਹੋ ਜਾਂਦਾ ਕਿ ਉਸ ਦਿਨ ਉਸਦੇ ਮੋਢੇ ਨਾਲ ਕਿਸੇ ਦਾ ਵੀ ਮੋਢਾ ਟਕਰਾ ਸਕਦਾ ਸੀ। ਜਿਸ ਰਾਜੇ ਨੂੰ ਦਰਬਾਰ ਵਿੱਚ ਮਿਲਣਾ ਵੀ ਮੁਸ਼ਕਲ ਸੀ, ਉਹ ਤਾਲਾਬ ਦੇ ਦਰਵਾਜ਼ੇ ਉੱਤੇ ਮਿੱਟੀ ਢੋ ਰਿਹਾ ਹੁੰਦਾ। ਰਾਜੇ ਦੀ ਸੁਰੱਖਿਆ ਲਈ ਤਾਇਨਾਤ ਸਿਪਾਹੀ ਵੀ ਮਿੱਟੀ ਢੋ ਰਹੇ ਹੁੰਦੇ।

ਅਜਿਹੇ ਹੀ ਇੱਕ ਲਹਾਸ ਵਿੱਚ ਜੈਸਲਮੇਰ ਦੇ ਰਾਜੇ ਤੇਜਾ ਸਿੰਘ ਉੱਤੇ ਹਮਲਾ ਹੋਇਆ ਸੀ। ਉਹ ਵੱਟ ਉੱਤੇ ਮਾਰੇ ਗਏ, ਪਰ ਲਹਾਸ ਖੇਡਣਾ ਬੰਦ ਨਹੀਂ ਹੋਇਆ, ਇਹ ਚਲਦਾ ਰਿਹਾ, ਫੈਲਦਾ ਰਿਹਾ। ਮੱਧ-ਪ੍ਰਦੇਸ਼ ਦੇ ਭੀਲ ਸਮਾਜ ਵਿੱਚ ਵੀ, ਲਹਾਸ ਚਲਦਾ ਰਿਹਾ ਹੈ। ਗੁਜਰਾਤ ਵਿੱਚ ਵੀ ਲਹਾਸ ਦਾ ਪ੍ਰਚਲਣ ਰਿਹਾ ਹੈ। ਉੱਥੇ ਇਹ ਪ੍ਰੰਪਰਾ ਤਾਲਾਬ ਤੋਂ ਵੀ ਅੱਗੇ ਵਧ ਕੇ ਸਮਾਜ ਦੇ ਅਜਿਹੇ ਕਿਸੇ ਕੰਮ ਨਾਲ ਜੁੜ ਗਈ, ਜਿਸ ਲਈ ਸਭ ਦੀ ਮਦਦ ਚਾਹੀਦੀ ਹੁੰਦੀ ਸੀ। ਸਭ ਲਈ ਸਭ ਦੀ ਮਦਦ। ਇਸੇ ਪ੍ਰੰਪਰਾ ਦੇ ਤਹਿਤ ਤਾਲਾਬ ਬਣਦੇ ਸਨ। ਇਸੇ 'ਚੋਂ ਉਨ੍ਹਾਂ ਦੀ ਦੇਖਭਾਲ ਹੁੰਦੀ ਸੀ। ਮਿੱਟੀ ਪੁੱਟੀ ਜਾਂਦੀ ਸੀ, ਮਿੱਟੀ ਪਾਈ ਜਾਂਦੀ ਸੀ। ਸਮਾਜ ਦੀ ਖੇਡ ਲਹਾਸ ਦੇ ਹੁਲਾਸ ਅਤੇ ਜੋਸ਼ ਨਾਲ ਚੱਲਦੀ ਸੀ।



# ਸੈਂਕੜੇ ਹਜ਼ਾਰ ਨਾਂ

ਹੁਲਾਸ ਅਤੇ ਆਨੰਦ ਦੇ ਸਿਖ਼ਰ ਨੂੰ ਦਰਸ਼ਨ ਦੀ ਡੂੰਘਾਈ ਨਾਲ ਜੋੜਨ ਵਾਲੇ ਲੋਕ ਪੂਰੇ ਜੀਵਨ ਨੂੰ ਬੱਸ ਪਾਣੀ ਦਾ ਇੱਕ ਬੁਲਬੁਲਾ ਹੀ ਮੰਨਦੇ ਰਹੇ ਹਨ ਅਤੇ ਇਸ ਸੰਸਾਰ ਨੂੰ ਇੱਕ ਵਿਸ਼ਾਲ ਸਾਗਰ। ਇਸ ਵਿੱਚ ਪੀੜ੍ਹੀਆਂ ਆਉਂਦੀਆਂ ਹਨ, ਪੀੜ੍ਹੀਆਂ ਜਾਂਦੀਆਂ ਹਨ। ਠੀਕ ਲਹਿਰਾਂ ਵਾਂਗ ਯੁੱਗ ਆਉਂਦੇ ਹਨ, ਯੁੱਗ ਜਾਂਦੇ ਹਨ। ਜੀਵਨ ਅਤੇ ਮੌਤ ਦੀਆਂ ਲਹਿਰਾਂ ਵਾਂਗ ਲਹਿਰਾਉਂਦੇ ਇਸ ਭਵਸਾਗਰ ਤੋਂ ਪਾਰ ਉੱਤਰਨ ਦਾ ਟੀਚਾ ਰੱਖਣ ਵਾਲੇ ਸਮਾਜ ਨੇ ਤਰ੍ਹਾਂ-ਤਰ੍ਹਾਂ ਦੇ ਤਾਲਾਬ ਬਣਾਏ ਅਤੇ ਬੇਹੱਦ ਰੂਹ ਨਾਲ ਉਨ੍ਹਾਂ ਦਾ ਨਾਮਕਰਣ ਵੀ ਕੀਤਾ। ਇਹ ਨਾਂ ਤਾਲਾਬਾਂ ਦੇ ਗੁਣਾਂ ਤੇ, ਸੁਭਾਅ ਉੱਤੇ ਅਤੇ ਕਦੀ ਕਿਸੇ ਵਿਸ਼ੇਸ਼ ਘਟਨਾ ਉੱਤੇ ਰੱਖੇ ਜਾਂਦੇ ਸਨ। ਇੰਨੇ ਨਾਵਾਂ ਲਈ ਜੇਕਰ ਸ਼ਬਦਕੋਸ਼ ਮੁੱਕ ਜਾਂਦਾ ਸੀ ਤਾਂ ਸ਼ਬਦ ਬੋਲੀ ਤੋਂ ਉਧਾਰ ਲੈ ਲਿਆ ਜਾਂਦਾ ਸੀ, ਕਿਤੇ-ਕਿਤੇ ਠੇਠ ਸੰਸਕ੍ਰਿਤ ਦਾ ਸ਼ਬਦ ਵੀ ਵਰਤ ਲਿਆ ਜਾਂਦਾ ਸੀ।

ਸਾਗਰ, ਸਰੋਵਰ ਅਤੇ ਸਰ ਨਾਂ ਚਾਰੇ ਪਾਸੇ ਮਿਲਣਗੇ। ਸਾਗਰ ਲਾਡ ਪਿਆਰ ਵਿੱਚ ਸਗਰਾ ਵੀ ਹੋ ਜਾਂਦਾ ਸੀ ਅਤੇ ਅਕਸਰ ਵੱਡੇ ਤਾਲ (ਤਾਲਾਬ) ਦੇ ਅਰਥਾਂ ਲਈ ਜਾਣਿਆ ਜਾਂਦਾ ਸੀ। ਸਰੋਵਰ ਕਿਤੇ-ਕਿਤੇ ਸਰਵਰ ਸੀ। ਸਰ ਸੰਸਕ੍ਰਿਤ ਸ਼ਬਦ ਸਰਸ ਤੋਂ ਬਣਿਆ ਹੈ ਅਤੇ ਪਿੰਡਾਂ ਵਿੱਚ ਇਸਦਾ ਰਸ ਸੈਂਕੜੇ ਸਾਲਾਂ ਤੋਂ ਮਿਲਦਾ ਆ ਰਿਹਾ ਹੈ। ਤਾਲਾਬ ਦੇ ਵੱਡੇ ਤੇ ਛੋਟੇ ਹੋਣ ਦੇ ਅਨੁਸਾਰ ਉਨ੍ਹਾਂ ਦਾ ਨਾਂ ਪੁਲਿੰਗ ਤੇ ਇਸਤਰੀ ਲਿੰਗ 'ਤੇ ਰੱਖਿਆ ਜਾਂਦਾ ਸੀ। ਇਸ ਸੂਰਤ ਵਿੱਚ ਸ਼ਬਦ ਇਸ ਕ਼ਿਸਮ ਦੇ ਜੁੱਟ ਬਣਦੇ ਸਨ : ਜੋਹੜ-ਜੋਹੜੀ, ਬੰਧ-ਬੰਧੀਆ, ਤਾਲ-ਤਲੱਈਆ, ਪੋਖਰ-ਪੋਖਰੀ। ਸ਼ਬਦਾਂ ਦੇ ਇਹ ਜੁੱਟ ਆਮ ਤੌਰ ਉੱਤੇ ਰਾਜਸਥਾਨ, ਮੱਧ-ਪ੍ਰਦੇਸ਼, ਉੱਤਰ-ਪ੍ਰਦੇਸ਼, ਬਿਹਾਰ, ਬੰਗਾਲ ਵਿੱਚ ਥਾਂ-ਥਾਂ ਹਨ ਅਤੇ ਸਰਹੱਦੋਂ ਪਾਰ ਨੇਪਾਲ ਵਿੱਚ ਵੀ ਹਨ। ਪੋਖਰ ਸੰਸਕ੍ਰਿਤ ਦੇ ਪੁਸ਼ਕਰ ਤੋਂ ਆਇਆ ਹੈ। ਹੋਰ ਥਾਵਾਂ ਤੇ ਪਿੰਡ-ਪਿੰਡ ਪੋਖਰ ਸਨ ਅਤੇ ਬੰਗਾਲ ਵਿੱਚ ਤਾਂ ਘਰ-ਘਰ ਵਿੱਚ ਹੀ ਪੋਖਰ ਸਨ। ਘਰ ਦੇ ਪਿਛਵਾੜੇ ਵਿੱਚ ਅਕਸਰ ਘੱਟ ਡੂੰਘਾਈ ਵਾਲੇ ਪੋਖਰ ਮੱਛੀ ਪਾਲਣ ਦੇ ਕੰਮ ਆਉਂਦੇ ਸਨ। ਉੱਥੇ ਤਾਲਾਬ ਲਈ ਪੁਸ਼ਕਰਣੀ ਸ਼ਬਦ ਵੀ ਚਲਦਾ ਸੀ। ਪੁਸ਼ਕਰ ਤਾਂ ਸੀ ਹੀ। ਪੁਸ਼ਕਰ ਦੇ ਬਾਅਦ ਆਦਰ ਅਤੇ ਸਤਿਕਾਰ


ਨਾਲ 'ਜੀ' ਸ਼ਬਦ ਲੱਗ ਜਾਣ 'ਤੇ ਉਹ ਬੇਹੱਦ ਖ਼ਾਸ ਅਤੇ ਵਿਸ਼ੇਸ਼ ਤਾਲਾਬ ਬਣ ਜਾਂਦਾ ਹੈ। ਰਾਜਸਥਾਨ ਵਿੱਚ ਅਜਮੇਰ ਦੇ ਕੋਲ ਪੁਸ਼ਕਰਜੀ ਨਾਂ ਦਾ ਪ੍ਰਸਿੱਧ ਤੀਰਥ ਖੇਤਰ ਹੈ। ਉੱਥੇ ਬ੍ਰਹਮਾ ਜੀ ਦਾ ਮੰਦਰ ਹੈ।

ਸਭ ਤੋਂ ਪ੍ਰਸਿੱਧ ਸ਼ਬਦ ਅਤੇ ਪ੍ਰਸਿੱਧ ਨਾਂ ਤਾਲਾਬ ਹੀ ਹੈ, ਪਰ ਤਾਲਾਬਾਂ ਦੇ ਨਾਮਕਰਣ ਵਿੱਚ ਇਸ ਸ਼ਬਦ ਦੀ ਵਰਤੋਂ ਸਭ ਤੋਂ ਘੱਟ ਹੋਈ ਹੈ। ਡਿੱਗੀ ਨਾਂ ਹਰਿਆਣਾ, ਪੰਜਾਬ ਅਤੇ ਦਿੱਲੀ ਵਿੱਚ ਚਲਦਾ ਸੀ। ਪਾਣੀ ਰੱਖਣ ਲਈ ਹੌਜ਼ ਤੋਂ ਲੈ ਕੇ ਵੱਡੇ ਤਾਲਾਬ ਤੱਕ ਲਈ ਡਿੱਗੀ ਨਾਂ ਮਿਲਦਾ ਹੈ। ਕਦੀ ਦਿੱਲੀ ਦੇ ਲਾਲ ਕਿਲ੍ਹੇ ਦੇ ਠੀਕ ਸਾਹਮਣੇ ਡਿੱਗੀ ਨਾਂ ਦਾ ਵੱਡਾ ਤਾਲਾਬ ਹੁੰਦਾ ਸੀ। ਅੰਬਾਲਾ ਵਿੱਚ ਹਾਲੇ ਵੀ ਕਈ ਤਾਲਾਬ ਹਨ ਅਤੇ ਇਹ ਡਿੱਗੀ ਹੀ ਕਹਾਉਂਦੇ ਹਨ। ਡਿੱਗੀ ਸ਼ਬਦ ਦੀਘੀ ਅਤੇ ਦੀਰਘਕਾ ਵਰਗੇ ਸੰਸਕ੍ਰਿਤ ਦੇ ਸ਼ਬਦਾਂ ਤੋਂ ਆਇਆ ਹੈ।

ਕੁੰਡ ਵੀ ਹੌਜ਼ ਵਰਗਾ ਛੋਟਾ ਅਤੇ ਪੱਕਾ ਤਾਲਾਬ ਹੈ, ਪਰ ਕਿਤੇ-ਕਿਤੇ ਚੰਗੇ-ਖ਼ਾਸੇ ਤਾਲਾਬਾਂ ਦਾ ਨਾਂ ਕੁੰਡ ਅਤੇ ਹੌਜ਼ ਮਿਲਦਾ ਹੈ। ਮੱਧ-ਪ੍ਰਦੇਸ਼ ਦੇ ਖੰਡਵਾ ਸ਼ਹਿਰ ਵਿੱਚ ਕੁੰਡ ਨਾਂ ਦੇ ਕਈ ਤਾਲਾਬ ਹਨ। ਹੌਜ਼ ਦੀ ਮਿਸਾਲ ਦਿੱਲੀ ਦਾ ਹੌਜ਼ ਖ਼ਾਸ ਹੈ ਜਿਹੜਾ ਹੁਣ ਤਾਲਾਬ ਤੋਂ ਜ਼ਿਆਦਾ ਇੱਕ ਮੁਹੱਲੇ ਵਾਂਗ ਪਛਾਣਿਆ ਜਾਂਦਾ ਹੈ।

ਕਈ ਥਾਵਾਂ 'ਤੇ 'ਤਾਲ' ਸ਼ਬਦ ਵੀ ਚੱਲਦਾ ਸੀ ਪਰ ਇਸੇ ਨਾਲ ਮਿਲਦਾ-ਜੁਲਦਾ ਸ਼ਬਦ 'ਚਾਲ' ਇੱਕ ਖੇਤਰ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਇਹ ਖੇਤਰ ਹੈ ਉੱਤਰ-ਪ੍ਰਦੇਸ਼ ਦਾ ਹਿਮਾਲਾ ਖੇਤਰ। ਇਨ੍ਹਾਂ ਪਹਾੜੀ ਜ਼ਿਲ੍ਹਿਆਂ ਵਿੱਚ ਕਦੀ ਪਿੰਡ-ਪਿੰਡ ਚਾਲਾਂ ਸਨ। ਮੈਦਾਨੀ ਪਿੰਡਾਂ-ਸ਼ਹਿਰਾਂ ਵਿੱਚ ਚਾਲ ਆਬਾਦੀ ਦੇ ਵਿਚਕਾਰ ਜਾਂ ਨੇੜੇ ਬਣਦੀ ਸੀ ਪਰ ਪਹਾੜੀ ਪਿੰਡਾਂ ਵਿੱਚ ਚਾਲਾਂ ਪਿੰਡਾਂ ਤੋਂ ਕੁੱਝ ਦੂਰ ਉੱਤੇ ਬਣਦੀਆਂ ਸਨ। ਚਾਲਾਂ ਦਾ ਉਪਯੋਗ ਸਿੱਧਾ ਪੀਣ ਦੇ ਪਾਣੀ ਲਈ ਨਹੀਂ ਹੁੰਦਾ ਸੀ। ਪਰ ਇਨ੍ਹਾਂ ਚਾਲਾਂ ਦੇ ਕਾਰਨ ਹੀ ਪਿੰਡ ਦੇ ਝਰਨੇ ਸਾਲ ਭਰ ਚਲਦੇ ਸਨ। ਪਹਾੜਾਂ ਵਿੱਚ ਪਹਿਲੀ ਤੇਜ਼ ਬਾਰਿਸ਼ ਝੱਲਣ, ਅਚਾਨਕ ਆਉਣ ਵਾਲੇ ਹੜ੍ਹ ਰੋਕਣ ਲਈ ਅਤੇ ਸਾਲ ਭਰ

ਲਾਲ ਕਿਲ੍ਹੇ ਦੇ ਸਾਹਮਣੇ ਬਣੀ ਸੀ ਲਾਲ ਡਿੱਗੀ






ਪਾਣੀ ਚਲਾਉਣ ਲਈ ਚਾਲਾਂ ਦਾ ਪ੍ਰਚਲਣ ਇੰਨਾ ਜਿਆਦਾ ਸੀ ਕਿ ਪਿੰਡ ਆਪਣੇ ਉੱਪਰਲੇ ਪਹਾੜਾਂ ਵਿੱਚ 30-40 ਚਾਲਾਂ ਬਣਾ ਲੈਂਦੇ ਸਨ।

ਚਾਲ ਕੋਈ 30 ਕ਼ਦਮ ਲੰਮੀ, ਇੰਨੀ ਹੀ ਚੌੜੀ ਅਤੇ ਕੋਈ ਚਾਰ-ਪੰਜ ਹੱਥ ਡੂੰਘੀ ਹੁੰਦੀ ਸੀ। ਇਸ ਨੂੰ ਬਣਾਉਣ ਦਾ ਕੰਮ ਕਿਸੇ ਇੱਕ ਤਬਕੇ ਦੀ ਜ਼ਿੰਮੇਦਾਰੀ ਨਹੀਂ ਸੀ ਹੁੰਦਾ, ਸਗੋਂ ਲਗਭਗ ਸਾਰੇ ਹੀ ਇਸ ਨੂੰ ਬਣਾਉਣਾ ਜਾਣਦੇ ਸਨ ਅਤੇ ਸਾਰੇ ਇਸਦੀ ਸਫ਼ਾਈ ਵਿੱਚ ਜੁਟਦੇ ਸਨ। ਇਹ ਪਿੰਡ ਦੇ ਪਸ਼ੂਆਂ ਤੋਂ ਇਲਾਵਾ ਜੰਗਲੀ ਪਸ਼ੂਆਂ ਲਈ ਵੀ ਪਾਣੀ ਇਕੱਠਾ ਕਰਨ ਦਾ ਕੰਮ ਕਰਦੀ ਸੀ। ਹਿਮਾਲਾ ਖੇਤਰ ਵਿੱਚ ਚਾਲ ਨੂੰ ਕਿਤੇ ਖਾਲ ਕਿਹਾ ਜਾਂਦਾ ਹੈ, ਕਿਤੇ ਤੌਲੀ, ਕਿਤੇ ਇਸ ਦਾ ਨਾਂ ਚੌਰਾ ਵੀ ਹੈ। ਆਲੇ-ਦੁਆਲੇ ਦੇ ਪਿੰਡ ਇਨ੍ਹਾਂ ਨਾਵਾਂ ਨਾਲ ਹੀ ਜਾਣੇ ਜਾਂਦੇ ਹਨ ਜਿਵੇਂ ਉਫ਼ਰੈਂਖਾਲ, ਰਾਣੀਚੌਰਾ ਅਤੇ ਦੂਧਾਤੋਲੀ। ਉੱਤਰੀ ਭਾਰਤ ਦੇ ਇਹ ਠੇਠ ਸ਼ਬਦ ਦੱਖਣ ਤੱਕ ਚਲੇ ਜਾਂਦੇ ਸਨ। ਕੇਰਲ ਅਤੇ ਆਂਧਰਾ ਪ੍ਰਦੇਸ਼ ਵਿੱਚ ਚੇਰ ਅਤੇ ਚੇਰਵੂ ਸ਼ਬਦ ਤਾਲਾਬ ਦੇ ਅਰਥਾਂ ਵਿੱਚ ਹੀ ਵਰਤੇ ਜਾਂਦੇ ਹਨ।

ਚੌਰਸ ਪੱਕੇ ਘਾਟਾਂ ਨਾਲ ਘਿਰੇ ਤਾਲਾਬ ਚੌਪਰਾ ਜਾਂ ਚੌਪਰਾ ਅਤੇ 'ਰ' ਤੋਂ 'ੜ' ਬਣ ਕੇ ਚੌਪੜਾ ਵੀ ਕਹਾਉਂਦੇ ਹਨ। ਚੌਪੜਾ ਉੱਜੈਨ ਵਰਗੇ ਪ੍ਰਾਚੀਨ ਸ਼ਹਿਰ ਵਿੱਚ, ਝਾਂਸੀ ਜਿਹੇ ਇਤਿਹਾਸਕ ਸ਼ਹਿਰ ਵਿੱਚ ਅਤੇ ਚਿਰਗਾਂਵ ਜਿਹੇ ਸਾਹਿਤਕ ਸ਼ਹਿਰ ਵਿੱਚ ਵੀ ਹਨ। ਚੌਪਰਾ ਨਾਲ ਹੀ ਮਿਲਦਾ-ਜੁਲਦਾ ਨਾਂ ਹੈ ਚੌਘਰਾ। ਚਾਰੇ ਪਾਸਿਉਂ ਚੰਗੇ-ਪੱਕੇ ਘਾਟਾਂ ਨਾਲ ਘਿਰਿਆ ਤਾਲਾਬ ਚੌਘਰਾ ਕਹਾਉਂਦਾ ਹੈ। ਇਸੇ ਤਰ੍ਹਾਂ ਤਿਘਰਾ ਵੀ ਹੈ। ਇਸ ਵਿੱਚ ਇੱਕ ਪਾਸਾ, ਆਗੌਰ ਦੇ ਵੱਲ ਦਾ ਪਾਸਾ ਕੱਚਾ ਛੱਡ ਦਿੱਤਾ ਜਾਂਦਾ ਸੀ। ਚਾਰ ਘਾਟ ਅਤੇ ਤਿੰਨ ਘਾਟ ਤੋਂ ਬਿਲਕੁਲ ਵੱਖਰੇ ਅੱਠਘੱਟੀ ਪੋਖਰ ਵੀ ਹੁੰਦੇ ਸਨ, ਭਾਵ ਅੱਠ ਘਾਟਾਂ ਵਾਲੇ। ਵੱਖੋ-ਵੱਖਰੇ ਘਾਟਾਂ ਦਾ ਅਲੱਗ-ਅਲੱਗ ਉਪਯੋਗ ਹੁੰਦਾ ਸੀ। ਕਿਤੇ-ਕਿਤੇ ਵੱਖੋ-ਵੱਖਰੀਆਂ ਜਾਤੀਆਂ ਲਈ ਅਲੱਗ-ਅਲੱਗ ਤਾਲਾਬ ਬਣਦੇ ਸਨ। ਤੇ ਕਿਤੇ ਇੱਕੋ ਵੱਡੇ ਤਾਲਾਬ ਉੱਤੇ ਵੱਖੋ-ਵੱਖਰੀਆਂ ਜਾਤੀਆਂ ਲਈ ਅਲੱਗ-ਅਲੱਗ ਘਾਟ ਬਣਦੇ ਸਨ। ਇਸ ਵਿੱਚ ਮਰਦ-ਔਰਤਾਂ ਦੇ ਨਹਾਉਣ ਲਈ ਵੱਖੋ-ਵੱਖਰਾ ਇੰਤਜ਼ਾਮ ਹੁੰਦਾ ਸੀ। ਛੱਤੀਸਗੜ੍ਹ ਵਿੱਚ ਡੌਕੀ ਘਾਟ ਔਰਤਾਂ ਲਈ ਅਤੇ ਡੌਕਾ ਘਾਟ ਮਰਦਾਂ ਲਈ ਹੁੰਦਾ ਸੀ। ਕਿਤੇ ਗਣੇਸ਼ ਜੀ ਅਤੇ ਕਿਤੇ ਮਾਂ ਦੁਰਗਾ ਸਥਾਪਿਤ ਕੀਤੀ ਜਾਂਦੀ ਸੀ ਤੇ ਕਿਤੇ-ਕਿਤੇ ਤਾਜ਼ੀਏ ਵੀ। ਸਭ ਦੇ ਘਾਟ ਅਲੱਗ-ਅਲੱਗ ਹੁੰਦੇ ਸਨ। ਇਸ ਤਰ੍ਹਾਂ ਦੇ ਤਾਲਾਬਾਂ ਦੇ ਅੱਠ ਘਾਟ ਬਣ ਜਾਂਦੇ ਅਤੇ ਫੇਰ ਅੱਠਘੱਟੀ ਕਹਾਉਂਦੇ ਸਨ।

ਅੱਠਘੱਟੀ ਤਾਲ ਤਾਂ ਦੂਰੋਂ ਹੀ ਚਮਕ ਪੈਂਦੇ ਸਨ, ਪਰ ਗੁਹੀਆ ਪੋਖਰ ਉੱਥੇ ਪੁੱਜਣ ਉੱਤੇ ਹੀ ਦਿਸਦੇ ਸਨ। ਗੁਹੀਆ ਭਾਵ ਲੁਕੇ ਹੋਏ। ਇਹ ਆਕਾਰ ਵਿੱਚ ਛੋਟੇ ਹੁੰਦੇ ਅਤੇ ਅਕਸਰ ਬਰਸਾਤੀ ਪਾਣੀ ਜਮ੍ਹਾਂ ਹੋਣ ਤੇ ਆਪਣੇ ਆਪ ਬਣ ਜਾਂਦੇ ਸਨ। ਬਿਹਾਰ ਵਿੱਚ ਦੋ ਪਿੰਡਾਂ ਦੇ ਵਿਚਕਾਰ ਖੱਲਰੀ ਖੇਤਰਾਂ ਦੇ ਵਿੱਚ ਅਜੇ ਵੀ ਗੁਹੀਆ ਪੋਖਰ ਮਿਲਦੇ ਹਨ।



ਚਾਰ ਪੱਕੇ ਘਾਟਾਂ ਦਾ ਚੋਪੜਾ

ਆਪਣੇ-ਆਪ ਬਣੇ ਅਜਿਹੇ ਤਾਲਾਬਾਂ ਦਾ ਇੱਕ ਹੋਰ ਨਾਂ ਹੈ ਅਮਹਾ ਤਾਲ। ਛੱਤੀਸਗੜ੍ਹ ਵਿੱਚ ਅਮਹਾ ਦਾ ਅਰਥ ਹੈ ਅਚਾਨਕ। ਪਿੰਡਾਂ ਨਾਲ ਲੱਗੇ ਜੰਗਲਾਂ ਵਿੱਚ ਕੁਦਰਤੀ ਰੂਪ ਵਿੱਚ ਨੀਵੀਂ ਜ਼ਮੀਨ ਵਿੱਚ ਪਾਣੀ ਜਮ੍ਹਾਂ ਹੋ ਜਾਂਦਾ ਹੈ। ਡੰਗਰ-ਪਸ਼ੂਆਂ ਦੇ ਆਉਣ ਜਾਣ ਨਾਲ ਅਜਿਹੇ ਤਾਲਾਬ ਅਚਾਨਕ ਹੀ ਬਣ ਜਾਂਦੇ ਸਨ। ਉਸ ਰਸਤੇ ਤੋਂ ਅਕਸਰ ਆਉਣ-ਜਾਣ ਵਾਲੇ ਲੋਕ ਅਜਿਹੇ ਤਾਲਾਬਾਂ ਨੂੰ ਥੋੜ੍ਹਾ ਠੀਕ-ਠਾਕ ਕਰ ਲੈਂਦੇ ਸਨ ਅਤੇ ਉਸਨੂੰ ਵਰਤੋਂ ਵਿੱਚ ਲਿਆਉਂਦੇ ਸਨ।

ਅਮਹਾ ਦਾ ਇੱਕ ਅਰਥ ਅੰਬ ਤਾਂ ਹੈ ਹੀ। ਅੰਬਾਂ ਦੇ ਦਰੱਖ਼ਤਾਂ ਨਾਲ ਘਿਰੇ ਤਾਲ ਨੂੰ ਅਮਹਾ ਤਰੀਯਾ, ਤਾਲ ਜਾਂ ਆਮਾ ਤਰੀਯਾ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਅਮਰੋਹਾ ਸੀ। ਅੱਜ ਇਹ ਇੱਕ ਸ਼ਹਿਰ ਦਾ ਨਾਂ ਹੈ, ਕਦੀ ਇਹ ਅੰਬਾਂ ਨਾਲ ਘਿਰੇ ਇੱਕ ਵੱਡੇ ਤਾਲਾਬ ਦਾ ਨਾਂ ਸੀ। ਕਿਤੇ-ਕਿਤੇ ਅਜਿਹੇ ਤਾਲਾਬ ਅਮਰਾਹ ਵੀ ਕਹਾਉਂਦੇ। ਫੇਰ ਜਿਵੇਂ ਅਮਰਾਹ ਵਾਂਗ ਹੀ ਪਿਪਰਾਹ ਸੀ-ਪੂਰੀ ਪਾਲ ਉੱਤੇ ਪਿੱਪਲ ਦੇ ਬੇਹੱਦ ਸ਼ਾਨਦਾਰ ਦਰੱਖ਼ਤ। ਅਮਰਾਹ, ਪਿਪਰਾਹ ਵਿੱਚ ਪਾਲ ਉੱਤੇ ਜਾਂ ਉਸਦੇ ਥੱਲੇ ਲੱਗੇ ਦਰੱਖ਼ਤ ਚਾਹੇ ਜਿੰਨੇ ਵੀ ਹੋਣ, ਉਹ ਗਿਣੇ ਜਾ ਸਕਦੇ ਸਨ, ਪਰ ਲਖਪੇੜਾ ਤਾਲ ਲੱਖਾਂ ਦਰੱਖ਼ਤਾਂ ਨਾਲ ਘਿਰਿਆ ਹੁੰਦਾ ਸੀ। ਇੱਥੇ ਲੱਖ ਦਾ ਅਰਥ ਅਣਗਿਣਤ ਤੋਂ ਹੈ। ਕਿਤੇ-ਕਿਤੇ ਅਜਿਹੇ ਤਾਲਾਬਾਂ ਨੂੰ ਲੱਖਰਾਉਂ ਵੀ ਕਹਿੰਦੇ ਸਨ।

ਲੱਖਰਾਉਂ ਤੋਂ ਵੀ ਅੱਗੇ ਵਧ ਕੇ ਇੱਕ ਸੀ ਭੋਪਾਲ ਤਾਲ। ਇਸਦੀ ਵਿਸ਼ਾਲਤਾ ਨੇ ਆਲੇ-ਦੁਆਲੇ ਰਹਿਣ ਵਾਲਿਆਂ ਦੇ ਮਾਣ ਨੂੰ ਘੁਮੰਡ ਵਿੱਚ ਬਦਲ ਦਿੱਤਾ ਸੀ। ਕਹਾਵਤ ਵਿੱਚ ਬੱਸ ਇਸੇ ਨੂੰ ਤਾਲ ਮੰਨਿਆ ਗਿਆ! ਤਾਲਾਂ 'ਚੋਂ ਤਾਲ ਤਾਂ ਬੱਸ ਭੋਪਾਲ ਤਾਲ ਬਾਕ਼ੀ ਸਭ ਤਲੱਈਆਂ! ਇਸ ਵਿਸ਼ਾਲ ਤਾਲ ਦਾ ਸੰਖੇਪ ਵਿਵਰਣ ਵੀ ਹੈਰਾਨ ਕਰਦਾ ਹੈ। 11ਵੀਂ ਸਦੀ ਵਿੱਚ ਰਾਜਾ ਭੋਜ ਦਾ ਬਣਾਇਆ ਇਹ ਤਾਲ 365 ਨਦੀਆਂ-ਨਾਲਿਆਂ ਨਾਲ ਭਰ ਕੇ 250 ਵਰਗਮੀਲ ਵਿੱਚ ਫੈਲਿਆ ਹੋਇਆ ਸੀ। ਮਾਲਵਾ ਦੇ ਸੁਲਤਾਨ ਹੋਸ਼ੰਗਸ਼ਾਹ ਨੇ 15ਵੀਂ ਸਦੀ ਵਿੱਚ ਇਸਨੂੰ ਕੁੱਝ ਸੁਰੱਖਿਆ ਜਾਂ ਫੌਜੀ ਕਾਰਨਾਂ ਕਰ ਕੇ ਤੋੜਿਆ, ਪਰ ਇਹ ਕੰਮ ਉਸ ਲਈ ਜੰਗ ਤੋਂ ਘੱਟ ਨਹੀਂ ਸੀ ਸਿੱਧ ਹੋਇਆ। ਭੋਜ ਤਾਲ ਤੋੜਨ ਲਈ ਹੋਸ਼ੰਗਸ਼ਾਹ ਨੂੰ ਫ਼ੌਜ ਭੇਜਣੀ ਪਈ। ਇੰਨੀ



ਵੱਡੀ ਫ਼ੌਜ ਨੂੰ ਇਸਨੂੰ ਤੋੜਨ ਲਈ ਤਿੰਨ ਮਹੀਨੇ ਲੱਗੇ। ਫੇਰ ਤਿੰਨ ਸਾਲਾਂ ਤੱਕ ਤਾਲ ਦਾ ਪਾਣੀ ਸਿਰਫ਼ ਵਗਦਾ ਰਿਹਾ, ਵਗਦਾ ਰਿਹਾ, ਫੇਰ ਕਿਤੇ ਜਾ ਕੇ ਤਾਲ ਦਾ ਹੇਠਲਾ ਤਲ ਦਿਸਣ ਲੱਗਾ। ਪਰ ਇਸਦੇ ਆਗਰ ਦੀ ਦਲਦਲ 30 ਸਾਲਾਂ ਤੱਕ ਬਣੀ ਰਹੀ। ਸੁੱਕਣ ਤੋਂ ਬਾਅਦ ਇਸ ਵਿੱਚ ਖੇਤੀ ਸ਼ੁਰੂ ਹੋਈ, ਉਦੋਂ ਤੋਂ ਲੈ ਕੇ ਅੱਜ ਤੱਕ ਇਸ ਵਿੱਚ ਬੇਹੱਦ ਉੱਚ ਪੱਧਰੀ ਕਣਕ ਉੱਗਦੀ ਹੈ।

ਚਲੋ ਵੱਡਿਆਂ ਦੀਆਂ ਗੱਲਾਂ ਛੱਡੀਏ, ਮੁੜੀਏ ਛੋਟੇ ਤਾਲਾਬਾਂ ਵੱਲ। ਘੱਟ ਡੂੰਘੇ, ਛੋਟੇ ਆਕਾਰ ਦੇ ਤਾਲਾਬ ਚਿਖਲੀਆ ਕਹਾਉਂਦੇ ਸਨ। ਇਹ ਨਾਂ ਚਿਖੜ ਭਾਵ ਚਿੱਕੜ ਤੋਂ ਬਣਿਆ ਸੀ। ਅਜਿਹੇ ਤਾਲਾਬਾਂ ਦਾ ਪੁਰਾਣਾ ਨਾਂ ਡਾਬਰ ਵੀ ਸੀ। ਅੱਜ ਉਸਦਾ ਬਚਿਆ ਰੂਪ ਡਬਰਾ ਸ਼ਬਦ ਵਿੱਚ ਵੇਖਣ ਨੂੰ ਮਿਲਦਾ ਹੈ। ਬਾਈ ਜਾਂ ਬਾਵ ਵੀ ਅਜਿਹੇ ਹੀ ਛੋਟੇ ਤਾਲਾਬਾਂ ਦੇ ਨਾਂ ਸਨ। ਬਾਅਦ ਵਿੱਚ ਇਹ ਨਾਂ ਤਾਲਾਬ ਦੀ ਥਾਂ ਬੌੜੀ ਲਈ ਵਰਤਿਆ ਜਾਣ ਲੱਗਾ। ਦਿੱਲੀ ਵਿੱਚ ਕੁਤਬ ਮੀਨਾਰ ਦੇ ਕੋਲ ਰਾਜੋਂ ਕੀ ਬਾਵ ਨਾਂ ਦੀ ਬੌੜੀ ਅੱਜ ਇਸ ਸ਼ਬਦ ਵਾਂਗ ਹੀ ਪੁਰਾਣੀ ਹੋ ਚੁੱਕੀ ਹੈ।

ਪੁਰਾਣੇ ਹੋ ਚੁੱਕੇ ਨਾਂਵਾਂ ਵਿੱਚੋਂ ਨਿਵਾਣ, ਹਿਰਦ, ਕਾਸਾਰ, ਤੜਾਗ, ਤਾਮਰਪਰਣੀ, ਤਾਲੀ, ਤੱਲ ਵੀ ਯਾਦ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚੋਂ ਤਲ ਹੀ ਅਜਿਹਾ ਨਾਂ ਹੈ ਜਿਹੜਾ ਸਮੇਂ ਦੇ ਲੰਬੇ ਦੌਰ ਨੂੰ ਪਾਰ ਕਰ ਕੇ ਬੰਗਾਲ ਅਤੇ ਬਿਹਾਰ ਵਿੱਚ ਤੱਲਾ ਦੇ ਰੂਪ ਵਿੱਚ ਅੱਜ ਵੀ ਮਿਲਦਾ ਹੈ। ਇਸੇ ਤਰ੍ਹਾਂ ਪੁਰਾਣਾ ਹੋ ਕੇ ਡੁੱਬ ਚੁੱਕਿਆ ਜਲਾਸ਼ਯ ਨਾਂ ਹੁਣ ਸਰਕਾਰੀ-ਹਿੰਦੀ ਅਤੇ ਸਿੰਜਾਈ ਵਿਭਾਗ ਵਿੱਚ ਫੇਰ ਉੱਭਰ ਰਿਹਾ ਹੈ। ਕਈ ਜਗ੍ਹਾ ਬਹੁਤ ਪੁਰਾਣੇ ਤਾਲਾਬਾਂ ਦੇ ਪੁਰਾਣੇ ਨਾਂ ਜੇ ਸਮਾਜ ਯਾਦ ਨਹੀਂ ਸੀ ਰੱਖਦਾ ਤਾਂ ਉਹ ਮਿਟ ਜਾਂਦੇ ਸਨ ਅਤੇ ਉਨ੍ਹਾਂ ਦੀ ਥਾਂ ਨਵੇਂ ਨਾਂ ਮਿਲ ਜਾਂਦੇ ਸਨ : ਪੁਰਨੈਹਾ ਭਾਵ ਕਾਫ਼ੀ ਪੁਰਾਣਾ ਤਾਲਾਬ। ਆਲੇ-ਦੁਆਲੇ ਦੇ ਤਾਲਾਬਾਂ ਦੀ ਗਿਣਤੀ ਵਿੱਚ ਸਭ ਤੋਂ ਅਖੀਰ ਵਿੱਚ ਬਣੇ ਤਾਲਾਬ ਨੌਤਾਲ, ਨਯਾ ਤਾਲ ਕਹਾਉਣ ਲੱਗੇ। ਉਹ ਪੁਰਾਣੇ ਵੀ ਹੋ ਜਾਂਦੇ ਤਾਂ ਵੀ ਇਸੇ ਨਾਂ ਨਾਲ ਜਾਣੇ ਜਾਂਦੇ।

ਗੁਚਕੁਲਿਆ ਅਜਿਹੇ ਤਾਲਾਬ ਨੂੰ ਕਿਹਾ ਜਾਂਦਾ ਹੈ ਜਿਹੜਾ ਹੁੰਦਾ ਤਾਂ ਛੋਟਾ ਹੀ ਹੈ, ਪਰ ਕੰਢੇ ਤੋਂ ਹੀ ਡੂੰਘਾ ਹੋ ਜਾਂਦਾ ਹੈ। ਪਲਵਲ ਵੀ ਅਜਿਹੇ ਹੀ ਡੂੰਘੇ ਤਾਲਾਬ ਦਾ ਪੁਰਾਣਾ ਨਾਂ ਹੈ। ਸਮੇਂ ਦੀ ਤੇਜ਼ ਰਫ਼ਤਾਰ ਵਿੱਚ ਇਹ ਨਾਂ ਪਿੱਛੇ ਰਹਿ ਗਿਆ ਹੈ। ਅੱਜ ਇਸਦੀ ਯਾਦ ਦਿੱਲੀ ਦੇ ਕੋਲ ਇੱਕ ਕ਼ਸਬੇ ਅਤੇ ਸਟੇਸ਼ਨ ਪਲਵਲ ਦੇ ਰੂਪ ਵਿੱਚ ਬਚੀ ਹੋਈ ਹੈ, ਜਿਸ ਉੱਤੇ ਰੇਲਗੱਡੀਆਂ ਬਿਨਾਂ ਰੁਕੇ ਦੌੜਦੀਆਂ ਹਨ।

ਖਦੁਅਨ ਛੱਤੀਸਗੜ੍ਹ ਵਿੱਚ ਅਜਿਹੇ ਤਾਲਾਬਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਪਾਣੀ ਬੇਹੱਦ ਸਾਫ਼ ਰਹਿੰਦਾ ਹੈ ਅਤੇ ਪੀਣ ਦੇ ਕੰਮ ਆਉਂਦਾ ਹੈ। ਪਨਖੱਤੀ ਤਾਲਾਬ ਸਿਰਫ਼ ਨਿਸਤਾਰੀ ਦੇ ਕੰਮ ਆਉਂਦੇ ਹਨ। ਇਸੇ ਤਰ੍ਹਾਂ ਲੇਂਡਯਾ ਤਾਲ ਅਤੇ ਖੁਰ ਤਾਲ ਨਿਸਤਾਰੀ, ਦਿਸ਼ਾ ਮੈਦਾਨ (ਜੰਗਲ ਪਾਣੀ) ਅਤੇ ਪਸ਼ੂਆਂ ਨੂੰ ਪਾਣੀ ਪਿਆਉਣ ਲਈ ਹੁੰਦੇ ਹਨ।

ਵੱਖ-ਵੱਖ ਬਣੇ ਤਾਲਾਬਾਂ ਤੋਂ ਇਲਾਵਾ, ਕਿਤੇ-ਕਿਤੇ ਇੱਕ-ਦੂਜੇ ਨਾਲ ਜੁੜੇ ਤਾਲਾਬਾਂ ਦੀ ਲੜੀ ਬਣਾਈ ਜਾਂਦੀ ਸੀ। ਇੱਕ ਦਾ ਫ਼ਾਲਤੂ ਪਾਣੀ ਦੂਜੇ ਵਿੱਚ, ਦੂਜੇ ਦਾ ਤੀਜੇ ਵਿੱਚ.....। ਇਹ ਤਰੀਕ਼ਾ ਘੱਟ ਵਰਖਾ ਵਾਲੇ ਰਾਜਸਥਾਨ ਅਤੇ ਆਂਧਰਾ ਦੇ ਰਾਇਲਸੀਮਾ ਖੇਤਰ ਵਿੱਚ, ਔਸਤ ਠੀਕ ਵਰਖਾ ਵਾਲੇ ਬੁੰਦੇਲਖੰਡ ਅਤੇ ਮਾਲਵਾ ਵਿੱਚ ਅਤੇ ਜ਼ਿਆਦਾ ਵਰਖਾ ਵਾਲੇ ਗੋਆ ਅਤੇ ਕੋਂਕਣ ਵਿੱਚ ਮਿਲਦਾ ਹੈ। ਉੱਤਰ ਵਿੱਚ ਇਸਦਾ ਨਾਂ ਸਾਂਕਲ ਜਾਂ ਸਾਂਖਲ ਤਾਲ ਹੈ ਅਤੇ ਦੱਖਣ ਵਿੱਚ ਦਸ਼ਫ਼ਲਾ ਪ੍ਰਣਾਲੀ।

ਤਾਲਾਬਾਂ ਦੀ ਇਹ ਲੜੀ ਮੋਟੇ ਤੌਰ ਉੱਤੇ ਇੱਕ ਜਾਂ ਦੋ ਤੋਂ ਲੈ ਕੇ ਦਸ ਤਾਲਾਬਾਂ ਤੱਕ ਜਾਂਦੀ ਹੈ। ਲੜੀ ਦੋ ਤਾਲਾਬਾਂ ਦੀ ਹੋਵੇ ਅਤੇ ਦੂਜਾ ਤਾਲਾਬ ਪਹਿਲੇ ਦੇ ਮੁਕ਼ਾਬਲੇ ਬਹੁਤ ਹੀ ਛੋਟਾ ਹੋਵੇ ਤਾਂ ਛਿਪੀਲਾਈ ਕਹਾਉਂਦਾ ਹੈ। ਭਾਵ ਪਹਿਲੇ ਤਾਲ ਦੇ ਪਿੱਛੇ ਲੁਕੀ ਹੋਈ ਤਲਾਈ।

ਪ੍ਰੰਤੂ ਜਿਹੜਾ ਤਾਲ ਸਾਹਮਣੇ ਹੈ ਅਤੇ ਸੋਹਣਾ ਵੀ, ਉਸਦਾ ਨਾਂ ਭਾਵੇਂ ਕੁੱਝ ਵੀ ਹੈ, ਉਸਨੂੰ ਸਗੁਰੀ ਤਾਲ ਕਹਿੰਦੇ ਸਨ। ਜਿਸ ਤਾਲ ਵਿੱਚ ਮਗਰਮੱਛ ਰਹਿੰਦੇ ਸਨ, ਉਸਦਾ ਨਾਂ ਭਾਵੇਂ ਕਿੰਨੇ ਵੱਡੇ ਰਾਜੇ ਦੇ ਨਾਂ ਉੱਤੇ ਹੋਵੇ ਲੋਕ ਉਸਨੂੰ ਆਪਣੀ ਸਾਵਧਾਨੀ ਲਈ ਚਿਤਾਵਨੀ ਵਜੋਂ ਮਗਰਾਤਾਲ, ਨਕਯਾ ਜਾਂ ਨਕਰਾ ਤਾਲ ਕਹਿੰਦੇ ਸਨ। ਨਕਰਾ ਸ਼ਬਦ ਸੰਸਕ੍ਰਿਤ ਦੇ ਨਕਰ ਭਾਵ ਮਗਰ ਤੋਂ ਬਣਿਆ ਹੈ। ਕੁੱਝ ਥਾਂ ਗਧਾ ਤਾਲ ਵੀ ਹਨ। ਇਨ੍ਹਾਂ ਵਿੱਚ ਮਗਰਮੱਛਾਂ ਵਾਂਗ ਗਧੇ ਨਹੀਂ ਰਹਿੰਦੇ ਸਨ। ਗਧਾ ਬੋਝ ਢੋਣ ਦਾ ਕੰਮ ਕਰਦਾ ਹੈ। ਇੱਕ ਗਧਾ ਮੋਟੀ ਰੱਸੀ ਜਿੰਨਾ ਬੋਝ ਚੁੱਕ ਲਵੇ, ਉਸਦੀ ਰੱਸੀ ਦੀ ਲੰਬਾਈ ਬਰਾਬਰ ਡੂੰਘਾ ਤਾਲ ਗਧਾ ਤਾਲਾਬ ਕਹਾਉਂਦਾ ਸੀ। ਕਦੀ-ਕਦੀ ਕੋਈ ਹਾਦਸਾ ਜਾਂ ਘਟਨਾ ਵੀ ਤਾਲਾਬ ਦਾ ਪੁਰਾਣਾ ਨਾਂ ਮਿਟਾ ਦਿੰਦੀ ਸੀ। ਕਈ ਥਾਵਾਂ ਉੱਤੇ ਬ੍ਰਾਹਮਣਮਾਰਾ ਤਾਲ ਮਿਲਦੇ ਹਨ। ਇਨ੍ਹਾਂ ਦਾ ਨਾਂ ਭਾਵੇਂ ਕੁੱਝ ਹੋਰ ਰਿਹਾ ਹੋਵੇਗਾ ਪਰ ਕਦੀ ਕਿਸੇ ਬਾਹਮਣ ਨਾਲ ਕੋਈ ਦੁਰਘਟਨਾ ਹੋਣ ਕਰਕੇ ਹੀ ਉਸਦਾ ਨਾਂ ਬ੍ਰਾਹਮਣਮਾਰਾ ਤਾਲਾਬ ਰੱਖਿਆ ਗਿਆ।

ਨਦੀਆਂ ਦੇ ਕੰਢੇ ਨਦੀਆ ਤਾਲ ਮਿਲਦੇ ਹਨ। ਅਜਿਹੇ ਤਾਲ ਆਪਣੇ ਆਗੌਰ ਤੋਂ ਨਹੀਂ ਬਲਕਿ ਨਦੀ ਦੇ ਹੜ੍ਹ ਦੇ ਪਾਣੀ ਨਾਲ ਭਰਦੇ ਸਨ। ਨਦੀਆਂ ਦੀ ਥਾਂ ਕਿਸੇ ਪਾਤਾਲੀ ਸਰੋਤ ਨਾਲ ਜੁੜੇ ਤਾਲ ਨੂੰ ਭੂਤੋੜ ਤਾਲ (ਧਰਤੀ ਤੋੜ) ਕਹਿੰਦੇ ਸਨ। ਅਜਿਹੇ ਤਾਲਾਬ ਉਨ੍ਹਾਂ ਥਾਵਾਂ ਵਿੱਚ ਜ਼ਿਆਦਾ ਸਨ ਜਿੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਉੱਚਾ ਹੁੰਦਾ ਸੀ। ਉੱਤਰੀ ਬਿਹਾਰ ਵਿੱਚ ਅੱਜ ਵੀ ਅਜਿਹੇ ਤਾਲਾਬ ਹਨ ਅਤੇ ਕੁੱਝ ਨਵੇਂ ਵੀ ਬਣਾਏ ਗਏ।

ਰੱਖ-ਰਖਾਅ ਦੇ ਚੰਗੇ ਦੌਰ ਵਿੱਚ ਵੀ ਕਦੀ-ਕਦੀ ਤਾਲਾਬ ਸਮਾਜ ਲਈ ਗ਼ੈਰ-ਜ਼ਰੂਰੀ ਹੋ ਜਾਂਦਾ ਸੀ। ਅਜਿਹੇ ਤਾਲਾਬਾਂ ਨੂੰ ਹਾਤੀ ਤਾਲ ਕਿਹਾ ਜਾਂਦਾ ਸੀ। ਹਾਤੀ ਸ਼ਬਦ ਸੰਸਕ੍ਰਿਤ ਦੇ ਹਤ ਸ਼ਬਦ ਤੋਂ ਬਣਿਆ ਹੈ, ਜਿਸਦਾ ਅਰਥ ਹੈ ਨਸ਼ਟ ਹੋ ਜਾਣਾ। 'ਹਤ ਤੇਰੇ ਕੀ' ਵਰਗੇ ਚਾਲੂ ਇਸਤੇਮਾਲ ਵਿੱਚ ਇਹ ਸ਼ਬਦ 'ਹਤ ਤੇਰੀ



ਕਿਸਮਤ ਦੀ' ਭਾਵ ਤੂੰ 'ਬੇ-ਭਾਗ ਹੋ ਜਾਵੇਂ' ਜਿਹੇ ਅਰਥਾਂ ਵਿੱਚ ਹੈ। ਇਸੇ ਕਰਕੇ ਹਾਤੀ ਤਾਲ ਛੱਡ ਦਿੱਤੇ ਗਏ ਤਾਲਾਬਾਂ ਲਈ ਅਪਣਾਇਆ ਗਿਆ ਨਵਾਂ ਨਾਂ ਹੈ। ਪਰ ਹਾਥੀ ਤਾਲ ਬਿਲਕੁਲ ਅਲੱਗ ਨਾਂ ਹੈ, ਅਜਿਹਾ ਤਾਲਾਬ ਜਿਸਦੀ ਡੂੰਘਾਈ ਹਾਥੀ ਜਿੰਨੀ ਹੋਵੇ।

ਫੇਰ ਹਾਤੀ ਤਾਲ ਵੱਲ ਮੁੜੀਏ। ਇਹ ਨਾਂ ਸੰਸਕ੍ਰਿਤ ਤੋਂ ਲੰਮਾ ਸਫ਼ਰ ਤੈਅ ਕਰ ਕੇ, ਥੱਕਿਆ-ਹਾਰਿਆ ਦਿੱਸਦਾ ਹੋਵੇ ਤਾਂ, ਸਿੱਧੀ ਬੋਲੀ ਵਿੱਚ ਤਾਜ਼ੇ ਨਾਂ ਨਿੱਕਲ ਆਉਂਦੇ ਸਨ। ਫੁੱਟਾ ਤਾਲ, ਫੁਟੇਰਾ ਤਾਲ ਵੀ ਕਈ ਥਾਈਂ ਮਿਲ ਜਾਂਦੇ ਹਨ।

ਜਿਸ ਨਦੀ ਉੱਤੇ ਕਦੀ ਜਨਵਾਸਾ ਬਣ ਗਿਆ, ਪਿੰਡ ਦੀਆਂ ਦਸ-ਬਾਰਾਂ ਬਾਰਾਤਾਂ ਰੁਕ ਗਈਆਂ, ਉਸਦਾ ਨਾਂ ਬਾਰਾਤੀ ਤਾਲ ਹੋ ਗਿਆ। ਪਰ ਮਿਥਿਲਾ (ਬਿਹਾਰ) ਦਾ ਦੁਲਹਾ ਤਾਲ ਇੱਕ ਖ਼ਾਸ ਅਤੇ ਵਿਸ਼ੇਸ਼ ਤਾਲ ਹੈ। ਮਿਥਿਲਾ ਸੀਤਾ ਜੀ ਦਾ ਪੇਕਾ ਪਿੰਡ ਹੈ। ਉਨ੍ਹਾਂ ਦੀ ਯਾਦ ਵਿੱਚ ਇੱਥੇ ਅੱਜ ਵੀ ਸਵੰਬਰ ਹੁੰਦੇ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਅੱਜ ਵਰ ਦੀ ਚੋਣ ਕੰਨਿਆ ਨਹੀਂ, ਸਗੋਂ ਕੰਨਿਆ ਵਾਲੇ ਕਰਦੇ ਹਨ। ਦੁਲਹਾ ਤਾਲ ਉੱਤੇ ਕੁੱਝ ਵਿਸ਼ੇਸ਼ ਤਿਥਾਂ ਨੂੰ ਮੁੰਡੇ ਵਾਲੇ ਆਪਣੇ ਮੁੰਡੇ ਲੈ ਕੇ ਜਮ੍ਹਾਂ ਹੁੰਦੇ ਹਨ। ਫੇਰ ਕੁੜੀ ਵਾਲੇ ਉਨ੍ਹਾਂ ਵਿੱਚੋਂ ਆਪਣੀਆਂ ਕੁੜੀਆਂ ਲਈ ਵਰ ਲੱਭ ਲੈਂਦੇ ਹਨ। ਛੱਤੀਸਗੜ੍ਹ ਵਿੱਚ ਵੀ ਕੁੱਝ ਅਜਿਹੇ ਤਾਲ ਹਨ। ਜਿਨ੍ਹਾਂ ਦਾ ਨਾਂ ਦੁਲਹਰਾ ਤਾਲ ਹੈ।

**ਰੱਖ-ਰਖਾਅ ਦੇ ਚੰਗੇ ਦੌਰ ਵਿੱਚ ਕੋਈ ਵੀ ਤਾਲਾਬ ਸਮਾਜ ਲਈ ਗ਼ੈਰ-ਜ਼ਰੂਰੀ ਹੋ ਜਾਂਦਾ ਸੀ। ਅਜਿਹੇ ਤਾਲਾਬਾਂ ਨੂੰ ਹਾਤੀ ਤਾਲ ਕਿਹਾ ਜਾਂਦਾ ਸੀ। ਹਾਤੀ ਸ਼ਬਦ ਸੰਸਕ੍ਰਿਤ ਦੇ ਹਤ ਸ਼ਬਦ ਤੋਂ ਬਣਿਆ ਹੈ, ਇਸਦਾ ਅਰਥ ਹੈ ਨਸ਼ਟ ਹੋ ਜਾਣਾ। 'ਹਤ ਤੇਰੇ ਕੀ' ਜਿਹੇ ਚਾਲੂ ਇਸਤੇਮਾਲ ਵਿੱਚ ਇਹ ਸ਼ਬਦ 'ਹਤ ਤੇਰੀ ਕਿਸਮਤ ਦੀ' ਭਾਵ ਤੂੰ 'ਬੇ-ਭਾਗ ਹੋ ਜਾਵੇਂ' ਜਿਹੇ ਅਰਥਾਂ ਵਿੱਚ ਹੈ।**

ਕਈ ਤਾਲਾਬਾਂ ਦੇ ਨਾਂ ਲੰਮੀਆਂ-ਲੰਮੀਆਂ ਕਹਾਣੀਆਂ ਵਿੱਚੋਂ ਨਿਕਲਦੇ ਹਨ। ਲੰਮੇ ਸਮੇਂ ਤੱਕ ਇਨ੍ਹਾਂ ਤਾਲਾਬਾਂ ਨੇ ਸਮਾਜ ਦੀ ਸੇਵਾ ਕੀਤੀ ਹੈ ਅਤੇ ਲੋਕਾਂ ਨੇ ਵੀ ਲੰਮੇ ਸਮੇਂ ਤੱਕ ਤਾਲਾਬਾਂ ਦੀਆਂ ਕਹਾਣੀਆਂ ਨੂੰ ਉਸੇ ਤਰ੍ਹਾਂ ਯਾਦ ਰੱਖਿਆ ਹੈ। ਅਜਿਹੇ ਤਾਲਾਬਾਂ ਵਿੱਚੋਂ ਇੱਕ ਅਜੀਬੋ-ਗ਼ਰੀਬ ਨਾਂ ਹੈ, 'ਹਾ-ਹਾ ਪੰਚਕੁਮਾਰੀ ਤਾਲ'। ਬਿਹਾਰ ਵਿੱਚ ਮੁੰਗੇਰ ਦੇ ਕੋਲ ਇਹ ਤਾਲਾਬ ਇੱਕ ਉੱਚੇ ਪਹਾੜ ਦੇ ਥੱਲੇ ਬਣਿਆ ਹੈ। ਕਹਾਣੀ ਵਿੱਚ ਰਾਜਾ ਹੈ, ਉਸਦੀਆਂ ਪੰਜ ਕੁੜੀਆਂ ਹਨ, ਜਿਹੜੀਆਂ ਕਿਸੇ ਕਾਰਨ ਉੱਚੇ ਪਹਾੜ ਤੋਂ ਤਾਲਾਬ ਵਿੱਚ ਡੁੱਬ ਕੇ ਜਾਨ ਗੁਆ ਦਿੰਦੀਆਂ ਹਨ। ਉਨ੍ਹਾਂ ਪੰਜਾਂ ਦੇ ਸੋਗ ਵਿੱਚ ਤਾਲਾਬ ਦਾ ਅਸਲ ਨਾਂ ਵੀ ਡੁੱਬ ਗਿਆ ਅਤੇ ਲੋਕਾਂ ਨੇ ਉਸਨੂੰ ਹਾ-ਹਾ ਪੰਚਕੁਮਾਰੀ ਦੇ ਨਾਂ ਨਾਲ ਹੀ ਯਾਦ ਰੱਖਿਆ ਹੈ।

ਬਿਹਾਰ ਵਿੱਚ ਲੱਖੀਸਰਾਏ ਖੇਤਰ ਦੇ ਆਲੇ-ਦੁਆਲੇ ਕਦੀ 365 ਤਾਲ ਇੱਕੋ ਝਟਕੇ ਵਿੱਚ ਬਣੇ ਸਨ। ਕਹਾਣੀ ਦੱਸਦੀ ਹੈ ਕਿ ਕੋਈ ਰਾਣੀ ਸੀ ਜਿਹੜੀ ਹਰ ਦਿਨ


ਇੱਕ ਨਵੇਂ ਤਾਲਾਬ ਵਿੱਚ ਇਸ਼ਨਾਨ ਕਰਨਾ ਚਾਹੁੰਦੀ ਸੀ। ਇਸ ਅਜੀਬ ਆਦਤ ਨੇ ਪੂਰੇ ਖੇਤਰ ਨੂੰ ਤਾਲਾਬਾਂ ਨਾਲ ਭਰ ਦਿੱਤਾ। ਇਸ ਕਹਾਣੀ ਦੇ ਕੋਈ ਸੌ ਤਾਲਾਬ ਤਾਂ ਅੱਜ ਵੀ ਉੱਥੇ ਮਿਲ ਜਾਣਗੇ। ਇਨ੍ਹਾਂ ਤਾਲਾਬਾਂ ਕਾਰਨ ਹੀ ਉਸ ਇਲਾਕ਼ੇ ਵਿੱਚ ਪਾਣੀ ਦਾ ਪੱਧਰ ਬੇਹੱਦ ਉੱਚਾ ਹੈ।

ਪੋਖਰ ਸ਼ਬਦ ਅਕਸਰ ਛੋਟੇ ਤਾਲਾਬਾਂ ਲਈ ਕੰਮ ਆਉਂਦਾ ਹੈ, ਪਰ ਬਰਸਾਨੇ (ਮਥੁਰਾ) ਵਿੱਚ ਇਹ ਇੱਕ ਵੱਡੇ ਤਾਲਾਬ ਨਾਲ ਵੀ ਜੋੜਿਆ ਗਿਆ। ਰਾਧਾ ਜੀ ਦੇ ਹੱਥਾਂ ਦੀ ਹਲਦੀ ਧੋਣ ਦਾ ਕ਼ਿੱਸਾ ਹੈ। ਪੋਖਰ ਦਾ ਪਾਣੀ ਪੀਲਾ ਹੋ ਗਿਆ। ਨਾਂ ਪੈ ਗਿਆ ਪੀਲੀ ਪੋਖਰ। ਰੰਗ ਤੋਂ ਸਵਾਦ ਵੱਲ ਚੱਲੀਏ। ਮਹਾਰਾਸ਼ਟਰ ਦੇ ਮਹਾੜ ਇਲਾਕ਼ੇ ਵਿੱਚ ਇੱਕ ਤਾਲਾਬ ਦਾ ਪਾਣੀ ਇੰਨਾ ਸੁਆਦੀ ਸੀ ਕਿ ਉਸਦਾ ਨਾਂ ਹੀ ਚਵਦਾਰ ਤਾਲ ਭਾਵ ਜ਼ਾਇਕ਼ੇਦਾਰ ਤਾਲਾਬ ਹੋ ਗਿਆ। ਸਮਾਜ ਦੇ ਪਤਨ ਦੇ ਦੌਰ ਵਿੱਚ ਇਸ ਤਾਲਾਬ ਉੱਤੇ ਕੁੱਝ ਜਾਤੀਆਂ ਦੇ ਆਉਣ ਦੀ ਮਨਾਹੀ ਹੋ ਚੁੱਕੀ ਸੀ। ਸੰਨ 1927 ਵਿੱਚ ਚਵਦਾਰ ਤਾਲ ਤੋਂ ਹੀ ਭੀਮਰਾਓ ਅੰਬੇਦਕਰ ਨੇ ਅਛੂਤਾਂ ਲਈ ਅੰਦੋਲਨ ਸ਼ੁਰੂ ਕੀਤਾ ਸੀ। ਅਜੀਬੋ-ਗ਼ਰੀਬ ਤਾਲਾਬਾਂ ਵਿੱਚ ਆਬੂ-ਪਰਬਤ (ਰਾਜਸਥਾਨ) ਦੇ ਕੋਲ ਨਖੀ ਸਰੋਵਰ ਵੀ ਹੈ, ਜਿਸਦੇ ਬਾਰੇ ਕਿਹਾ ਜਾਂਦਾ ਹੈ ਕਿ ਇਸਨੂੰ ਦੇਵਤਿਆਂ ਅਤੇ ਰਿਸ਼ੀਆਂ ਨੇ ਆਪਣੇ ਨਹੁੰਆਂ ਨਾਲ ਹੀ ਪੁੱਟ ਦਿੱਤਾ ਸੀ। ਜਿਸ ਸਮਾਜ ਵਿੱਚ ਸਾਧਾਰਣ ਮੰਨੇ ਜਾਣ ਵਾਲੇ ਲੋਕ ਵੀ ਤਾਲਾਬ ਬਣਾਉਣ ਤੋਂ ਪਿੱਛੇ ਨਹੀਂ ਹਟਦੇ ਸਨ, ਉੱਥੇ ਦੇਵਤਿਆਂ ਦਾ ਯੋਗਦਾਨ ਸਿਰਫ਼ ਇੱਕ ਤਾਲਾਬ ਦਾ ਕਿਵੇਂ ਹੋ ਸਕਦਾ ਸੀ?

ਗੜ੍ਹਵਾਲ ਵਿੱਚ ਸਹਿਸਤਰ ਤਾਲ ਨਾਂ ਦੇ ਇੱਕ ਖੇਤਰ ਵਿੱਚ ਸੈਂਕੜੇ ਤਾਲਾਬ ਹਨ। ਹਿਮਾਲਾ ਦਾ ਇਹ ਇਲਾਕ਼ਾ 10 ਹਜ਼ਾਰ ਤੋਂ 13 ਹਜ਼ਾਰ ਫੁੱਟ ਦੀ ਉਚਾਈ ਉੱਤੇ ਹੈ। ਉੱਥੇ ਕੁਦਰਤ ਦਾ ਇੱਕ ਰੂਪ ਬਨਸਪਤੀ ਵਿਦਾ ਲੈਣ ਦੀ ਤਿਆਰੀ ਕਰਦਾ ਹੈ, ਦੂਜਾ ਹਿਮ ਰੂਪ ਆਪਣਾ ਰਾਜ ਜਮਾਉਣ ਦੀ। ਨੇੜੇ-ਤੇੜੇ ਕੋਈ ਆਬਾਦੀ ਨਹੀਂ। ਨੇੜੇ ਤੋਂ ਨੇੜੇ ਦਾ ਪਿੰਡ 5 ਹਜ਼ਾਰ ਫੁੱਟ ਥੱਲੇ ਹੈ, ਜਿੱਥੇ ਦੇ ਲੋਕ ਦੱਸਦੇ ਹਨ ਕਿ ਸਹਿਸਤਰ ਤਾਲ ਉਨ੍ਹਾਂ ਨੇ ਨਹੀਂ, ਸਗੋਂ ਦੇਵਤਿਆਂ ਨੇ ਹੀ ਬਣਾਏ ਸਨ।

ਜੈਪੁਰ ਦੇ ਕੋਲ ਬਣਿਆ ਗੋਲਾ ਤਾਲ ਬੇਹੱਦ ਅਜੀਬ ਘਟਨਾਵਾਂ ਵਿੱਚੋਂ ਨਿਕਲੇ ਤਾਲਾਬਾਂ ਵਿੱਚੋਂ ਸੱਚਮੁੱਚ ਸਚਿੱਤਰ ਵਰਨਣ ਕਰਨ ਯੋਗ ਹੈ। ਇਹ ਗੋਲ ਹੈ, ਸਿਰਫ਼ ਇਸੇ ਕਰਕੇ ਇਸ ਦਾ ਨਾਂ ਗੋਲ ਨਹੀਂ ਪਿਆ। ਕਿਹਾ ਜਾਂਦਾ ਹੈ ਕਿ ਇਹ ਇੱਕ ਤੋਪ ਦੇ ਗੋਲੇ ਤੋਂ ਬਣਿਆ ਸੀ। ਉਦੋਂ ਜੈਪੁਰ ਸ਼ਹਿਰ ਵਸਿਆ ਨਹੀਂ ਸੀ। ਰਾਜਧਾਨੀ ਸੀ ਆਮੇਰ। ਜੈਗੜ੍ਹ ਦੇ ਰਾਜਾ ਨੇ ਜੈਬਾਣ ਨਾਂ ਦੀ ਇੱਕ ਵੱਡੀ ਤੋਪ ਬਣਵਾਈ ਸੀ। ਉਸਦੀ ਮਾਰਕ ਸ਼ਕਤੀ ਕਾਫ਼ੀ ਜ਼ਿਆਦਾ ਸੀ। ਉਸਦਾ ਗੋਲਾ 20 ਮੀਲ ਤੱਕ ਜਾ ਸਕਦਾ ਸੀ। ਤੋਪ ਜੈਗੜ੍ਹ ਕ਼ਿਲ੍ਹੇ ਦੇ ਅੰਦਰ ਹੀ ਬਣੇ ਤੋਪਖ਼ਾਨੇ ਵਿੱਚ ਤਾਇਨਾਤ ਕੀਤੀ ਗਈ ਸੀ। ਮਾਰਕ ਸ਼ਕਤੀ ਪਰਖਣ ਲਈ ਇਸੇ ਕ਼ਿਲ੍ਹੇ ਦੇ ਇੱਕ ਬੁਰਜ ਤੋਂ ਇੱਕ ਗੋਲਾ ਸੁੱਟਿਆ ਗਿਆ। ਗੋਲਾ ਡਿੱਗਿਆ 20 ਮੀਲ ਦੂਰ ਚਾਕਸੂ ਨਾਂ ਦੇ ਇੱਕ ਸਥਾਨ ਉੱਤੇ।





ਇਸੇ ਜੈਬਾਣ ਨੇ ਦਾਗਿਆ ਸੀ ਗੋਲਾ ਜਿਸ ਤੋਂ ਬਣਿਆ ਗੋਲਾਤਾਲ

ਧਮਾਕਾ ਇੰਨਾ ਜ਼ੋਰਦਾਰ ਸੀ ਕਿ ਇੱਕ ਚੌੜਾ ਅਤੇ ਡੂੰਘਾ ਟੋਆ ਪੁੱਟਿਆ ਗਿਆ। ਅਗਲੀ ਬਰਸਾਤ ਵਿੱਚ ਇਸ ਵਿੱਚ ਪਾਣੀ ਭਰਿਆ ਫੇਰ ਇਹ ਕਦੇ ਸੁੱਕਿਆ ਨਹੀਂ। ਇਸ ਤਰ੍ਹਾਂ ਜੈਬਾਣ ਤੋਪ ਨੇ ਬਣਾਇਆ ਗੋਲਾ ਤਾਲ। ਜੈਬਾਣ ਤੋਪ ਫੇਰ ਕਦੀ ਚੱਲੀ ਨਹੀਂ। ਧਮਾਕੇ ਤੋਂ ਬਾਅਦ ਹੀ ਸ਼ਾਂਤੀ ਸਥਾਪਿਤ ਹੋ ਗਈ। ਕਹਿੰਦੇ ਨੇ ਇਸ ਤੋਂ ਬਾਅਦ ਕਿਸੇ ਨੇ ਇਸ ਪਾਸੇ ਦੁਬਾਰਾ ਹਮਲਾ ਕਰਨ ਦੀ ਜੁਰਅਤ ਨਹੀਂ ਕੀਤੀ। ਗੋਲਾ ਤਾਲ ਅੱਜ ਵੀ ਭਰਿਆ ਹੈ ਅਤੇ ਚਾਕਸੂ ਕ਼ਸਬੇ ਨੂੰ ਪਾਣੀ ਦੇ ਰਿਹਾ ਹੈ। ਅਣੂ ਬੰਬ ਜਾਂ ਅਣੂ ਸ਼ਕਤੀ ਦੀ ਸ਼ਾਂਤੀ ਲਈ ਵਰਤੋਂ ਦੀ ਗੱਲ ਬਹੁਤ ਹੋਈ ਹੈ, ਇਸੇ ਰਾਜਸਥਾਨ ਦੇ ਪੋਖਰਨ ਵਿੱਚ ਉਸਦਾ ਵਿਸਫ਼ੋਟ ਹੋਇਆ, ਪਰ ਕੋਈ ਗੋਲਾ ਤਾਲਾਬ ਨਹੀਂ ਬਣਿਆ। ਬਣਦਾ ਤਾਂ ਵਿਕਿਰਣਾਂ ਦੇ ਕਾਰਨ ਨੁਕਸਾਨ ਵੀ ਬਹੁਤ ਪੁੱਜਦਾ।

ਕਦੀ-ਕਦੀ ਕਿਸੇ ਇਲਾਕ਼ੇ ਵਿੱਚ ਕੋਈ-ਕੋਈ ਇੱਕ ਤਾਲਾਬ ਲੋਕਾਂ ਦੇ ਮਨ ਵਿੱਚ ਹੋਰਨਾਂ ਤੋਂ ਜ਼ਿਆਦਾ ਛਾ ਜਾਂਦਾ, ਉਦੋਂ ਉਸਦਾ ਨਾਂ ਝੂਮਰ ਤਾਲ ਹੋ ਜਾਂਦਾ। ਝੂਮਰ ਸਿਰ ਦੇ ਇੱਕ ਗਹਿਣੇ ਦਾ ਨਾਂ ਹੈ। ਝੂਮਰ ਤਾਲ ਉਸ ਖੇਤਰ ਦਾ ਸਿਰ ਉੱਚਾ ਕਰ ਦਿੰਦਾ। ਜਿਵੇਂ ਆਪਾਂ ਪਿਆਰ ਵਿੱਚ ਬੇਟੇ ਨੂੰ ਬੇਟੀ ਕਹਿਣ ਲੱਗ ਜਾਂਦੇ ਹਾਂ, ਉਸੇ ਤਰ੍ਹਾਂ ਝੂਮਰੀ ਤਲੈਯਾ ਕਹਿਣ ਲੱਗੇ। ਬਿਲਕੁਲ ਵੱਖ ਕਾਰਨਾਂ ਕਰਕੇ ਇੱਕ ਝੂਮਰੀ ਤਲੈਯਾ ਦਾ ਨਾਂ ਵਿਵਿਧ ਭਾਰਤੀ ਦੇ ਕਾਰਨ ਘਰ-ਘਰ ਪੁੱਜ ਗਿਆ ਸੀ। ਭਾਰਤੀ, ਭਾਸ਼ਾ ਦੀ ਵੰਨ-ਸੁਵੰਨਤਾ, ਤਾਲ-ਤਲੈਯਾਂ ਦੀ ਇਹ ਵੰਨ-ਸੁਵੰਨਤਾ ਸਮਾਜ ਦਾ ਸਿਰ ਉੱਚਾ ਕਰਦੀ ਸੀ।

# ਮ੍ਰਿਗ-ਤ੍ਰਿਸ਼ਨਾ ਝੁਠਲਾਉਂਦੇ ਤਾਲਾਬ

ਦੇਸ਼ ਭਰ ਵਿੱਚ ਪਾਣੀ ਦਾ ਕੰਮ ਕਰਨ ਵਾਲਾ ਇਹ ਮੱਥਾ ਰੇਗ਼ਿਸਤਾਨ ਵਿੱਚ ਮ੍ਰਿਗ-ਤ੍ਰਿਸ਼ਨਾ ਨਾਲ ਘਿਰ ਗਿਆ ਸੀ।

ਇਹ ਖੇਤਰ ਸਭ ਤੋਂ ਸੁੱਕਾ ਅਤੇ ਸਭ ਤੋਂ ਗਰਮ ਹੈ। ਇੱਥੇ ਸਾਲ ਭਰ ਵਿੱਚ ਕੋਈ 3 ਇੰਚ ਤੋਂ 12 ਇੰਚ ਤੱਕ ਮੀਂਹ ਵਰ੍ਹਦਾ ਹੈ। ਜੈਸਲਮੇਰ, ਬਾੜਮੇਰ ਅਤੇ ਬੀਕਾਨੇਰ ਵਿੱਚ ਕਦੇ-ਕਦੇ ਪੂਰਾ ਸਾਲ ਸਿਰਫ਼ ਇੰਨਾ ਹੀ ਮੀਂਹ ਪੈਂਦਾ ਹੈ, ਜਿੰਨਾ ਦੇਸ਼ ਦੇ ਬਾਕ਼ੀ ਹਿੱਸਿਆਂ ਵਿੱਚ ਸਿਰਫ਼ ਇੱਕ ਦਿਨ ਵਿੱਚ ਹੀ ਪੈ ਜਾਂਦਾ ਹੈ। ਸੂਰਜ ਵੀ ਇੱਥੇ ਸਭ ਤੋਂ ਜ਼ਿਆਦਾ ਚਮਕਦਾ ਹੈ। ਗਰਮੀ ਦੀ ਰੁੱਤ ਵਿੱਚ ਲਗਦਾ ਹੈ ਕਿ ਗਰਮੀ ਇੱਥੋਂ ਹੀ ਦੇਸ਼ ਵਿੱਚ ਪ੍ਰਵੇਸ਼ ਕਰਦੀ ਹੈ ਅਤੇ ਬਾਕ਼ੀ ਸੂਬਿਆਂ ਵਿੱਚ ਹਾਜ਼ਰੀ ਲਾ ਕੇ ਵਾਪਸ ਇੱਥੇ ਹੀ ਪਰਤ ਆਉਂਦੀ ਹੈ। ਜੇ ਤਾਪਮਾਨ 50 ਡਿਗਰੀ ਤੱਕ ਨਾ ਪੁੱਜੇ ਤਾਂ ਮਾਰੂ ਖੇਤਰ ਦੇ ਲੋਕਾਂ ਦੇ ਮਨ ਵਿੱਚ ਉਸਦਾ ਆਦਰ ਘਟ ਜਾਂਦਾ ਹੈ। ਭੂਮੀ ਹੇਠਲਾ ਪਾਣੀ ਵੀ ਇੱਥੇ ਹੀ ਸਭ ਤੋਂ ਡੂੰਘਾ ਹੈ। ਪਾਣੀ ਦੀ ਘਾਟ ਨੂੰ ਰਾਜਸਥਾਨ ਦਾ ਸੁਭਾਅ ਮੰਨਿਆ ਗਿਆ ਹੈ। ਪਰ ਇੱਥੋਂ ਦੇ ਸਮਾਜ ਨੇ ਇਸ ਨੂੰ ਕਿਸੇ ਸਰਾਪ ਵਾਂਗ ਨਹੀਂ, ਸਗੋਂ ਕੁਦਰਤ ਦੀ ਇੱਕ ਵੱਡੀ ਖੇਡ ਵਾਂਗ ਲਿਆ ਅਤੇ ਇੱਕ ਬੇਹੱਦ ਕੁਸ਼ਲ ਖਿਡਾਰੀ ਵਾਂਗ ਸਜਧਜ ਕੇ ਇਸ ਖੇਡ ਵਿੱਚ ਸ਼ਾਮਿਲ ਹੋ ਗਿਆ।

ਚਾਰੇ ਪਾਸਿਉਂ ਮ੍ਰਿਗ-ਤ੍ਰਿਸ਼ਨਾ ਨਾਲ ਘਿਰੇ ਤਪਦੇ ਇਸ ਮਾਰੂਥਲ ਦੇ ਜੀਵਨ ਦੀ ਇੱਕ ਜਿਉਂਦੀ ਜਾਗਦੀ ਨੀਂਹ ਰੱਖਦੇ ਸਮੇਂ ਇੱਥੋਂ ਦੇ ਸਮਾਜ ਨੇ ਪਾਣੀ ਨਾਲ ਜੁੜੀਆਂ ਛੋਟੀਆਂ ਤੋਂ ਛੋਟੀਆਂ ਗੱਲਾਂ-ਬਾਤਾਂ ਦੀ ਪਰਖ ਵੀ ਚੰਗੀ ਤਰ੍ਹਾਂ ਕੀਤੀ ਹੋਵੇਗੀ। ਪਾਣੀ ਦੇ ਮਾਮਲੇ ਵਿੱਚ ਹਰ ਮੁਸ਼ਕਿਲ ਸਥਿਤੀ ਵਿੱਚ ਵੀ ਉਸਨੇ ਜੀਵਨ ਦਾ ਗੀਤ ਗਾਉਣ ਦੀ ਕੋਸ਼ਿਸ਼ ਕੀਤੀ ਅਤੇ ਮ੍ਰਿਗ-ਤ੍ਰਿਸ਼ਨਾ ਨੂੰ ਝੁਠਲਾਉਂਦਿਆਂ ਹੋਇਆਂ ਥਾਂ-ਥਾਂ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ।

ਜਿੱਥੇ ਤਾਲਾਬ ਨਹੀਂ, ਪਾਣੀ ਨਹੀਂ, ਉੱਥੇ ਪਿੰਡ ਨਹੀਂ। ਤਾਲਾਬ ਦਾ ਕੰਮ ਪਹਿਲਾਂ ਹੋਵੇਗਾ, ਫੇਰ ਉਸਨੂੰ ਆਧਾਰ ਬਣਾ ਕੇ ਪਿੰਡ ਵਸੇਗਾ। ਮਾਰੂਥਲ ਵਿੱਚ ਵਸੇ ਹਜ਼ਾਰਾਂ



ਪਿੰਡਾਂ ਦਾ ਨਾਂ ਉੱਥੇ ਬਣੇ ਤਾਲਾਬਾਂ ਨਾਲ ਜੁੜਿਆ ਹੈ। ਬੀਕਾਨੇਰ ਜ਼ਿਲ੍ਹੇ ਦੀ ਬੀਕਾਨੇਰ ਤਹਿਸੀਲ ਵਿੱਚ 64, ਕੋਲਾਯਤ ਤਹਿਸੀਲ ਵਿੱਚ 20 ਅਤੇ ਨੋਖਾ ਖੇਤਰ ਵਿੱਚ 123 ਪਿੰਡਾਂ ਦੇ ਨਾਂ 'ਸਰ' ਉੱਤੇ ਆਧਾਰਿਤ ਹਨ। ਇੱਕ ਤਹਿਸੀਲ ਲੂਣਕਰਣਸਰ ਦੇ ਨਾਂ ਵਿੱਚ ਵੀ ਸ਼ਬਦ 'ਸਰ' ਆਉਂਦਾ ਹੈ ਅਤੇ ਇੱਥੇ ਬਾਕ਼ੀ 45 ਪਿੰਡਾਂ ਦਾ ਨਾਂ 'ਸਰ' ਉੱਤੇ ਹੀ ਹੈ। ਬਾਕ਼ੀ ਪਿੰਡਾਂ ਦਾ ਨਾਂ ਜੇਕਰ 'ਸਰ' ਉੱਤੇ ਨਹੀਂ, ਉਨ੍ਹਾਂ ਪਿੰਡਾਂ ਵਿੱਚ ਤਾਲਾਬ ਜ਼ਰੂਰ ਮਿਲ ਜਾਣਗੇ। ਦੋ-ਚਾਰ ਅਜਿਹੇ ਪਿੰਡ ਵੀ ਹਨ, ਜਿਨ੍ਹਾਂ ਦੇ ਨਾਂ ਨਾਲ 'ਸਰ' ਹੈ, ਪਰ ਉੱਥੇ ਸਰੋਵਰ ਨਹੀਂ। ਪਿੰਡ ਵਿੱਚ ਸਰੋਵਰ ਬਣ ਜਾਵੇ, ਅਜਿਹੀ ਇੱਛਾ ਪਿੰਡ ਦੇ ਨਾਮਕਰਣ ਸਮੇਂ ਸਭ ਦੀ ਹੁੰਦੀ ਸੀ। ਠੀਕ ਉਸੇ ਤਰ੍ਹਾਂ ਜਿਵੇਂ ਪੁੱਤਰ ਦਾ ਨਾਂ ਰਾਮ ਕੁਮਾਰ, ਬੇਟੀ ਦਾ ਨਾਂ ਪਾਰਵਤੀ ਆਦਿ ਰੱਖਦੇ ਸਮੇਂ ਮਾਂ-ਪਿਓ ਆਪਣੀ ਔਲਾਦ ਵਿੱਚ ਅਜਿਹੇ ਗੁਣਾਂ ਦੀ ਇੱਛਾ ਰੱਖਦੇ ਹਨ।

ਜ਼ਿਆਦਾਤਰ ਪਿੰਡਾਂ ਵਿੱਚ ਲੋਕਾਂ ਨੇ ਮਿਲ ਕੇ ਤਾਲਾਬ ਬਣਾਉਣ ਦਾ ਫ਼ਰਜ਼ ਪੂਰਾ ਕਰ ਲਿਆ ਸੀ ਅਤੇ ਜਿੱਥੇ ਕਿਤੇ ਕਿਸੇ ਕਾਰਨ ਇਹ ਪੂਰਾ ਨਹੀਂ ਸੀ ਹੋ ਸਕਿਆ, ਉੱਥੇ ਨੇੜਲੇ ਭਵਿੱਖ ਵਿੱਚ ਪੂਰਾ ਹੁੰਦੇ ਵੇਖਣ ਦੀ ਕਾਮਨਾ ਨੇ ਹੀ ਮਾਰੂਥਲ ਦੇ ਸਮਾਜ ਨੂੰ ਪਾਣੀ ਦੇ ਮਾਮਲੇ ਵਿੱਚ ਇੱਕ ਮਜ਼ਬੂਤ ਸੰਗਠਨ ਵਿੱਚ ਬੰਨ੍ਹ ਦਿੱਤਾ ਸੀ।

ਰਾਜਸਥਾਨ ਦੇ 11 ਜ਼ਿਲ੍ਹਿਆਂ ਜੈਸਲਮੇਰ, ਬਾੜਮੇਰ, ਜੋਧਪੁਰ, ਪਾਲੀ, ਬੀਕਾਨੇਰ, ਚੁਰੂ, ਸ਼੍ਰੀ ਗੰਗਾ ਨਗਰ, ਝੁੰਝੁਨੂੰ, ਜਾਲੌਰ ਅਤੇ ਸੀਕਰ ਵਿੱਚ ਮਾਰੂਥਲ ਫੈਲਿਆ ਹੋਇਆ ਹੈ। ਇਨ੍ਹਾਂ ਵਿੱਚੋਂ ਜੈਸਲਮੇਰ, ਬਾੜਮੇਰ, ਬੀਕਾਨੇਰ ਵਿੱਚ ਮਾਰੂਥਲ ਦੇ ਤੀਬਰ ਰੂਪ ਦੇ ਦਰਸ਼ਨ ਹੁੰਦੇ ਹਨ। ਇੱਥੇ ਦੇਸ਼ ਦੀ ਸਭ ਤੋਂ ਘੱਟ ਵਰਖਾ ਹੁੰਦੀ ਹੈ, ਸਭ ਤੋਂ ਵੱਧ ਗਰਮੀ ਪੈਂਦੀ ਹੈ, ਰੇਤ ਦੀਆਂ ਤੇਜ਼ ਹਨੇਰੀਆਂ ਚੱਲਦੀਆਂ ਹਨ ਅਤੇ ਖੰਭ ਲਾ ਕੇ ਉੱਡਣ ਵਾਲੇ ਰੇਤ ਦੇ ਵਿਸ਼ਾਲ ਟਿੱਬੇ ਹਨ। ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਿੱਚ ਪਾਣੀ ਦੀ ਘਾਟ ਸਭ ਤੋਂ ਵੱਧ ਹੋਣੀ ਚਾਹੀਦੀ ਸੀ, ਪਰ ਮਾਰੂਥਲ ਦੇ ਇਨ੍ਹਾਂ ਪਿੰਡਾਂ ਦਾ ਜ਼ਿਕਰ ਕਰਦੇ ਹੋਏ

**ਪਾਣੀ ਦੇ ਮਾਮਲੇ ਦੀ ਹਰ ਮੁਸ਼ਕਿਲ ਸਥਿਤੀ ਵਿੱਚ ਵੀ ਉਸਨੇ ਜੀਵਨ ਦਾ ਗੀਤ ਗਾਉਣ ਦੀ ਕੋਸ਼ਿਸ਼ ਕੀਤੀ ਅਤੇ ਮ੍ਰਿਗ-ਤ੍ਰਿਸ਼ਨਾ ਨੂੰ ਝੁਠਲਾਉਂਦਿਆਂ ਹੋਇਆਂ ਥਾਂ-ਥਾਂ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ।**


ਜਨਸੰਖਿਆ ਦੀ ਰਿਪੋਰਟ ਨੂੰ ਵੀ ਯਕ਼ੀਨ ਨਹੀਂ ਆਉਂਦਾ ਕਿ ਲਗਭਗ ਸਾਰੇ ਪਿੰਡਾਂ ਵਿੱਚ ਪਾਣੀ ਦਾ ਪੂਰਾ ਪ੍ਰਬੰਧ ਹੈ। ਇਹ ਪ੍ਰਬੰਧ ਮਰੂਭੂਮੀ ਦੇ ਸਮਾਜ ਨੇ ਆਪਣੇ ਦਮ ਉੱਤੇ ਕੀਤਾ ਸੀ। ਇਹ ਕੰਮ ਇੰਨਾ ਮਜ਼ਬੂਤ ਹੈ ਕਿ ਬੇਕ਼ਦਰੀ ਦੇ ਇਸ ਤਾਜ਼ੇ ਲੰਮੇ ਦੌਰ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਟਿਕਿਆ ਹੋਇਆ ਹੈ।

ਗਜ਼ਟੀਅਰ ਵਿੱਚ ਜੈਸਲਮੇਰ ਦਾ ਵਰਣਨ ਬੇਹੱਦ ਡਰਾਉਣਾ ਹੈ। ਇੱਥੇ ਇੱਕ ਵੀ ਬਾਰਾਮਾਸੀ ਨਦੀ ਨਹੀਂ ਹੈ। ਧਰਤੀ ਹੇਠਲਾ ਪਾਣੀ 125 ਤੋਂ 240 ਫੁੱਟ ਅਤੇ ਕਿਤੇ-ਕਿਤੇ 400 ਫੁੱਟ ਥੱਲੇ ਹੈ। ਮੀਂਹ ਬਹੁਤ ਹੀ ਘੱਟ ਪੈਂਦਾ ਹੈ, ਕੇਵਲ 16.4

ਸੈਂਟੀਮੀਟਰ। ਪਿਛਲੇ 70 ਸਾਲਾਂ ਦੇ ਅਧਿਐਨ ਅਨੁਸਾਰ ਸਾਲ ਦੇ 365 ਦਿਨਾਂ ਵਿੱਚ 355 ਦਿਨ ਸੁੱਕੇ ਗਿਣੇ ਗਏ ਹਨ। ਭਾਵ 120 ਦਿਨਾਂ ਦੀ ਵਰਖਾ ਰੁੱਤ ਇੱਥੇ ਆਪਣਾ ਜਲਵਾ ਸਿਰਫ਼ 10 ਦਿਨ ਹੀ ਦਿਖਾਉਂਦੀ ਹੈ।

ਉਂਝ ਇਹ ਸਾਰਾ ਹਿਸਾਬ-ਕਿਤਾਬ ਕੁੱਝ ਨਵੇਂ ਲੋਕਾਂ ਦਾ ਹੈ। ਮਰੂਭੂਮੀ ਦੇ ਸਮਾਜ ਨੂੰ 10 ਦਿਨਾਂ ਦੀ ਵਰਖਾ ਵਿੱਚ ਕਰੋੜਾਂ ਬੂੰਦਾਂ ਦਿਖਾਈ ਦਿੱਤੀਆਂ ਅਤੇ ਫੇਰ ਉਨ੍ਹਾਂ ਨੂੰ ਇਕੱਠਾ ਕਰਨ ਦਾ ਕੰਮ ਘਰ-ਘਰ, ਪਿੰਡ-ਪਿੰਡ ਵਿੱਚ ਅਤੇ ਆਪਣੇ ਸ਼ਹਿਰਾਂ ਤੱਕ ਕੀਤਾ। ਇਸ ਤਪੱਸਿਆ ਦਾ ਨਤੀਜਾ ਸਾਹਮਣੇ ਹੈ :

ਜੈਸਲਮੇਰ ਜ਼ਿਲ੍ਹੇ ਵਿੱਚ ਅੱਜ 515 ਪਿੰਡ ਹਨ। ਇਨ੍ਹਾਂ ਵਿੱਚ 50 ਪਿੰਡ ਕਿਸੇ ਨਾ ਕਿਸੇ ਕਾਰਨ ਉੱਜੜ ਚੁੱਕੇ ਹਨ।ਆਬਾਦ ਹਨ 462 । ਇਨ੍ਹਾਂ ਵਿੱਚੋਂ ਸਿਰਫ਼ ਇੱਕ ਪਿੰਡ ਨੂੰ ਛੱਡ ਕੇ ਹਰੇਕ ਪਿੰਡ ਵਿੱਚ ਪੀਣ ਦੇ ਪਾਣੀ ਦਾ ਇੰਤਜ਼ਾਮ ਹੈ। ਉੱਜੜ ਚੁੱਕੇ ਪਿੰਡਾਂ ਤੱਕ ਇਹ ਪ੍ਰਬੰਧ ਕ਼ਾਇਮ ਮਿਲਦਾ ਹੈ। ਸਰਕਾਰ ਦੇ ਅੰਕੜਿਆਂ ਅਨੁਸਾਰ, ਜੈਸਲਮੇਰ ਦੇ 99.78 ਫ਼ੀ ਸਦੀ ਪਿੰਡਾਂ ਵਿੱਚ ਤਾਲਾਬ, ਖੂਹ ਅਤੇ ਹੋਰ ਸਰੋਤ ਹਨ। ਇਨ੍ਹਾਂ ਵਿੱਚ ਨਲਕੇ, ਟਿਊਬਵੈੱਲ ਜਿਹੇ ਨਵੇਂ ਇੰਤਜ਼ਾਮ ਘੱਟ ਹੀ ਹਨ। ਪਤਾ ਨਹੀਂ 1.73 ਫ਼ੀ ਸਦੀ ਪਿੰਡਾਂ ਦਾ ਅਰਥ ਕੀ ਹੁੰਦਾ ਹੈ। ਪਰ ਇਸ ਸਰਹੱਦੀ ਜ਼ਿਲ੍ਹੇ ਦੇ ਸਾਰੇ 515 ਪਿੰਡਾਂ ਵਿੱਚ ਹੀ ਬਿਜਲੀ ਹੈ। ਇਸ ਦਾ ਅਰਥ ਇਹ ਹੈ ਕਿ ਅਨੇਕਾਂ ਥਾਵਾਂ ਉੱਤੇ ਟਿਊਬਵੈੱਲ ਬਿਜਲੀ ਨਾਲ ਨਹੀਂ, ਡੀਜ਼ਲ ਨਾਲ ਚਲਦੇ ਹਨ। ਤੇਲ ਕਾਫ਼ੀ ਦੂਰੋਂ ਆਉਂਦਾ ਹੈ। ਸਭ ਕੁੱਝ ਠੀਕ-ਠਾਕ ਚਲਦਾ ਰਿਹਾ ਤਾਂ ਕਦੇ ਨਾ ਕਦੇ ਤਾਂ



ਸੂਰਜ ਅੱਜ ਵੀ ਘੜਸੀਸਰ ਵਿੱਚ ਦਿਲ ਖੋਲ੍ਹ ਕੇ ਸੋਨਾ ਉਲੱਦ ਰਿਹਾ ਹੈ

ਟਿਊਬਵੈੱਲ ਨਾਲ ਪਾਣੀ ਦਾ ਪੱਧਰ ਘਟੇਗਾ ਹੀ। ਉਸਨੂੰ ਰੋਕਣ ਦਾ ਤਰੀਕ਼ਾ ਫ਼ਿਲਹਾਲ ਤਾਂ ਹੈ ਨਹੀਂ।

ਇੱਕ ਵਾਰ ਫੇਰ ਦੱਸ ਦੇਈਏ ਕਿ ਔਕੜਾਂ ਨਾਲ ਭਰੇ ਪ੍ਰਦੇਸ਼ ਵਿੱਚ 99.78 ਫ਼ੀ ਸਦੀ ਪਿੰਡਾਂ ਵਿੱਚ ਪਾਣੀ ਦਾ ਪ੍ਰਬੰਧ ਹੈ ਅਤੇ ਆਪਣੇ ਦਮ ਉੱਤੇ ਹੈ। ਇਸੇ ਖੇਤਰ ਵਿੱਚ ਉਨ੍ਹਾਂ ਸਹੂਲਤਾਂ ਨੂੰ ਵੇਖੀਏ ਜਿਨ੍ਹਾਂ ਨੂੰ ਦੇਣ ਦੀ ਜ਼ਿੰਮੇਦਾਰੀ ਮੂਲ ਰੂਪ ਵਿੱਚ ਸਰਕਾਰ ਦੀ ਹੈ। ਪੱਕੀ ਸੜਕ ਸਿਰਫ਼ 19 ਫ਼ੀ ਸਦੀ ਪਿੰਡਾਂ ਨੂੰ ਹੀ ਜੋੜ ਸਕੀ ਹੈ। ਡਾਕ ਦੀ ਸਹੂਲਤ 30 ਫ਼ੀ ਸਦੀ, ਡਾਕਟਰੀ ਸਹੂਲਤ ਸਿਰਫ਼ 9 ਫ਼ੀ ਸਦੀ ਪਿੰਡਾਂ ਤੱਕ ਹੀ ਪਹੁੰਚ ਸਕੀ ਹੈ। ਸਿੱਖਿਆ ਦੀ ਸਹੂਲਤ ਇਨ੍ਹਾਂ ਤੋਂ ਥੋੜ੍ਹੀ ਬਿਹਤਰ 50 ਫ਼ੀ ਸਦੀ ਪਿੰਡਾਂ ਤੱਕ ਹੈ। ਫੇਰ ਪਾਣੀ ਦਾ ਜ਼ਿਕਰ ਕਰੀਏ-515 ਪਿੰਡਾਂ ਵਿੱਚ 675 ਖੂਹ ਅਤੇ ਤਾਲਾਬ ਹਨ। ਇਨ੍ਹਾਂ ਵਿੱਚ ਤਾਲਾਬਾਂ ਦੀ ਗਿਣਤੀ 294 ਹੈ।

ਜਿਸਨੂੰ ਨਵੇਂ ਲੋਕਾਂ ਨੇ ਨਿਰਾਸ਼ਾ ਦਾ ਖੇਤਰ ਮੰਨਿਆ, ਉੱਥੇ ਬਿਲਕੁਲ ਬਾਰਡਰ ਦੇ ਕੋਲ, ਪਾਕਿਸਤਾਨ ਤੋਂ ਥੋੜ੍ਹਾ ਪਹਿਲਾਂ ਆਸੂਤਾਲ, ਭਾਵ ਆਸ ਦਾ ਤਾਲ ਹੈ। ਜਿੱਥੇ ਤਾਪਮਾਨ 50 ਡਿਗਰੀ ਤੱਕ ਜਾਂਦਾ ਹੈ, ਉੱਥੇ ਸਿਤਲਾਈ ਭਾਵ ਸ਼ੀਤਲ ਤਲਾਈ ਹੈ ਅਤੇ ਜਿੱਥੇ ਬੱਦਲ ਸਭ ਤੋਂ ਵੱਧ ਧੋਖਾ ਦਿੰਦੇ ਹਨ, ਉੱਥੇ ਬਦਰਾਸਰ ਵੀ ਹੈ। ਇਸ ਸਭ ਕਾਸੇ ਦਾ ਇਹ ਭਾਵ ਨਹੀਂ ਹੈ ਕਿ ਮਰੂਭੂਮੀ ਵਿੱਚ ਪਾਣੀ ਦਾ ਸੰਕਟ ਨਹੀਂ। ਸੰਕਟ ਤਾਂ ਹੈ ਪਰ ਇੱਥੋਂ ਦੇ ਸਮਾਜ ਨੇ ਉਸ ਕਸ਼ਟ ਦਾ ਰੋਣਾ ਨਹੀਂ ਰੋਇਆ। ਉਨ੍ਹਾਂ ਨੇ ਸੰਕਟ ਨੂੰ ਕੁੱਝ ਸਰਲ, ਕੁੱਝ ਕੁ ਆਸਾਨ ਬਣਾ ਲੈਣ ਦੀ ਆਸ ਰੱਖੀ ਅਤੇ ਉਸੇ ਆਸ ਦੇ ਆਧਾਰ ਉੱਤੇ ਹੀ ਆਪਣੇ-ਆਪ ਨੂੰ ਇਸ ਤਰ੍ਹਾਂ ਇੱਕ ਮਜ਼ਬੂਤ ਸੰਗਠਨ ਵਿੱਚ ਢਾਲ ਲਿਆ। ਉਨ੍ਹਾਂ ਨੇ ਇੱਕ ਪਾਸੇ ਤਾਂ ਪਾਣੀ ਦੀ ਹਰ ਬੂੰਦ ਬਚਾਈ, ਦੂਜੇ ਪਾਸੇ ਉਸਦਾ ਇਸਤੇਮਾਲ ਵੀ ਬੜੀ ਕਿਫ਼ਾਇਤ ਅਤੇ ਸਮਝਦਾਰੀ ਨਾਲ ਕੀਤਾ।

ਜੋੜ ਅਤੇ ਕਿਫ਼ਾਇਤ ਦੇ ਇਸ ਸੁਭਾਅ ਨੂੰ ਨਾ ਸਮਝ ਸਕਣ ਵਾਲਿਆਂ ਨੂੰ ਇਹ ਖੇਤਰ ਵੀਰਾਨ, ਡਰਾਉਣਾ ਅਤੇ ਬੇਜਾਨ ਹੀ ਦਿਖਾਈ ਦੇਵੇਗਾ। ਪਰ ਗਜ਼ਟੀਅਰ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਲਿਖਣ ਵਾਲਾ ਜਦੋਂ ਘੜਸੀਸਰ ਵਿਖੇ ਪੁੱਜਦਾ ਹੈ ਤਾਂ ਉਹ ਭੁੱਲ ਜਾਂਦਾ ਹੈ ਕਿ ਉਹ ਕਿਸੇ ਮਾਰੂਥਲ ਦੀ ਯਾਤਰਾ ਉੱਤੇ ਹੈ।

ਕਾਗ਼ਜ਼ਾਂ ਵਿੱਚ, ਟੂਰਿਜ਼ਮ ਦੇ ਨਕ਼ਸ਼ਿਆਂ ਉੱਤੇ ਜਿੰਨਾ ਵੱਡਾ ਸ਼ਹਿਰ ਜੈਸਲਮੇਰ ਹੈ, ਲਗਭਗ ਓਨਾ ਹੀ ਵੱਡਾ ਤਾਲਾਬ ਘੜਸੀਸਰ ਹੈ। ਕਾਗ਼ਜ਼ ਵਾਂਗ ਮਰੂਭੂਮੀ ਵਿੱਚ ਵੀ ਇਹ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਨ। ਬਗ਼ੈਰ ਘੜਸੀਸਰ ਤੋਂ ਜੈਸਲਮੇਰ ਨੇ ਨਹੀਂ ਸੀ ਹੋਣਾ। ਲਗਭਗ 800 ਸਾਲ ਪੁਰਾਣੇ ਇਸ ਸ਼ਹਿਰ ਦੇ ਕ਼ਰੀਬ 700 ਸਾਲ ਘੜਸੀਸਰ ਦੀ ਇੱਕ-ਇੱਕ ਬੂੰਦ ਨਾਲ ਜੁੜੇ ਹੋਏ ਹਨ।

ਰੇਤ ਦਾ ਇੱਕ ਵਿਸ਼ਾਲ ਟਿੱਬਾ ਸਾਹਮਣੇ ਖੜ੍ਹਾ ਹੈ। ਕੋਲ ਜਾਣ ਉੱਤੇ ਵੀ ਸਮਝ ਨਹੀਂ ਆਵੇਗਾ ਕਿ ਇਹ ਟਿੱਬਾ ਨਹੀਂ, ਘੜਸੀਸਰ ਦੀ ਉੱਚੀ, ਪੂਰੀ ਲੰਮੀ ਚੌੜੀ ਪਾਲ ਹੈ। ਜ਼ਰਾ ਕੁ ਹੋਰ ਅੱਗੇ ਵਧੀਏ ਤਾਂ ਦੋ ਬੁਰਜ ਅਤੇ ਪੱਥਰ 'ਤੇ ਸੁੰਦਰ ਨੱਕਾਸ਼ੀ ਵਾਲੇ

ਪੰਜ ਝਰੋਖੇ ਅਤੇ ਦੋ ਛੋਟੇ ਅਤੇ ਇੱਕ ਵੱਡੇ ਪੋਲ ਦਾ ਮੁੱਖ ਦਰਵਾਜ਼ਾ ਸਿਰ ਚੁੱਕੀ ਦਿਖਾਈ ਦੇਣਗੇ। ਜਿਵੇਂ-ਜਿਵੇਂ ਅੱਗੇ ਵਧਦੇ ਹਾਂ, ਮੁੱਖ ਦਰਵਾਜ਼ੇ ਤੋਂ ਨਵੀਆਂ-ਨਵੀਆਂ ਝਲਕਾਂ ਦਿਖਾਈ ਦਿੰਦੀਆਂ ਹਨ। ਉੱਥੇ ਜਾ ਕੇ ਹੀ ਪਤਾ ਲਗਦਾ ਹੈ ਕਿ ਸਾਹਮਣੇ ਜਿਹੜਾ ਨੀਲਾ ਆਕਾਸ਼ ਨਜ਼ਰ ਆਉਂਦਾ ਹੈ, ਉਹ ਆਕਾਸ਼ ਨਹੀਂ ਸਗੋਂ ਨੀਲਾ ਪਾਣੀ ਹੈ। ਫੇਰ ਖੱਬੇ-ਸੱਜੇ ਪੱਕੇ ਘਾਟ, ਮੰਦਰ, ਬਾਰਾਂਦਰੀ ਅਨੇਕਾਂ ਖੰਭਿਆਂ ਨਾਲ ਸਜੇ ਵਰਾਂਡੇ, ਕਮਰੇ ਅਤੇ ਪਤਾ ਨਹੀਂ ਹੋਰ ਕੀ-ਕੀ ਜੁੜ ਜਾਂਦਾ ਹੈ। ਹਰ ਛਿਣ ਬਦਲਣ ਵਾਲੇ ਦ੍ਰਿਸ਼ ਤੋਂ ਬਾਅਦ ਜਦੋਂ ਤਾਲਾਬ ਦੇ ਕੋਲ ਪੁੱਜ ਕੇ ਇਹ ਸਿਲਸਿਲਾ ਮੁੱਕਦਾ ਹੈ ਤਾਂ ਉਦੋਂ ਅੱਖਾਂ ਸਾਹਮਣੇ ਦਿਸ ਰਹੇ ਸੁੰਦਰ ਦ੍ਰਿਸ਼ ਉੱਤੇ ਟਿੱਕਦੀਆਂ ਨਹੀਂ, ਪੁਤਲੀਆਂ ਘੁੰਮ-ਘੁੰਮ ਕੇ ਉਸ ਅਜੀਬ ਦ੍ਰਿਸ਼ ਨੂੰ ਮਾਪ ਲੈਣਾ ਚਾਹੁੰਦੀਆਂ ਹਨ।

ਉਂਝ ਅੱਖਾਂ ਇਸ ਨੂੰ ਨਾਪ ਨਹੀਂ ਸਕਦੀਆਂ। ਤਿੰਨ ਮੀਲ ਲੰਮੇ ਤੇ ਇੱਕ ਮੀਲ ਚੌੜੇ ਇਸ ਤਾਲਾਬ ਦਾ ਘੇਰਾ 120 ਵਰਗ ਮੀਲ ਖੇਤਰ ਵਿੱਚ ਫੈਲਿਆ ਹੋਇਆ ਹੈ। ਇਸ ਨੂੰ ਜੈਸਲਮੇਰ ਦੇ ਰਾਜਾ ਮਹਾਰਾਵਲ ਘੜਸੀ ਨੇ ਵਿਕ੍ਰਮੀ ਸੰਮਤ 1391 ਵਿੱਚ ਭਾਵ 1335 ਵਿੱਚ ਬਣਾਇਆ ਸੀ। ਦੂਜੇ ਰਾਜੇ ਤਾਂ ਤਾਲਾਬ ਬਣਵਾਇਆ ਕਰਦੇ ਸਨ, ਪਰ ਘੜਸੀ ਨੇ ਤਾਂ ਇਸਨੂੰ ਖ਼ੁਦ ਬਣਾਇਆ ਸੀ। ਮਹਾਰਾਵਲ ਰੋਜ਼ ਉੱਚੇ ਕਿਲ੍ਹੇ ਤੋਂ ਉੱਤਰ ਕੇ ਆਉਂਦੇ ਸਨ, ਇੱਥੇ ਪੁਟਾਈ-ਭਰਾਈ ਆਦਿ ਹਰੇਕ ਕੰਮ ਦੀ ਦੇਖ-ਰੇਖ ਖ਼ੁਦ ਕਰਦੇ ਸਨ। ਉਂਝ ਤਾਂ ਉਹ ਦੌਰ ਜੈਸਲਮੇਰ ਰਾਜ ਲਈ ਭਾਰੀ ਉਥਲ-ਪੁਥਲ ਦਾ ਦੌਰ ਸੀ। ਭਾਟੀ ਵੰਸ਼ ਗੱਦੀ ਦੀ ਲੁੱਟ-ਖੋਹ ਲਈ ਹਮਲੇ ਕਰ ਰਿਹਾ ਸੀ। ਮਾਮਾ ਆਪਣੇ ਭਾਣਜੇ ਉੱਤੇ ਘਾਤ ਲਾ ਕੇ ਹਮਲਾ ਕਰ ਰਿਹਾ ਸੀ, ਭਰਾ ਨੂੰ ਦੇਸ਼ 'ਚੋਂ ਕੱਢਿਆ ਜਾ ਰਿਹਾ ਸੀ ਅਤੇ ਕਿਸੇ ਦੇ ਪਿਆਲੇ ਵਿੱਚ ਜ਼ਹਿਰ ਘੋਲਿਆ ਜਾ ਰਿਹਾ ਸੀ।

ਰਾਜਵੰਸ਼ ਦੀ ਆਪਸੀ ਲੜਾਈ ਤਾਂ ਸੀ ਹੀ ਉੱਧਰ ਰਾਜ ਅਤੇ ਸ਼ਹਿਰ ਜੈਸਲਮੇਰ ਦੇਸ਼ੀ-ਵਿਦੇਸ਼ੀ ਹਮਲਾਵਰਾਂ ਤੋਂ ਘਿਰ ਜਾਂਦਾ ਸੀ। ਮਰਦ ਸ਼ਹਾਦਤ ਦਾ ਜਾਮ ਪੀ ਜਾਂਦੇ ਅਤੇ ਔਰਤਾਂ ਜੌਹਰ ਦੀ ਜਵਾਲਾ ਵਿੱਚ ਆਪਣੇ ਆਪ ਨੂੰ ਸਵਾਹ ਕਰ ਲੈਂਦੀਆਂ।

ਅਜਿਹੇ ਸੁਲਘਦੇ ਦੌਰ ਵਿੱਚ ਖ਼ੁਦ ਘੜਸੀ ਨੇ ਰਾਠੌੜਾਂ ਦੀ ਫ਼ੌਜ ਦੀ ਮਦਦ ਨਾਲ ਜੈਸਲਮੇਰ ਉੱਤੇ ਕ਼ਬਜ਼ਾ ਕੀਤਾ ਸੀ। ਘੜਸੀ ਦੇ ਸਮੇਂ ਨਾਲ ਸੰਬੰਧਿਤ ਇਤਿਹਾਸ ਦੀਆਂ ਕਿਤਾਬਾਂ ਵਿੱਚ ਹਾਰ-ਜਿੱਤ, ਉਭਾਰ-ਉਤਾਰ, ਮੌਤ ਦੇ ਘਾਟ, ਸਮਰ ਸਾਗਰ ਵਰਗੇ ਸ਼ਬਦਾਂ ਦੀ ਭਰਮਾਰ ਹੈ।

ਉਦੋਂ ਵੀ ਇਹ ਸਾਗਰ ਬਣ ਰਿਹਾ ਸੀ। ਕਈ ਸਾਲਾਂ ਦੀ ਇਸ ਯੋਜਨਾ ਉੱਤੇ ਕੰਮ ਕਰਨ ਲਈ ਘੜਸੀ ਵਿੱਚ ਬੇਹੱਦ ਧੀਰਜ ਸੀ ਤੇ ਉਸ ਨੇ ਅਥਾਹ ਸਾਧਨ ਇਕੱਠੇ ਕੀਤੇ ਅਤੇ ਇਸਦੀ ਸਭ ਤੋਂ ਵੱਡੀ ਕ਼ੀਮਤ ਵੀ ਅਦਾ ਕੀਤੀ ਸੀ। ਪਾਲ ਬਣ ਰਹੀ ਸੀ, ਮਹਾਰਾਵਲ ਖੜ੍ਹੇ ਹੋ ਕੇ ਸਾਰਾ ਕੰਮ ਵੇਖ ਰਹੇ ਸਨ। ਰਾਜ ਪਰਿਵਾਰ ਵਿੱਚ ਚੱਲ ਰਹੇ ਅੰਦਰੂਨੀ ਕਲੇਸ਼ ਦੇ ਕਾਰਨ ਪਾਲ ਉੱਤੇ ਖੜ੍ਹੇ ਘੜਸੀ ਉੱਤੇ ਬੜਾ




ਘਾਤਕ ਹਮਲਾ ਹੋਇਆ। ਰਾਜੇ ਦੀ ਚਿਤਾ ਉੱਤੇ ਰਾਣੀ ਦਾ ਸਤੀ ਹੋ ਜਾਣਾ, ਉਸ ਸਮੇਂ ਦਾ ਚਲਣ ਸੀ, ਪਰ ਰਾਣੀ ਵਿਮਲਾ ਸਤੀ ਨਾ ਹੋਈ। ਰਾਜੇ ਦਾ ਸੁਫ਼ਨਾ ਰਾਣੀ ਨੇ ਪੂਰਾ ਕੀਤਾ।

ਰੇਤ ਦੇ ਇਸ ਸੁਪਨੇ ਦੇ ਦੋ ਰੰਗ ਹਨ। ਨੀਲਾ ਰੰਗ ਹੈ ਪਾਣੀ ਦਾ ਅਤੇ ਪੀਲਾ ਰੰਗ ਹੈ ਤਿੰਨ-ਚਾਰ ਮੀਲ ਦੇ ਤਾਲਾਬ ਦੀ ਕੋਈ ਅੱਧੀ ਗੋਲਾਈ ਵਿੱਚ ਬਣੇ ਮੰਦਿਰ, ਘਾਟ, ਬੁਰਜ ਅਤੇ ਬਾਰਾਂਦਰੀ ਦਾ। ਇਹ ਸੁਪਨਾ ਦਿਨ ਵਿੱਚ ਦੋ ਵਾਰ ਸਿਰਫ਼ ਇੱਕ ਹੀ ਰੰਗ ਵਿੱਚ ਰੰਗਿਆ ਦਿਸਦਾ। ਉੱਗਦੇ-ਡੁੱਬਦੇ ਸਮੇਂ ਸੂਰਜ ਘੜਸੀਸਰ ਵਿੱਚ ਦਿਲ ਖੋਲ੍ਹ ਕੇ ਪਿਘਲਿਆ ਸੋਨਾ ਢੇਰੀ ਕਰ ਦਿੰਦਾ ਹੈ। ਲੋਕਾਂ ਨੇ ਵੀ ਘੜਸੀਸਰ ਵਿੱਚ ਆਪੋ-ਆਪਣੀ ਸਮਰੱਥਾ ਅਨੁਸਾਰ ਸੋਨਾ ਪਾਇਆ ਸੀ। ਤਾਲਾਬ ਰਾਜੇ ਦਾ ਸੀ, ਪਰਜਾ ਉਸਨੂੰ ਸਜਾਉਂਦੀ-ਸੁਆਰਦੀ ਸੀ। ਪਹਿਲੇ ਦੌਰ ਵਿੱਚ ਬਣੇ ਮੰਦਰ, ਘਾਟ ਅਤੇ ਜਲ-ਮਹਿਲ ਦਾ ਵਿਸਥਾਰ ਹੁੰਦਾ ਗਿਆ। ਜਿਸਨੂੰ ਜਦੋਂ ਵੀ ਕੁੱਝ ਸੁੱਝਿਆ ਉਸਨੇ ਘੜਸੀਸਰ ਵਿੱਚ ਪਾ ਦਿੱਤਾ। ਘੜਸੀਸਰ ਰਾਜਾ-ਪਰਜਾ ਦੀ ਜੁਗਲਬੰਦੀ ਦਾ ਇੱਕ ਵਿਲੱਖਣ ਅਤੇ ਸੁਰੀਲਾ ਗੀਤ ਬਣ ਗਿਆ।

ਇੱਕ ਸਮੇਂ ਘਾਟ ਉੱਤੇ ਸਕੂਲ ਵੀ ਬਣੇ। ਸਕੂਲਾਂ ਵਿੱਚ ਸ਼ਹਿਰੋਂ ਅਤੇ ਉਸਦੇ ਆਲੇ-ਦੁਆਲੇ ਦੇ ਪਿੰਡਾਂ ਤੋਂ ਆ ਕੇ ਵਿਦਿਆਰਥੀ ਰਹਿੰਦੇ ਸਨ, ਉੱਥੇ ਹੀ ਗੁਰੂ ਤੋਂ ਗਿਆਨ ਪ੍ਰਾਪਤ ਕਰਦੇ ਸਨ। ਪਾਲ ਉੱਤੇ ਛੋਟੀਆਂ-ਛੋਟੀਆਂ ਰਸੋਈਆਂ ਅਤੇ ਕਮਰੇ ਸਨ। ਦਰਬਾਰ, ਕਚਹਿਰੀ ਵਿੱਚੋਂ ਜਿਨ੍ਹਾਂ ਦਾ ਕੰਮ ਅਟਕਦਾ, ਉਹ ਪਿੰਡਾਂ ਤੋਂ ਆ ਕੇ ਇੱਥੇ ਡੇਰਾ ਲਾ ਲੈਂਦੇ। ਨੀਲਕੰਠ ਅਤੇ ਗਿਰਧਾਰੀ ਦੇ ਮੰਦਰ ਬਣੇ। ਯੱਗਸ਼ਾਲਾ ਬਣੀ। ਜਮਾਲਸ਼ਾਹ ਪੀਰ ਦੀ ਚੌਕੀ ਬਣੀ। ਸਭ ਇੱਕੋ ਘਾਟ ਉੱਤੇ। ਕੰਮ-ਧੰਦੇ ਕਾਰਨ ਮਰੂਭੂਮੀ

ਪਹਿਲਾਂ ਪਾਣੀ ਅਤੇ ਫਿਰ ਅੰਨ ਨਾਲ ਭਰਦਾ ਹੈ ਜੈਤਸਰ



ਛੱਡ ਕੇ ਦੇਸ਼ ਵਿੱਚ ਕਿਤੇ ਹੋਰ ਜਾ ਵਸੇ ਪਰਿਵਾਰਾਂ ਦਾ ਮਨ ਘੜਸੀਸਰ ਵਿੱਚ ਹੀ ਰਹਿੰਦਾ। ਇਸੇ ਖੇਤਰ ਤੋਂ ਮੱਧ-ਪ੍ਰਦੇਸ਼, ਜੱਬਲਪੁਰ ਵਿੱਚ ਜਾ ਕੇ ਰਹਿਣ ਲੱਗੇ ਸੇਠ ਗੋਬਿੰਦਦਾਸ ਦੇ ਪੁਰਖਿਆਂ ਨੇ ਇੱਥੇ ਪਰਤ ਕੇ ਪਠਸਾਲ ਉੱਤੇ ਇੱਕ ਖ਼ੂਬਸੂਰਤ ਮੰਦਿਰ ਬਣਾਇਆ ਸੀ।

ਪਾਣੀ ਤਾਂ ਸ਼ਹਿਰ ਭਰ ਵਿੱਚ ਇੱਥੋਂ ਹੀ ਆਉਂਦਾ ਸੀ। ਉਂਝ ਤਾਂ ਸਾਰਾ ਦਿਨ ਇੱਥੋਂ ਪਾਣੀ ਭਰਿਆ ਜਾਂਦਾ, ਪਰ ਆਥਣ-ਸਵੇਰ ਸੈਂਕੜੇ ਪਨਿਹਾਰਨਾਂ ਦਾ ਇੱਥੇ ਮੇਲਾ ਲਗਦਾ ਸੀ। ਇਹ ਦ੍ਰਿਸ਼ ਸ਼ਹਿਰ ਵਿੱਚ ਟੂਟੀ ਆਉਣ ਤੋਂ ਪਹਿਲਾਂ ਤੱਕ ਰਿਹਾ। ਸੰਨ 1919 ਵਿੱਚ ਘੜਸੀਸਰ ਉੱਤੇ ਲਿਖੀ ਉਮੇਦ ਸਿੰਘ ਜੀ ਮਹੇਤਾ ਦੀ ਇੱਕ ਗ਼ਜ਼ਲ ਅਜਿਹੇ ਦ੍ਰਿਸ਼ਾਂ ਨੂੰ ਬੇਹੱਦ ਖ਼ੂਬਸੂਰਤੀ ਨਾਲ ਚਿਤਰਦੀ ਹੈ। ਭਾਦੋਂ ਦੀ ਕਜਲੀ-ਤੀਜ ਦੇ ਮੇਲੇ ਉੱਤੇ ਸਾਰਾ ਸ਼ਹਿਰ ਸਜ-ਧਜ ਕੇ ਘੜਸੀਸਰ ਆ ਜਾਂਦਾ। ਸਿਰਫ਼ ਨੀਲੇ ਅਤੇ ਪੀਲੇ ਰੰਗ ਦੇ ਇਸ ਤਾਲਾਬ ਵਿੱਚ ਕੁਦਰਤ ਦੇ ਸਾਰੇ ਰੰਗ ਖਿੱਲਰ ਜਾਂਦੇ।

ਘੜਸੀਸਰ ਦੇ ਲੋਕਾਂ ਦਾ ਪ੍ਰੇਮ ਇੱਕ ਤਰਫ਼ਾ ਨਹੀਂ ਸੀ। ਲੋਕ ਘੜਸੀਸਰ ਆਉਂਦੇ ਅਤੇ ਘੜਸੀਸਰ ਵੀ ਲੋਕਾਂ ਤੱਕ ਜਾਂਦਾ ਸੀ ਅਤੇ ਉਨ੍ਹਾਂ ਦੇ ਮਨ ਵਿੱਚ ਵਸ ਜਾਂਦਾ ਸੀ। ਦੂਰ ਸਿੰਧ ਵਿੱਚ ਰਹਿਣ ਵਾਲੀ ਟੀਲੋਂ ਨਾਂ ਦੀ ਗਣਿਕਾ ਨੇ ਅਜਿਹੇ ਹੀ ਪਲਾਂ ਵਿੱਚ ਮਨ ਹੀ ਮਨ ਕੁੱਝ ਫ਼ੈਸਲੇ ਕਰ ਲਏ ਸਨ।


ਤਾਲਾਬ ਉੱਤੇ ਮੰਦਰ, ਘਾਟ-ਪਾਟ ਸਭ ਕੁੱਝ ਸੀ। ਠਾਠ-ਬਾਠ ਵਿੱਚ ਕੋਈ ਕਮੀ ਨਹੀਂ ਸੀ। ਫੇਰ ਵੀ ਟੀਲੋਂ ਨੂੰ ਲੱਗਿਆ ਕਿ ਇੰਨੇ ਸੋਹਣੇ ਸਰੋਵਰ ਦਾ ਇੱਕ ਸੋਹਣਾ ਜਿਹਾ ਦਰਵਾਜ਼ਾ ਵੀ ਹੋਵੇ। ਟੀਲੋਂ ਨੇ ਘੜਸੀਸਰ ਦੇ ਪੱਛਮੀ ਘਾਟ ਤੇ 'ਪੋਲ' ਭਾਵ ਮੁੱਖ ਦਰਵਾਜ਼ਾ ਬਣਵਾਉਣ ਦਾ ਫ਼ੈਸਲਾ ਕਰ ਲਿਆ। ਪੱਥਰ ਉੱਤੇ ਬਾਰੀਕ ਨੱਕਾਸ਼ੀ ਵਾਲੇ ਸੁੰਦਰ ਝਰੋਖਿਆਂ ਨਾਲ ਸਜਾਇਆ ਮੁੱਖ ਦਰਵਾਜ਼ਾ ਹਾਲੇ ਬਣ ਹੀ ਰਿਹਾ ਸੀ ਕਿ ਕੁੱਝ ਲੋਕਾਂ ਨੇ ਮਹਾਰਾਜ ਦੇ ਕੰਨ ਭਰੇ ਕਿ, 'ਤੁਸੀਂ ਕਿਸੇ ਗਣਿਕਾ ਦੇ ਬਣਾਏ ਦਰਵਾਜ਼ੇ ਵਿੱਚੋਂ ਲੰਘ ਕੇ ਤਾਲਾਬ ਉੱਤੇ ਜਾਓਗੇ।' ਬੱਸ ਕਲੇਸ਼ ਸ਼ੁਰੂ ਹੋ ਗਿਆ। ਉੱਧਰ ਮੁੱਖ ਦਰਵਾਜ਼ੇ ਦਾ ਕੰਮ ਚਲਦਾ ਰਿਹਾ। ਇੱਕ ਦਿਨ ਰਾਜੇ ਨੇ ਇਸਨੂੰ ਡੇਗਣ ਦਾ ਫ਼ੈਸਲਾ ਕਰ ਲਿਆ। ਟੀਲੋਂ ਨੂੰ ਇਸਦੀ ਖ਼ਬਰ ਲੱਗ ਗਈ। ਰਾਤੋ-ਰਾਤ ਟੀਲੋਂ ਨੇ ਮੁੱਖ ਦਰਵਾਜ਼ੇ ਉੱਤੇ ਮੰਦਿਰ ਬਣਵਾ ਦਿੱਤਾ। ਮਹਾਰਾਵਲ ਨੇ ਆਪਣਾ ਫ਼ੈਸਲਾ ਬਦਲ ਦਿੱਤਾ। ਉਸੇ ਸਮੇਂ ਤੋਂ ਸ਼ਹਿਰ ਦੇ ਸਾਰੇ ਲੋਕ ਇਸੇ ਸੁੰਦਰ ਪੋਲ ਰਾਹੀਂ ਤਾਲਾਬ ਵਿੱਚ ਪ੍ਰਵੇਸ਼ ਕਰਦੇ ਹਨ ਅਤੇ ਬੜੇ ਯਤਨਾਂ ਨਾਲ ਟੀਲੋਂ ਦਾ ਨਾਂ ਯਾਦ ਰੱਖੀ ਬੈਠੇ ਹਨ। ਟੀਲੋਂ ਦੇ ਪੋਲ ਦੇ ਠੀਕ ਸਾਹਮਣੇ ਤਾਲਾਬ ਦੇ ਦੂਜੇ ਪਾਸੇ ਪਰਕੋਟੇਨੁਮਾ ਇੱਕ ਗੋਲ ਬੁਰਜ ਹੈ। ਤਾਲਾਬਾਂ ਦੇ ਬਾਹਰ ਅੰਬਾਂ ਦੇ ਬਗ਼ੀਚੇ ਵਗ਼ੈਰਾ ਹੁੰਦੇ ਹੀ ਹਨ ਪਰ ਇਸ ਗੋਲ ਬੁਰਜ ਵਿੱਚ ਤਾਲਾਬ ਦੇ ਅੰਦਰ ਬਗ਼ੀਚੀ ਬਣੀ ਹੈ ਜਿਸ ਵਿੱਚ ਲੋਕ ਮੌਜ-ਮੇਲੇ ਲਈ ਆਉਂਦੇ ਰਹਿੰਦੇ ਸਨ। ਇਸੇ ਤਰ੍ਹਾਂ ਪੂਰਬ ਵੱਲ ਇੱਕ ਹੋਰ ਵੱਡਾ ਗੋਲ ਪਰਕੋਟਾ ਹੈ, ਇਸ ਵਿੱਚ ਤਾਲਾਬ ਦੀ ਰਾਖੀ ਕਰਨ ਵਾਲੀ ਫ਼ੌਜ ਦੀ ਟੁਕੜੀ ਰਹਿੰਦੀ ਸੀ। ਦੇਸੀ-ਵਿਦੇਸ਼ੀ ਦੁਸ਼ਮਣਾਂ ਨਾਲ ਘਿਰਿਆ ਰਾਜ ਪੂਰੀ ਆਬਾਦੀ ਨੂੰ ਪਾਣੀ ਦੇਣ ਵਾਲੇ ਤਾਲਾਬ ਦੀ ਸੁਰੱਖਿਆ ਦਾ ਵੀ ਪੂਰਾ ਪ੍ਰਬੰਧ ਕਰਦਾ ਸੀ।



ਮਾਰੂਥਲ ਵਿੱਚ ਬੇਸ਼ੱਕ ਘੱਟ ਮੀਂਹ ਵਰ੍ਹਦਾ ਹੋਵੇ, ਘੜਸੀਸਰ ਦਾ ਆਗੋਰ (ਘੇਰਾ) ਮੂਲ ਰੂਪ ਵਿੱਚ ਇੰਨਾ ਵੱਡਾ ਸੀ ਕਿ ਉਹ ਇੱਕ-ਇੱਕ ਬੂੰਦ ਨੂੰ ਸਮੇਟ ਕੇ ਤਾਲਾਬ ਨੂੰ ਨੱਕੋ-ਨੱਕ ਭਰੀ ਰੱਖਦਾ ਸੀ। ਉਦੋਂ ਤਾਲਾਬ ਦੀ ਰਾਖੀ ਫ਼ੌਜ ਦੀ ਟੁਕੜੀ ਹੱਥੋਂ ਨਿਕਲ ਕੇ ਨੇਸ਼ਟਾ ਦੇ ਹੱਥ ਆ ਜਾਂਦੀ ਸੀ। ਨੇਸ਼ਟਾ (ਨਿਕਾਸੀ) ਚਲਦਾ ਅਤੇ ਇੰਨੇ ਵਿਸ਼ਾਲ ਤਾਲਾਬ ਨੂੰ ਤੋੜ ਸਕਣ ਵਾਲੇ ਫ਼ਾਲਤੂ ਪਾਣੀ ਨੂੰ ਬਾਹਰ ਕੱਢਣ ਲੱਗ ਪੈਂਦਾ। ਉਂਝ ਇਹ 'ਬਹਾਨਾ' ਵੀ ਬੜਾ ਅਜੀਬ ਸੀ। ਜਿਹੜੇ ਲੋਕ ਇੱਕ-ਇੱਕ ਬੂੰਦ ਇਕੱਠੀ ਕਰ ਕੇ ਘੜਸੀਸਰ ਭਰਨਾ ਜਾਣਦੇ ਸਨ, ਉਹ ਉਸਦੇ ਫ਼ਾਲਤੂ ਪਾਣੀ ਨੂੰ ਸਿਰਫ਼ ਪਾਣੀ ਨਹੀਂ ਸਗੋਂ, ਜਲਰਾਸ਼ੀ ਸਮਝਦੇ ਸਨ। ਨੇਸ਼ਟਾ 'ਚੋਂ ਨਿਕਲਿਆ ਪਾਣੀ ਅੱਗੇ ਇੱਕ ਹੋਰ ਤਾਲਾਬ ਵਿੱਚ ਜਮ੍ਹਾਂ ਕਰ ਲਿਆ ਜਾਂਦਾ ਸੀ। ਜੇਕਰ ਨੇਸ਼ਟਾ ਫੇਰ ਵੀ ਨਾ ਰੁਕਦਾ ਤਾਂ ਫੇਰ ਉਸ ਤੋਂ ਇੱਕ ਹੋਰ ਤਾਲਾਬ ਭਰ ਜਾਂਦਾ। ਤੁਹਾਨੂੰ ਛੇਤੀ ਯਕੀਨ ਨਹੀਂ ਆਵੇਗਾ ਪਰ ਇਹ ਸਿਲਸਿਲਾ ਪੂਰੇ ਨੌਂ ਤਾਲਾਬਾਂ ਤੱਕ ਚਲਦਾ ਸੀ। ਨੌਂਤਾਲ, ਗੋਬਿੰਦਸਾਗਰ, ਜੋਸ਼ੀਸਰ, ਗੁਲਾਬਸਰ, ਭਾਟੀਆਸਰ, ਸੂਦਾਸਰ, ਮੋਹਤਾਸਰ, ਰਤਨਸਰ ਅਤੇ ਕਿਸਨਘਾਟ। ਇੱਥੇ ਪੁੱਜ ਕੇ ਵੀ ਪਾਣੀ ਬਚਦਾ ਤਾਂ ਕਿਸਨਘਾਟ ਤੋਂ ਬਾਅਦ ਉਸਨੂੰ ਛੋਟੇ-ਛੋਟੇ ਖੂਹਨੁਮਾ ਕੁੰਡਾਂ ਵਿੱਚ ਭਰ ਕੇ ਰੱਖ ਲਿਆ ਜਾਂਦਾ। ਪਾਣੀ ਦੀ ਇੱਕ-ਇੱਕ ਬੂੰਦ ਜਿਹੇ ਸ਼ਬਦ ਅਤੇ ਫ਼ਿਕਰੇ ਘੜਸੀਸਰ ਤੋਂ ਕਿਸ਼ਨਘਾਟ ਤੱਕ ਦੇ ਸੱਤ ਮੀਲ ਲੰਮੇ ਖੇਤਰ ਵਿੱਚ ਆਪਣਾ ਠੀਕ ਅਰਥ ਪ੍ਰਾਪਤ ਕਰਦੇ ਸਨ।

**ਘੜਸੀਸਰ ਦੇ ਲੋਕਾਂ ਦਾ ਪ੍ਰੇਮ ਇੱਕ ਤਰਫ਼ਾ ਨਹੀਂ ਸੀ। ਲੋਕ ਘੜਸੀਸਰ ਆਉਂਦੇ ਅਤੇ ਘੜਸੀਸਰ ਵੀ ਲੋਕਾਂ ਤੱਕ ਜਾਂਦਾ ਸੀ ਤੇ ਉਨ੍ਹਾਂ ਦੇ ਮਨ ਵਿੱਚ ਵਸ ਜਾਂਦਾ। ਦੂਰ ਸਿੰਧ ਵਿੱਚ ਰਹਿਣ ਵਾਲੀ ਟੀਲੋਂ ਨਾਂ ਦੀ ਗਣਿਕਾ ਨੇ ਅਜਿਹੇ ਹੀ ਪਲਾਂ ਵਿੱਚ ਮਨ ਹੀ ਮਨ ਕੁੱਝ ਫ਼ੈਸਲੇ ਕਰ ਲਏ ਸਨ।**

ਅੱਜ ਜਿਨ੍ਹਾਂ ਦੇ ਹੱਥ ਵਿੱਚ ਜੈਸਲਮੇਰ ਦਾ ਰਾਜ ਹੈ, ਉਹ ਘੜਸੀਸਰ ਦਾ ਹੀ ਅਰਥ ਭੁੱਲ ਗਏ ਹਨ, ਨੇਸ਼ਟਾ ਨਾਲ ਜੁੜੇ ਤਾਲਾਬਾਂ ਦੀ ਯਾਦ ਤਾਂ ਭਲਾ ਕਿੱਦਾਂ ਰਹੇਗੀ! ਘੜਸੀਸਰ ਦੇ ਆਗੋਰ ਵਿੱਚ ਹਵਾਈ ਫ਼ੌਜ ਦਾ ਅੱਡਾ ਬਣ ਗਿਆ ਹੈ। ਇਸ ਲਈ ਆਗੋਰ ਦੇ ਇਸ ਹਿੱਸੇ ਦਾ ਪਾਣੀ ਹੁਣ ਤਾਲਾਬ ਵੱਲ ਨਾ ਜਾ ਕੇ ਕਿਤੇ ਹੋਰ ਵਹਿ ਜਾਂਦਾ ਹੈ। ਨੇਸ਼ਟਾ ਤੇ ਉਸਦੇ ਰਸਤੇ ਵਿੱਚ ਆਉਣ ਵਾਲੇ ਨੌਂ ਤਾਲਾਬਾਂ ਦੇ ਆਲੇ-ਦੁਆਲੇ ਬੜੀ ਬੇਤਰਤੀਬੀ ਨਾਲ ਵਧਦੇ ਸ਼ਹਿਰ ਦੇ ਮਕਾਨ, ਨਵੀਆਂ ਹਾਊਸਿੰਗ ਕਾਲੋਨੀਆਂ, ਹੋਰ ਤਾਂ ਹੋਰ ਪਾਣੀ ਦਾ ਕੰਮ ਕਰਨ ਵਾਲੀ ਇੰਦਰਾ



ਤਾਲਾਬ ਦੇ ਕੰਢੇ ਬਣਦੇ ਨੇ ਖੂਹ

ਨਹਿਰ ਯੋਜਨਾ ਦਾ ਦਫ਼ਤਰ ਅਤੇ ਉਸ ਵਿੱਚ ਕੰਮ ਕਰਨ ਵਾਲਿਆਂ ਦੀ ਕਾਲੋਨੀ ਬਣ ਗਈ ਹੈ।

ਘਾਟ, ਪਠਸਾਲ, ਪਾਠਸ਼ਾਲਾਵਾਂ, ਰਸੋਈ, ਵਰਾਂਡੇ, ਮੰਦਿਰ ਠੀਕ ਦੇਖਭਾਲ ਨਾ ਹੋਣ ਕਰਕੇ ਟੁੱਟ ਚੱਲੇ ਹਨ। ਅੱਜ ਸ਼ਹਿਰ ਉਹ ਲਹਾਸ ਖੇਡ ਵੀ ਨਹੀਂ ਖੇਡਦਾ ਜਿਸ ਵਿੱਚ ਰਾਜਾ-ਪਰਜਾ ਮਿਲਕੇ ਘੜਸੀਸਰ ਦੀ ਸਫ਼ਾਈ ਕਰਦੇ ਸਨ। ਰਾਖੀ ਕਰਨ ਵਾਲੀ ਫ਼ੌਜ ਦੀ ਟੁਕੜੀ ਦੇ ਬੁਰਜ ਦੇ ਪੱਥਰ ਵੀ ਢਹਿ ਗਏ ਹਨ।

ਫੇਰ ਵੀ 667 ਵਰ੍ਹੇ ਪੁਰਾਣਾ ਘੜਸੀਸਰ ਮਰਿਆ ਨਹੀਂ ਹੈ। ਬਣਾਉਣ ਵਾਲਿਆਂ ਨੇ ਉਸ ਨੂੰ ਸਮੇਂ ਦੇ ਥਪੇੜੇ ਸਹਿ ਸਕਣ ਦੀ ਮਜ਼ਬੂਤੀ ਦਿੱਤੀ ਸੀ। ਰੇਤੇ ਦੀਆਂ ਹਨੇਰੀਆਂ ਵਿੱਚ ਆਪਣੇ ਤਾਲਾਬਾਂ ਦੀ, ਵਧੀਆ ਦੇਖਭਾਲ ਦੀ ਰਵਾਇਤ ਪਾਉਣ ਵਾਲਿਆਂ ਨੂੰ ਸ਼ਾਇਦ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਕਦੀ ਬੇਕ਼ਦਰੀ ਦੀਆਂ ਹਨੇਰੀਆਂ ਵੀ ਚੱਲਣਗੀਆਂ। ਪਰ ਇਸ ਹਨੇਰੀ ਨੂੰ ਘੜਸੀਸਰ ਅਤੇ ਉਸ ਨੂੰ ਮੁਹੱਬਤ ਕਰਨ ਵਾਲੇ ਲੋਕ ਅੱਜ ਵੀ ਬੇਹੱਦ ਧੀਰਜ ਨਾਲ ਸਹਿ ਰਹੇ ਹਨ। ਤਾਲਾਬ ਉੱਤੇ ਪਹਿਰਾ ਦੇਣ ਵਾਲੀ ਫ਼ੌਜੀ ਟੁੱਕੜੀ ਬੇਸ਼ੱਕ ਅੱਜ ਨਾ ਹੋਵੇ, ਪਰ ਲੋਕਾਂ ਦੇ ਮਨਾਂ ਵਿੱਚ ਪਹਿਰਾ ਅੱਜ ਵੀ ਹੈ।

ਪਹਿਲੀ ਕਿਰਨ ਦੇ ਨਾਲ ਹੀ ਮੰਦਿਰ ਦੀਆਂ ਘੰਟੀਆਂ ਵੱਜਦੀਆਂ ਹਨ। ਸਾਰਾ ਦਿਨ ਲੋਕ ਘਾਟਾਂ ਉੱਤੇ ਆਉਂਦੇ-ਜਾਂਦੇ ਰਹਿੰਦੇ ਹਨ। ਕੁੱਝ ਲੋਕ ਇੱਥੇ ਬਹੁਤ ਦੇਰ ਬੈਠੇ ਘੜਸੀਸਰ ਨੂੰ ਨਿਹਾਰਦੇ ਰਹਿੰਦੇ ਹਨ ਤੇ ਕੁੱਝ ਲੋਕ ਗੀਤ ਗਾਉਂਦੇ ਹੋਏ ਰਾਵਣਹੱਥਾ (ਇੱਕ ਤਰ੍ਹਾਂ ਦੀ ਸਾਰੰਗੀ) ਵਜਾਉਂਦੇ ਮਿਲਦੇ ਹਨ।



ਪਨਿਹਾਰਣਾਂ ਅੱਜ ਵੀ ਘਾਟਾਂ ਉੱਤੇ ਆਉਂਦੀਆਂ ਹਨ। ਪਾਣੀ ਊਠ-ਗੱਡੀਆਂ ਵਿੱਚ ਜਾਂਦਾ ਹੈ। ਦਿਨ ਵਿੱਚ ਕਈ ਵਾਰ ਅਜਿਹੀਆਂ ਟੈਂਕਰ ਗੱਡੀਆਂ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ, ਜਿਸ ਵਿੱਚ ਘੜਸੀਸਰ ਤੋਂ ਪਾਣੀ ਭਰਨ ਲਈ ਡੀਜ਼ਲ ਪੰਪ ਵੀ ਲੱਗਾ ਹੁੰਦਾ ਹੈ।

ਘੜਸੀਸਰ ਅੱਜ ਵੀ ਪਾਣੀ ਦੇ ਰਿਹਾ ਹੈ। ਸੂਰਜ ਅੱਜ ਵੀ ਚੜ੍ਹਦਿਆਂ-ਡੁੱਬਦਿਆਂ ਘੜਸੀਸਰ ਵਿੱਚ ਰੀਝ ਨਾਲ ਸੋਨਾ ਉਲੱਦ ਜਾਂਦਾ ਹੈ।

ਘੜਸੀਸਰ ਮਾਣਕ ਬਣ ਚੁੱਕਾ ਸੀ। ਉਸ ਮਗਰੋਂ ਕਿਸੇ ਹੋਰ ਤਾਲਾਬ ਨੂੰ ਬਣਾਉਣਾ ਬੇਹੱਦ ਮੁਸ਼ਕਿਲ ਹੋ ਗਿਆ ਹੋਵੇਗਾ। ਪਰ ਜੈਸਲਮੇਰ ਵਿੱਚ ਹਰੇਕ ਸੌ-ਪੰਜਾਹ ਸਾਲਾਂ ਵਿੱਚ ਤਾਲਾਬ ਬਣਦੇ ਰਹੇ, ਇੱਕ ਤੋਂ ਇੱਕ ਮਾਣਕ ਨਾਲ ਮੋਤੀ ਵੀ ਜੁੜਦੇ ਗਏ।

ਘੜਸੀਸਰ ਤੋਂ ਕੋਈ 175 ਸਾਲਾਂ ਬਾਅਦ ਬਣਿਆ ਜੈਤਸਰ। ਇਹ ਸੀ ਤਾਂ ਬੰਦ ਤਾਲਾਬ, ਪਰ ਆਪਣੇ ਵੱਡੇ ਬਗ਼ੀਚੇ ਕਾਰਨ ਬਾਅਦ ਵਿੱਚ 'ਬੜਾ ਬਾਗ਼' ਦੇ ਨਾਂ ਨਾਲ ਯਾਦ ਰੱਖਿਆ ਗਿਆ। ਇਸ ਪੱਥਰ ਦੇ ਬੰਨ੍ਹ ਨੇ ਜੈਸਲਮੇਰ ਦੇ ਉੱਤਰ ਵੱਲ ਖੜ੍ਹੀਆਂ ਪਹਾੜੀਆਂ ਤੋਂ ਆਉਣ ਵਾਲਾ ਸਾਰਾ ਪਾਣੀ ਰੋਕ ਲਿਆ ਹੈ। ਇੱਕ ਪਾਸੇ ਜੈਤਸਰ ਹੈ ਅਤੇ ਦੂਜੇ ਪਾਸੇ ਉਸੇ ਪਾਣੀ ਨਾਲ ਸਿੰਜਿਆ ਬੜਾ ਬਾਗ਼। ਦੋਹਾਂ ਦੇ ਵਿਚਕਾਰ ਹੈ ਬੰਨ੍ਹ ਦੀ ਕੰਧ। ਪਰ ਇਹ ਕੰਧ ਨਹੀਂ, ਚੰਗੀ-ਖ਼ਾਸੀ ਚੌੜੀ ਸੜਕ ਲਗਦੀ ਹੈ ਜਿਹੜੀ ਘਾਟ ਪਾਰ ਸਾਹਮਣੇ ਪਹਾੜੀ ਤੱਕ ਰੁਕ ਜਾਂਦੀ ਹੈ। ਕੰਧ ਦੇ ਹੇਠਾਂ ਬਣੀ ਸਿੰਜਾਈ ਨਾਲੀ ਦਾ ਨਾਂ ਹੈ ਰਾਮ ਨਾਲ। ਰਾਮ ਨਾਲ ਨਹਿਰ, ਬੰਨ੍ਹ ਵਾਲੇ ਪਾਸੇ ਪੌੜੀਨੁਮਾ ਹੈ। ਜੈਤਸਰ ਵਿੱਚ ਪਾਣੀ ਦਾ ਪੱਧਰ ਜ਼ਿਆਦਾ ਹੋਵੇ ਜਾਂ ਘੱਟ, ਨਹਿਰ ਦਾ ਪੌੜੀਨੁਮਾ ਢਾਂਚਾ ਪਾਣੀ ਨੂੰ ਬੜੇ ਬਾਗ਼ ਵਾਲੇ ਪਾਸੇ ਉਤਾਰਦਾ ਰਹਿੰਦਾ ਹੈ। ਬੜੇ ਬਾਗ਼ 'ਚ ਪੁੱਜਣ ਉੱਤੇ

**ਫੇਰ ਵੀ 667 ਵਰ੍ਹੇ ਪੁਰਾਣਾ ਘੜਸੀਸਰ ਮਰਿਆ ਨਹੀਂ ਹੈ। ਬਣਾਉਣ ਵਾਲਿਆਂ ਨੇ ਉਸ ਨੂੰ ਸਮੇਂ ਦੇ ਥਪੇੜੇ ਸਹਿ ਸਕਣ ਦੀ ਮਜ਼ਬੂਤੀ ਦਿੱਤੀ ਸੀ। ਰੇਤੇ ਦੀਆਂ ਹਨੇਰੀਆਂ ਦੇ ਵਿੱਚ ਆਪਣੇ ਤਾਲਾਬਾਂ ਦੀ ਵਧੀਆ ਦੇਖਭਾਲ ਦੀ ਰਵਾਇਤ ਪਾਉਣ ਵਾਲਿਆਂ ਨੂੰ ਸ਼ਾਇਦ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਕਦੀ ਬੇਕ਼ਦਰੀ ਦੀਆਂ ਹਨੇਰੀਆਂ ਵੀ ਚੱਲਣਗੀਆਂ।**


ਰਾਮ ਨਾਲ ਰਾਮ ਨਾਮ ਵਾਂਗ ਕਣ-ਕਣ ਵਿੱਚ ਵੰਡ ਦਿੱਤੀ ਜਾਂਦੀ ਹੈ। ਨਹਿਰ ਦੇ ਪਹਿਲੇ ਕੋਣੇ ਉੱਤੇ ਇੱਕ ਖੂਹ ਵੀ ਹੈ। ਪਾਣੀ ਸੁੱਕ ਜਾਵੇ, ਨਹਿਰ ਬੰਦ ਹੋ ਜਾਵੇ ਤਾਂ ਰਿਸਣ ਨਾਲ ਭਰੇ ਖੂਹ ਦੀ ਵਰਤੋਂ ਹੋਣ ਲੱਗ ਪੈਂਦੀ ਹੈ। ਬੰਨ੍ਹ ਦੇ ਉਸ ਪਾਰ ਆਗਰ ਦਾ ਪਾਣੀ ਸੁੱਕਦਿਆਂ ਹੀ ਉਸ ਵਿੱਚ ਕਣਕ ਬੀਜ ਦਿੱਤੀ ਜਾਂਦੀ ਹੈ। ਉਦੋਂ ਬੰਨ੍ਹ ਦੀ ਕੰਧ ਦੇ ਦੋਹੇਂ ਪਾਸੇ ਬੱਸ ਹਰਾ ਹੀ ਹਰਾ ਦਿਸਦਾ ਹੈ।

ਹਰਾ ਬਾਗ਼ ਸੱਚਮੁੱਚ ਬਹੁਤ ਵੱਡਾ ਹੈ। ਉਸਦੇ ਆਲੇ-ਦੁਆਲੇ ਅੰਬਾਂ ਅਤੇ ਹੋਰ ਕਈ ਕ਼ਿਸਮਾਂ ਦੇ ਦਰਖ਼ਤ ਹਨ। ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਮਿਲਣ ਵਾਲਾ ਅਰਜੁਨ ਦਾ ਦਰਖ਼ਤ ਵੀ ਵੱਡੇ ਬਾਗ਼ ਵਿੱਚ ਮਿਲ ਜਾਵੇਗਾ। ਵੱਡੇ ਬਾਗ਼ ਵਿੱਚ ਸੂਰਜ ਦੀਆਂ ਕਿਰਨਾਂ ਦਰੱਖ਼ਤਾਂ ਦੀਆਂ ਪੱਤੀਆਂ ਵਿੱਚ ਅਟਕਦੀਆਂ ਰਹਿੰਦੀਆਂ ਹਨ। ਹਵਾ ਚੱਲੇ, ਪੱਤੀਆਂ ਹਿੱਲਣ ਤਾਂ ਮੌਕਾ ਪਾ ਕੇ ਕਿਰਨਾਂ ਛਣ-ਛਣ ਕਰਦੀਆਂ ਥੱਲੇ ਟਪਕਦੀਆਂ ਰਹਿੰਦੀਆਂ ਹਨ। ਬੰਨ੍ਹ ਦੇ ਉਸ ਪਾਰ ਰਾਜ ਘਰਾਣੇ ਦਾ ਸ਼ਮਸ਼ਾਨ ਹੈ। ਉੱਥੇ ਮ੍ਰਿਤਕਾਂ ਦੀ ਯਾਦ ਵਿੱਚ ਅਣਗਿਣਤ ਸੁੰਦਰ ਛਤਰੀਆਂ ਬਣੀਆਂ ਹੋਈਆਂ ਹਨ।

ਅਮਰ ਸਾਗਰ ਘੜਸੀਸਰ ਤੋਂ 325 ਸਾਲਾਂ ਬਾਅਦ ਬਣਿਆ। ਕਿਸੇ ਹੋਰ ਦਿਸ਼ਾ ਵਿੱਚ ਵਰ੍ਹਣ ਵਾਲੇ ਮੀਂਹ ਨੂੰ ਰੋਕਣਾ ਤਾਂ ਖ਼ੈਰ ਮੁੱਖ ਕੰਮ ਹੋਵੇਗਾ ਹੀ, ਪਰ ਅਮਰ ਸਾਗਰ ਬਣਾਉਣ ਵਾਲੇ ਇਹ ਵੀ ਦੱਸਣਾ ਚਾਹੁੰਦੇ ਸਨ ਕਿ ਉਪਯੋਗੀ ਅਤੇ ਸੁੰਦਰ ਤਾਲਾਬ ਬਣਾਉਂਦੇ ਰਹਿਣ ਦੀ ਇੱਛਾ ਵੀ ਅਮਰ ਹੈ। ਪੱਥਰਾਂ ਦੇ ਟੁਕੜੇ ਜੋੜ-ਜੋੜ ਕੇ ਕਿੰਨਾ ਅਦਭੁਤ ਤਾਲਾਬ ਬਣ ਸਕਦਾ ਹੈ, ਅਮਰ ਸਾਗਰ ਇਸਦੀ ਬੇਜੋੜ ਮਿਸਾਲ ਹੈ। ਤਾਲਾਬ ਦੀ ਚੌੜਾਈ ਦਾ ਇੱਕ ਸਿਰਾ ਸਿੱਧੀ ਖੜ੍ਹੀ ਉੱਚੀ ਕੰਧ ਨਾਲ ਬਣਾਇਆ ਗਿਆ ਹੈ। ਕੰਧ ਨਾਲ ਜੁੜੀਆਂ ਸੁੰਦਰ ਪੌੜੀਆਂ ਝਰੋਖਿਆਂ ਅਤੇ ਬੁਰਜਾਂ ਵਿੱਚੋਂ ਹੁੰਦੀਆਂ ਹੋਈਆਂ ਥੱਲੇ ਤਾਲਾਬ ਵਿੱਚ ਉੱਤਰਦੀਆਂ ਹਨ। ਇਸੇ ਕੰਧ ਦੇ ਬੜੇ ਸਿੱਧੇ ਅਤੇ ਸਪਾਟ ਹਿੱਸੇ ਵਿੱਚ ਵੱਖੋ-ਵੱਖਰੀ ਉਚਾਈ ਉੱਤੇ ਪੱਥਰ ਦੇ ਹਾਥੀ ਘੋੜੇ ਬਣੇ ਹੋਏ ਹਨ। ਇਹ ਸੁੰਦਰ ਸਜੀਆਂ ਮੂਰਤੀਆਂ ਤਾਲਾਬ ਦੇ ਪਾਣੀ ਦਾ ਪੱਧਰ ਦੱਸਦੀਆਂ ਹਨ। ਅਮਰ ਸਾਗਰ ਦਾ ਆਗੌਰ ਇੰਨਾ ਵੱਡਾ ਨਹੀਂ ਕਿ ਉਸ ਵਿੱਚ ਸਾਲ ਭਰ ਦਾ ਪਾਣੀ ਜਮ੍ਹਾਂ ਹੋ ਸਕੇ। ਗਰਮੀ ਆਉਣ ਤੱਕ ਤਾਲਾਬ ਸੁੱਕਣ ਲਗਦਾ ਸੀ। ਇਸਦਾ ਅਰਥ ਇਹ ਸੀ ਕਿ ਜੈਸਲਮੇਰ ਦੇ ਲੋਕ ਇੰਨੇ ਸੁੰਦਰ ਤਾਲਾਬ ਨੂੰ ਉਸ ਮੌਸਮ ਵਿੱਚ ਭੁੱਲ ਜਾਣ, ਜਿਸ ਵਿੱਚ ਪਾਣੀ ਦੀ ਸਭ ਤੋਂ ਵੱਧ ਜ਼ਰੂਰਤ ਹੁੰਦੀ ਸੀ।

ਜੈਸਲਮੇਰ ਦੇ ਸ਼ਿਲਪਕਾਰਾਂ ਨੇ ਕੁੱਝ ਅਜਿਹੇ ਕੰਮ ਕੀਤੇ, ਜਿਨ੍ਹਾਂ ਨਾਲ ਸ਼ਿਲਪ-ਸ਼ਾਸਤਰ ਵਿੱਚ ਕੁੱਝ ਨਵੇਂ ਪੰਨੇ ਜੁੜ ਗਏ। ਇੱਥੇ ਤਾਲਾਬ ਦੇ ਤਲ ਵਿੱਚ ਸੱਤ ਸੁੰਦਰ ਕੁੰਡ ਬਣਾਏ ਗਏ। ਬੇਰੀ ਭਾਵ ਬੌੜੀ। ਕੁੰਡ ਨੂੰ ਬੇਰੀ ਜਾਂ ਬੇੜੀ ਵੀ ਕਹਿੰਦੇ ਹਨ। ਇਸਨੂੰ ਪਗਬਾਵ ਵੀ ਕਿਹਾ ਜਾਂਦਾ ਸੀ। ਪਗਬਾਵ ਸ਼ਬਦ ਪਗਵਾਹ ਤੋਂ ਬਣਿਆ ਹੈ। ਵਾਹ ਜਾਂ ਬਾਯ ਜਾਂ ਬੌੜੀ। ਪਗਬਾਵ ਭਾਵ ਜਿਸ ਵਿੱਚ ਪਾਣੀ ਤੱਕ ਪਗ-ਪਗ ਪੈਦਲ ਹੀ ਪਹੁੰਚਿਆ ਜਾ ਸਕੇ। ਤਾਲਾਬ ਦਾ ਪਾਣੀ ਸੁੱਕ ਜਾਂਦਾ ਹੈ, ਪ੍ਰੰਤੂ ਉਸਦੇ ਰਿਸਾਅ ਤੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਪਰ ਉੱਠ ਜਾਂਦਾ ਹੈ। ਇਸੇ ਸਾਫ਼ ਛਣੇ ਹੋਏ ਪਾਣੀ ਨਾਲ ਬੇਰੀਆਂ ਭਰੀਆਂ ਰਹਿੰਦੀਆਂ ਹਨ। ਬੇਰੀਆਂ ਵੀ ਅਜਿਹੀਆਂ ਬਣੀਆਂ ਹਨ ਕਿ ਗਰਮੀ ਵਿੱਚ ਆਪਣਾ ਪਾਣੀ ਗੁਆ ਬੈਠਾ ਅਮਰ ਸਾਗਰ ਆਪਣੀ ਸੁੰਦਰਤਾ ਨਹੀਂ ਖੋਹ ਸਕਦਾ। ਸਾਰੀਆਂ ਬੇਰੀਆਂ ਉੱਤੇ ਸੁੰਦਰ ਚਬੂਤਰੇ, ਖ਼ੂਬਸੂਰਤ ਖੰਭੇ, ਛਤਰੀਆਂ ਅਤੇ ਥੱਲੇ ਉੱਤਰਨ ਲਈ ਬੇਹੱਦ ਕਲਾਤਮਕ ਪੌੜੀਆਂ। ਗਰਮੀ ਵਿੱਚ, ਵਿਸਾਖ ਵਿੱਚ






ਸੁੰਦਰ ਤਾਲਾਬਾਂ ਦੀ ਅਮਰ ਇੱਛਾ ਦਾ ਅਮਰ ਸਾਗਰ

ਵੀ ਮੇਲਾ ਭਰਦਾ ਹੈ, ਬਰਸਾਤ ਵਿੱਚ, ਅਤੇ ਭਾਦੋਂ ਵਿੱਚ ਵੀ। ਸੁੱਕੇ ਅਮਰ ਸਾਗਰ ਵਿੱਚ ਇਹ ਬੇਰੀਆਂ ਕਿਸੇ ਮਹਿਲ ਦੇ ਟੁਕੜੇ ਲਗਦੀਆਂ ਹਨ ਅਤੇ ਜਦੋਂ ਇਹ ਭਰ ਜਾਂਦਾ ਹੈ ਤਾਂ ਲਗਦਾ ਹੈ ਕਿ ਤਾਲਾਬ ਵਿੱਚ ਛਤਰੀਦਾਰ ਵੱਡੀਆਂ-ਵੱਡੀਆਂ ਕਿਸ਼ਤੀਆਂ ਤੈਰ ਰਹੀਆਂ ਹਨ।

ਜੈਸਲਮੇਰ ਮਾਰੂਥਲ ਦਾ ਇੱਕ ਅਜਿਹਾ ਰਾਜ ਰਿਹਾ ਹੈ, ਜਿਸਦਾ ਤਿਜਾਰਤ ਦੀ ਦੁਨੀਆ ਵਿੱਚ ਡੰਕਾ ਵੱਜਦਾ ਰਿਹਾ ਹੈ। ਫਿਰ ਮੰਦੇ ਦਾ ਦੌਰ ਵੀ ਆਇਆ, ਪਰ ਜੈਸਲਮੇਰ ਅਤੇ ਆਲੇ-ਦੁਆਲੇ ਤਾਲਾਬ ਬਣਾਉਣ ਦਾ ਕੰਮ ਮੰਦਾ ਨਹੀਂ ਸੀ ਪੈਂਦਾ। ਗਜਰੂਪ



ਅਮਰ ਸਾਗਰ ਦੀਆਂ 'ਤੈਰਦੀਆਂ' ਬੇਰੀਆਂ

ਸਾਗਰ, ਮੂਲ ਸਾਗਰ, ਗੰਗਾ ਸਾਗਰ, ਗੁਲਾਬ ਸਾਗਰ ਅਤੇ ਈਸਰਲਾਲ ਜੀ ਦਾ ਤਾਲਾਬ ਇੱਕ ਤੋਂ ਮਗਰੋਂ ਇੱਕ ਸੋਹਣੇ ਤਾਲਾਬ ਬਣਦੇ ਤੁਰੇ ਗਏ। ਇਹ ਲੜੀ ਅੰਗਰੇਜ਼ਾਂ ਦੇ ਆਉਣ ਤੱਕ ਟੁੱਟੀ ਨਹੀਂ ਸੀ।

ਇਸ ਲੜੀ ਦੀ ਮਜ਼ਬੂਤੀ ਸਿਰਫ਼ ਰਾਜੇ, ਰਾਵਲ, ਮਹਾਰਾਵਲਾਂ ਉੱਤੇ ਨਹੀਂ ਛੱਡੀ ਗਈ ਸੀ। ਸਮਾਜ ਦੇ ਉਹ ਅੰਗ ਵੀ, ਤਾਲਾਬਾਂ ਦੀ ਲੜੀ ਮਜ਼ਬੂਤ ਬਣਾ ਕੇ ਰੱਖਦੇ ਸਨ ਜਿਹੜੇ ਅੱਜ ਦੀ ਪਰਿਭਾਸ਼ਾ ਵਿੱਚ ਗ਼ਰੀਬੀ ਦੀ ਰੇਖਾ ਹੇਠ ਮੰਨੇ ਗਏ ਹਨ।

ਮੇਘਾ ਡੰਗਰ ਚਰਾਉਂਦਾ ਹੁੰਦਾ ਸੀ। ਇਹ ਕ਼ਿੱਸਾ 500 ਸਾਲ ਪੁਰਾਣਾ ਹੈ। ਡੰਗਰਾਂ ਦੇ ਨਾਲ ਮੇਘਾ ਮੂੰਹ ਹਨੇਰੇ ਨਿੱਕਲ ਜਾਂਦਾ। ਕੋਹਾਂ ਤੱਕ ਫੈਲਿਆ ਸਪਾਟ ਰੇਗ਼ਿਸਤਾਨ। ਮੇਘਾ ਦਿਨ ਭਰ ਦਾ ਪਾਣੀ ਆਪਣੇ ਨਾਲ ਇੱਕ ਮਿੱਟੀ ਦੀ ਸੁਰਾਹੀ ਵਿੱਚ ਲੈ ਜਾਂਦਾ। ਸ਼ਾਮ ਨੂੰ ਉਹ ਪਰਤਦਾ। ਇੱਕ ਦਿਨ ਸੁਰਾਹੀ ਵਿੱਚ ਥੋੜ੍ਹਾ ਜਿਹਾ ਪਾਣੀ ਬਚ ਗਿਆ। ਮੇਘੇ ਨੂੰ ਪਤਾ ਨਹੀਂ ਕੀ ਸੁੱਝਿਆ, ਉਸਨੇ ਇੱਕ ਛੋਟਾ ਜਿਹਾ ਟੋਆ ਪੁੱਟਿਆ, ਉਸ ਵਿੱਚ ਸੁਰਾਹੀ ਦਾ ਪਾਣੀ ਪਾਇਆ ਅਤੇ ਅੱਕ ਦੇ ਪੱਤਿਆਂ ਨਾਲ ਢਕ ਦਿੱਤਾ। ਚਰਵਾਹੇ ਦਾ ਕੰਮ ਅੱਜ ਇੱਥੇ ਹੁੰਦਾ ਹੈ ਤੇ ਕੱਲ੍ਹ ਉੱਥੇ। ਮੇਘਾ ਦੋ ਦਿਨ ਉੱਧਰ ਨਾ ਜਾ ਸਕਿਆ। ਤੀਜੇ ਦਿਨ ਜਦੋਂ ਉਹ ਉੱਥੇ ਅਪੜਿਆ ਤਾਂ ਬੇਸਬਰੀ ਨਾਲ ਅੱਕ ਦੇ ਪੱਤੇ ਚੁੱਕੇ ਤਾਂ ਟੋਏ ਵਿੱਚ ਪਾਣੀ ਤਾਂ ਨਹੀਂ ਸੀ, ਪਰ ਟੋਏ ਵਿੱਚੋਂ ਠੰਢੀ ਹਵਾ ਜ਼ਰੂਰ ਆਈ। ਮੇਘੇ ਦੇ ਮੂੰਹੋਂ ਅਚਾਨਕ ਆਵਾਜ਼ ਆਈ 'ਭਾਫ਼'। ਉਸਨੇ ਸੋਚਿਆ ਕਿ ਜੇ ਇੱਥੇ ਥੋੜ੍ਹੇ ਜਿਹੇ ਪਾਣੀ ਨਾਲ ਸਿੱਲ੍ਹ ਬਚ ਸਕਦੀ ਹੈ ਤਾਂ ਫੇਰ ਇੱਥੇ ਤਾਲਾਬ ਕਿਉਂ ਨਹੀਂ ਬਣ ਸਕਦਾ।

ਮੇਘੇ ਨੇ 'ਕੱਲਿਆਂ ਹੀ ਤਾਲਾਬ ਬਣਾਉਣਾ ਸ਼ੁਰੂ ਕਰ ਦਿੱਤਾ। ਹੁਣ ਉਹ ਰੋਜ਼ ਆਪਣੇ ਨਾਲ ਕਹੀ-ਤਸਲਾ ਲੈ ਕੇ ਜਾਂਦਾ। ਸਾਰਾ ਦਿਨ ਉਹ ਮਿਹਨਤ ਕਰਦਾ। ਗਊਆਂ ਵੀ ਆਲੇ-ਦੁਆਲੇ ਚਰਦੀਆਂ ਰਹਿੰਦੀਆਂ। ਭੀਮ ਜਿਹੀ ਤਾਕ਼ਤ ਨਹੀਂ ਸੀ ਉਸਦੇ ਵਿੱਚ, ਪਰ ਭੀਮ ਜਿਹਾ ਸੰਕਲਪ ਜ਼ਰੂਰ ਸੀ ਉਸ ਕੋਲ। ਦੋ ਸਾਲ ਤੱਕ 'ਕੱਲਾ ਹੀ



ਲੱਗਿਆ ਰਿਹਾ। ਬਿਲਕੁਲ ਸਪਾਟ ਰੇਗ਼ਿਸਤਾਨ ਵਿੱਚ ਤਾਲਾਬ ਦਾ ਘੇਰਾ ਦੂਰੋਂ ਹੀ ਦਿਸਣ ਲੱਗ ਪਿਆ ਸੀ। ਪਾਲ ਦੀ ਖ਼ਬਰ ਪਿੰਡ ਵਿੱਚ ਵੀ ਫ਼ੈਲ ਗਈ।

ਹੁਣ ਰੋਜ਼ ਸਵੇਰੇ ਪਿੰਡ ਦੇ ਬੱਚੇ ਅਤੇ ਬਜ਼ੁਰਗ ਮੇਘਾ ਦਾ ਸਾਥ ਦੇਣ ਲਈ ਆਉਣ ਲੱਗੇ। 12 ਸਾਲ ਹੋ ਚੁੱਕੇ ਸਨ, ਫੇਰ ਵੀ ਤਾਲਾਬ ਉੱਤੇ ਕੰਮ ਚੱਲ ਰਿਹਾ ਸੀ। ਮੇਘਾ ਦੀ ਉਮਰ ਪੂਰੀ ਹੋ ਗਈ ਪਰ ਪਤਨੀ ਸਤੀ ਨਹੀਂ ਹੋਈ, ਪਤਨੀ ਨੇ ਕੰਮ ਚਾਲੂ ਰੱਖਿਆ, 6 ਮਹੀਨੇ ਬਾਅਦ ਕੰਮ ਪੂਰਾ ਹੋ ਗਿਆ।

ਇਹ ਤਾਲਾਬ ਭਾਫ਼ ਕਾਰਨ ਬਣਨਾ ਸ਼ੁਰੂ ਹੋਇਆ, ਇਸੇ ਕਰਕੇ ਇਸ ਜਗ੍ਹਾ ਦਾ ਨਾਂ ਭਾਫ਼ ਪੈ ਗਿਆ, ਬਾਅਦ ਵਿੱਚ ਵਿਗੜ ਕੇ ਬਾਪ ਹੋ ਗਿਆ। ਚਰਵਾਹੇ ਮੇਘਾ ਨੂੰ ਸਮਾਜ ਨੇ ਮੇਘੋਜੀ ਨਾਂ ਨਾਲ ਯਾਦ ਰੱਖਿਆ ਅਤੇ ਤਾਲਾਬ ਦੇ ਉੱਤੇ ਇੱਕ ਸੋਹਣੀ ਛਤਰੀ ਅਤੇ ਉਸ ਦੀ ਪਤਨੀ ਦੀ ਯਾਦ ਵਿੱਚ ਇੱਕ ਬਾਉਲੀ ਬਣਾਈ।

ਬਾਪ ਬੀਕਾਨੇਰ ਅਤੇ ਜੈਸਲਮੇਰ ਦੇ ਰਸਤੇ ਵਿੱਚ ਆਉਣ ਵਾਲਾ ਛੋਟਾ ਜਿਹਾ ਕ਼ਸਬਾ ਹੈ। ਚਾਹ-ਕਚੌਰੀ ਦੀਆਂ 5-6 ਦੁਕਾਨਾਂ ਵਾਲਾ ਛੋਟਾ ਜਿਹਾ ਬਸ ਅੱਡਾ ਹੈ। ਬਸਾਂ ਤੋਂ ਉੱਚੀ ਪਾਲ ਅੱਡੇ ਦੇ ਬਿਲਕੁਲ ਲਾਗੇ ਹੀ ਖੜ੍ਹੀ ਹੈ। ਮਈ-ਜੂਨ ਵਿੱਚ ਪਾਲ ਦੇ ਇੱਕ ਪਾਸੇ ਲੂ ਚਲਦੀ ਹੈ, ਦੂਜੇ ਪਾਸੇ ਮੇਘੋ ਜੀ ਦੇ ਤਾਲਾਬ ਵਿੱਚ ਲਹਿਰਾਂ ਉੱਠਦੀਆਂ ਹਨ। ਬਰਸਾਤ ਦੇ ਦਿਨਾਂ ਵਿੱਚ ਤਾਂ ਇੱਥੇ ਪਾਣੀ ਚਾਰ ਮੀਲ ਤੱਕ ਫੈਲ ਜਾਂਦਾ ਹੈ।

ਮੇਘ ਅਤੇ ਮੇਘਰਾਜ ਭਾਵੇਂ ਇੱਥੇ ਘੱਟ ਆਉਂਦੇ ਹੋਣ, ਪਰ ਮਰੂਭੂਮੀ ਵਿੱਚ ਮੇਘੋਜੀ ਜਿਹੇ ਲੋਕਾਂ ਦੀ ਕਮੀ ਨਹੀਂ। ਪਾਣੀ ਦੇ ਮਾਮਲੇ ਵਿੱਚ ਇੰਨਾ ਕ਼ਾਬਿਲ ਹੋ ਚੁੱਕਾ ਸਮਾਜ ਆਪਣੀ ਕ਼ਾਬਲੀਅਤ ਨੂੰ, ਆਪਣੇ ਕੌਸ਼ਲ ਨੂੰ ਆਪਣਾ ਦੱਸ ਕੇ ਘੁਮੰਡ ਨਹੀਂ ਕਰਦਾ। ਉਹ ਬੇਹੱਦ ਸਤਿਕਾਰ ਨਾਲ ਇਸਦਾ ਪੂਰਾ ਉਪਕਾਰ ਭਗਵਾਨ ਨੂੰ ਸਮਰਪਿਤ ਕਰ ਕੇ ਸਿਰ ਝੁਕਾ ਲੈਂਦਾ ਹੈ।

ਕਹਿੰਦੇ ਹਨ ਕਿ ਮਹਾਭਾਰਤ ਯੁੱਧ ਖ਼ਤਮ ਹੋਣ 'ਤੇ ਸ਼੍ਰੀ ਕ੍ਰਿਸ਼ਨ ਕੁਰੂਕਸ਼ੇਤਰ ਤੋਂ ਅਰਜੁਨ ਨੂੰ ਨਾਲ ਲੈ ਕੇ ਦਵਾਰਕਾ ਜਾ ਰਹੇ ਸਨ। ਉਨ੍ਹਾਂ ਦਾ ਰੱਥ ਮਾਰੂਥਲ ਪਾਰ ਕਰ ਰਿਹਾ ਸੀ। ਅੱਜ ਦੇ ਜੈਸਲਮੇਰ ਕੋਲ ਤ੍ਰਿਕੂਟ ਪਰਬਤ ਉੱਤੇ ਉਨ੍ਹਾਂ ਨੂੰ ਉੱਤੁੰਗ ਰਿਸ਼ੀ ਤਪੱਸਿਆ ਕਰਦੇ ਹੋਏ ਮਿਲੇ। ਸ਼੍ਰੀ ਕ੍ਰਿਸ਼ਨ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ ਅਤੇ ਫੇਰ ਵਰਦਾਨ ਮੰਗਣ ਲਈ ਕਿਹਾ। ਉੱਤੁੰਗ ਦਾ ਅਰਥ ਹੈ ਉੱਚਾ। ਸੱਚਮੁੱਚ ਰਿਸ਼ੀ ਉੱਚੇ ਸਨ। ਉਨ੍ਹਾਂ ਨੇ ਆਪਣੇ ਲਈ ਕੁੱਝ ਨਾ ਮੰਗਿਆ। ਉਨ੍ਹਾਂ ਨੇ ਹੱਥ ਜੋੜ ਕੇ ਕਿਹਾ ਕਿ ਜੇਕਰ ਮੇਰੇ ਕੁੱਝ ਪੁੰਨ ਹਨ ਤਾਂ ਇਸ ਖੇਤਰ ਵਿੱਚ ਪਾਣੀ ਦੀ ਕੋਈ ਕਮੀ ਨਾ ਰਹੇ।

ਮਾਰੂਥਲ ਦੇ ਲੋਕਾਂ ਨੇ ਇਸ ਵਰਦਾਨ ਨੂੰ ਇੱਕ ਹੁਕ਼ਮ ਵਜੋਂ ਮੰਨਿਆ ਅਤੇ ਆਪਣੀ ਕ਼ਾਬਲੀਅਤ ਨਾਲ ਮ੍ਰਿਗ-ਤ੍ਰਿਸ਼ਣਾ ਨੂੰ ਝੁਠਲਾ ਦਿੱਤਾ।

# ਤਾਲਾਬ ਬੰਨ੍ਹਦਾ ਧਰਮ ਸੁਭਾਅ

ਜਿਹੜਾ ਸਮਾਜ ਨੂੰ ਜੀਵਨ ਦੇਵੇ, ਉਸਨੂੰ ਨਿਰਜੀਵ ਕਿਵੇਂ ਮੰਨਿਆ ਜਾ ਸਕਦਾ ਹੈ? ਤਾਲਾਬਾਂ ਨੂੰ, ਕੁਦਰਤੀ ਜਲ ਸਰੋਤਾਂ ਨੂੰ ਜੀਵਨ ਮੰਨਿਆ ਗਿਆ ਅਤੇ ਸਮਾਜ ਨੇ ਉਨ੍ਹਾਂ ਦੇ ਚਾਰੋ ਪਾਸੇ ਆਪਣੇ ਜੀਵਨ ਨੂੰ ਰਚਿਆ। ਜਿਸ ਨਾਲ ਜਿੰਨਾ ਨਜ਼ਦੀਕੀ ਸਬੰਧ ਹੋਵੇ, ਜਿੰਨਾ ਪ੍ਰੇਮ ਹੋਵੇ, ਮਨ ਉਸਦੇ ਓਨੇਂ ਹੀ ਨਾਂ ਰੱਖ ਲੈਂਦਾ ਹੈ। ਦੇਸ਼ ਦੇ ਵੱਖੋ-ਵੱਖਰੇ ਸੂਬਿਆਂ ਵਿੱਚ, ਭਾਸ਼ਾਵਾਂ ਵਿੱਚ, ਬੋਲੀਆਂ ਵਿੱਚ ਤਾਲਾਬਾਂ ਦੇ ਅਨੇਕ ਨਾਂ ਹਨ। ਬੋਲੀਆਂ ਦੇ ਸ਼ਬਦ ਕੋਸ਼ਾਂ ਵਿੱਚ, ਉਨ੍ਹਾਂ ਦੇ ਵਿਆਕਰਣ ਗ੍ਰੰਥਾਂ ਵਿੱਚ, ਸਮਾਨਾਰਥੀ ਸ਼ਬਦਾਂ ਦੀ ਸੂਚੀ ਵਿੱਚ ਤਾਲਾਬਾਂ ਦੇ ਅਨੇਕਾਂ ਨਾਂ ਹਨ। ਡਿੰਗਲ ਭਾਸ਼ਾ ਦੇ ਵਿਆਕਰਣ ਦੇ ਗ੍ਰੰਥ ਹਮੀਰ ਨਾਮ ਦੀ ਮਾਲਾ ਵਿੱਚ ਤਾਲਾਬਾਂ ਦੇ ਉਨ੍ਹਾਂ ਦੇ ਸੁਭਾਅ ਦਾ ਵਰਨਣ ਕਰਦਿਆਂ ਤਾਲਾਬਾਂ ਨੂੰ 'ਧਰਮ ਸੁਭਾਅ' ਵੀ ਕਿਹਾ ਗਿਆ ਹੈ।

ਲੋਕ ਧਰਮ ਸੁਭਾਅ ਨਾਲ ਜੁੜ ਜਾਂਦਾ ਹੈ। ਪ੍ਰਸੰਗ ਜੇਕਰ ਸੁੱਖ ਦਾ ਹੋਵੇ ਤਾਂ ਤਾਲਾਬ ਬਣ ਜਾਵੇਗਾ। ਪ੍ਰਸੰਗ ਜੇਕਰ ਦੁੱਖ ਦਾ ਹੋਵੇ ਤਾਂ ਵੀ ਤਾਲਾਬ ਬਣ ਜਾਏਗਾ। ਜੈਸਲਮੇਰ, ਬਾੜਮੇਰ ਵਿੱਚ ਪਰਿਵਾਰ ਦੇ ਸਾਧਨ ਜੇ ਘੱਟ ਹੁੰਦੇ ਸਨ, ਪੂਰਾ ਤਾਲਾਬ ਬਣਾਉਣ ਦੀ ਗੁੰਜਾਇਸ਼ ਨਹੀਂ ਹੁੰਦੀ ਸੀ ਤਾਂ ਸੀਮਤ ਸਾਧਨਾਂ ਨਾਲ ਪੁਰਾਣੇ ਤਾਲਾਬਾਂ ਦੀ ਹੀ ਮੁਰੰਮਤ ਕਰ ਲਈ ਜਾਂਦੀ। ਮੌਤ ਕਿਸ ਪਰਿਵਾਰ ਵਿੱਚ ਨਹੀਂ ਆਉਂਦੀ? ਹਰ ਪਰਿਵਾਰ ਆਪਣੇ ਚਹੇਤੇ ਦੇ ਦੁੱਖ ਨੂੰ ਸਮਾਜ ਦੇ ਸੁੱਖ ਲਈ ਤਾਲਾਬ ਨਾਲ ਜੋੜ ਦਿੰਦਾ ਸੀ।

ਪੂਰੇ ਸਮਾਜ ਉੱਤੇ ਜਦੋਂ ਦੁੱਖ ਆਉਂਦਾ, ਅਕਾਲ ਪੈਂਦਾ, ਉਦੋਂ ਵੀ ਤਾਲਾਬ ਬਣਾਉਣ ਦਾ ਕੰਮ ਕੀਤਾ ਜਾਂਦਾ। ਲੋਕਾਂ ਨੂੰ ਫੌਰੀ ਰਾਹਤ ਮਿਲਦੀ ਅਤੇ ਪਾਣੀ ਦਾ ਇੰਤਜ਼ਾਮ ਹੋਣ ਤੋਂ ਬਾਅਦ ਵੀ, ਕਦੀ ਆ ਸਕਣ ਵਾਲੇ ਦੁੱਖ ਨੂੰ ਸਹਿ ਸਕਣ ਦੀ ਸ਼ਕਤੀ ਸਮਾਜ ਵਿੱਚ ਪੈਦਾ ਹੁੰਦੀ ਸੀ। ਬਿਹਾਰ ਦੇ ਮਧੂਬਨੀ ਇਲਾਕੇ ਵਿੱਚ ਛੇਵੀਂ ਸਦੀ ਵਿੱਚ ਇੱਕ ਵੱਡੇ ਅਕਾਲ ਦੇ ਸਮੇਂ ਪੂਰੇ ਖੇਤਰ ਦੇ ਪਿੰਡਾਂ ਨੇ ਆਪਸ ਵਿੱਚ ਮਿਲ






ਕੇ 63 ਤਾਲਾਬ ਬਣਾਏ ਸਨ। ਇੰਨੀ ਵੱਡੀ ਯੋਜਨਾ ਬਣਾਉਣ ਤੋਂ ਲੈ ਕੇ ਉਸਨੂੰ ਪੂਰੀ ਕਰਨ ਤੱਕ ਕਿੰਨਾ ਵੱਡਾ ਸੰਗਠਨ ਬਣਿਆ ਹੋਵੇਗਾ, ਕਿੰਨੇ ਸਾਧਨ ਜੁਟਾਏ ਹੋਣਗੇ, ਨਵੇਂ ਲੋਕ, ਨਵੀਆਂ ਸਮਾਜਿਕ ਸੰਸਥਾਵਾਂ ਅਤੇ ਰਾਜਨੀਤਿਕ ਪਾਰਟੀਆਂ ਸੋਚ ਕੇ ਤਾਂ ਵੇਖਣ! ਮਧੂਬਨੀ ਦੇ ਇਹ ਤਾਲਾਬ ਅੱਜ ਵੀ ਹਨ, ਲੋਕੀ ਉਨ੍ਹਾਂ ਨੂੰ ਬਣਾਉਣ ਵਾਲਿਆਂ ਨੂੰ ਅੱਜ ਵੀ ਸ਼ੁਕਰਾਨੇ ਨਾਲ ਯਾਦ ਕਰਦੇ ਹਨ।

ਕਿਤੇ ਇਨਾਮ ਵਜੋਂ ਤਾਲਾਬ ਬਣਾ ਦਿੱਤਾ ਜਾਂਦਾ ਸੀ ਤੇ ਕਿਤੇ ਤਾਲਾਬ ਬਣਾਉਣ ਦਾ ਇਨਾਮ ਮਿਲਦਾ ਸੀ। ਗੋਂਡ ਰਾਜਿਆਂ ਦੀਆਂ ਹੱਦਾਂ ਵਿੱਚ ਜਿਹੜਾ ਵੀ ਤਾਲਾਬ ਬਣਦਾ, ਉਸਦੇ ਥੱਲੇ ਦੀ ਜ਼ਮੀਨ ਦਾ ਲਗਾਨ ਨਹੀਂ ਦੇਣਾ ਪੈਂਦਾ ਸੀ। ਸੰਭਲਪੁਰ ਖੇਤਰ ਵਿੱਚ ਇਹ ਰਵਾਇਤ ਖ਼ਾਸ ਤੌਰ ਨਾਲ ਪ੍ਰਚਲਿਤ ਸੀ।

ਦੰਡ ਵਿਧਾਨ ਵਿੱਚ ਵੀ ਤਾਲਾਬ ਦਾ ਜ਼ਿਕਰ ਮਿਲਦਾ ਹੈ। ਬੁੰਦੇਲਖੰਡ ਦੀਆਂ ਜਾਤਾਂ ਦੇ ਝਗੜੇ ਵਿੱਚ ਪੰਚਾਇਤਾਂ ਜਦੋਂ ਕਿਸੇ ਨੂੰ ਸਜ਼ਾ ਦਿੰਦੀਆਂ ਤਾਂ ਤਾਲਾਬ ਬਣਾਉਣ ਲਈ ਕਹਿੰਦੀਆਂ ਸਨ। ਇਹ ਰਵਾਇਤ ਅੱਜ ਵੀ ਰਾਜਸਥਾਨ ਵਿੱਚ ਚੱਲਦੀ ਹੈ। ਅਲਵਰ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਗੋਪਾਲਪੁਰਾ ਵਿੱਚ ਪੰਚਾਇਤੀ ਫ਼ੈਸਲੇ ਨਾ ਮੰਨਣ ਵਾਲਿਆਂ ਤੋਂ ਕੁੱਝ ਪੈਸਾ ਸਜ਼ਾ ਵਜੋਂ ਪੰਚਾਇਤ ਕੋਸ਼ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ। ਉਸ ਪੈਸੇ ਨਾਲ ਉੱਥੇ ਪਿਛਲੇ ਸਮੇਂ ਦੌਰਾਨ ਛੋਟੇ-ਛੋਟੇ ਤਾਲਾਬ ਬਣਵਾਏ ਗਏ ਹਨ।

ਸਮਾਜ ਦੇ ਨਾਲ ਘਟੋਇਆ ਬਾਬਾ ਵੀ ਤਾਲਾਬ ਦੇ ਪਾਲਣਹਾਰ ਹਨ



ਦੱਬਿਆ ਹੋਇਆ ਖ਼ਜ਼ਾਨਾ ਜੇਕਰ ਕਿਸੇ ਦੇ ਹੱਥ ਲੱਗ ਜਾਂਦਾ ਤਾਂ ਉਸ ਨੂੰ ਆਪਣੇ 'ਤੇ ਨਹੀਂ, ਸਗੋਂ ਲੋਕਾਂ ਦੀ ਭਲਾਈ 'ਤੇ ਖ਼ਰਚਣ ਦੀ ਪਰੰਪਰਾ ਰਹੀ ਹੈ। ਪਰਉਪਕਾਰ ਦਾ ਮਤਲਬ ਅਕਸਰ ਇਹ ਹੁੰਦਾ ਸੀ ਕਿ ਸੰਬੰਧਿਤ ਵਿਅਕਤੀ ਤਾਲਾਬ ਬਣਵਾਵੇ ਜਾਂ ਉਸਦੀ ਮੁਰੰਮਤ ਕਰਾਵੇ। ਕਿਹਾ ਜਾਂਦਾ ਹੈ ਕਿ ਬੁੰਦੇਲਖੰਡ ਦੇ ਮਹਾਰਾਜ ਛਤਰਸਾਲ ਦੇ ਪੁੱਤਰ ਨੂੰ ਦੱਬੇ ਹੋਏ ਖ਼ਜ਼ਾਨੇ ਦਾ ਪਤਾ ਲੱਗਿਆ ਸੀ। ਉਸ ਨੇ ਉਹ ਖ਼ਜ਼ਾਨਾ ਪੁੱਟ

**ਸ਼ਾਇਦ ਅੱਜ ਜ਼ਿਆਦਾ ਪੜ੍ਹ ਲਿਖ ਗਏ ਲੋਕ ਆਪਣੇ ਸਮਾਜ ਤੋਂ ਕਟ ਜਾਂਦੇ ਹਨ। ਪਰ ਉਦੋਂ ਵੱਡੇ ਵਿਦਿਆ ਕੇਂਦਰਾਂ ਵਿੱਚੋਂ ਨਿਕਲਣ ਵਾਲੇ ਵਿਦਿਆਰਥੀਆਂ ਨਾਲ ਤਾਲਾਬ ਬਣਾਉਣ ਦੀਆਂ ਕਹਾਣੀਆਂ ਜੁੜ ਜਾਂਦੀਆਂ ਸਨ। ਮਧੂਬਨੀ, ਦਰਭੰਗਾ ਖੇਤਰਾਂ ਵਿੱਚ ਇਹ ਰਵਾਇਤ ਬਹੁਤ ਬਾਅਦ ਤੱਕ ਚਲਦੀ ਰਹੀ ਹੈ।**

ਸੁੱਟਿਆ। ਮਹਾਰਾਜ ਨੂੰ ਪਤਾ ਚੱਲਿਆ ਤਾਂ ਉਹ ਬੇਹੱਦ ਨਾਰਾਜ਼ ਹੋਏ। ਪਰ ਉਨ੍ਹਾਂ ਨੇ ਕਿਹਾ ਕਿ ਜੇਕਰ ਖ਼ਜ਼ਾਨਾ ਪੁੱਟ ਹੀ ਲਿਆ ਹੈ ਤਾਂ ਉਸ ਨੂੰ ਚੰਗੇ ਕੰਮ ਵਿੱਚ ਲਾਉਣਾ ਤੇਰਾ ਫ਼ਰਜ਼ ਬਣਦਾ ਹੈ। ਪਿਤਾ ਨੇ ਪੁੱਤਰ ਨੂੰ ਹੁਕਮ ਦਿੱਤਾ ਕਿ 'ਚੰਦੇਲਾਂ ਵੱਲੋਂ ਬਣਵਾਏ ਹਰੇਕ ਤਾਲਾਬ ਦੀ ਮੁਰੰਮਤ ਕਰਵਾਈ ਜਾਏ ਅਤੇ ਨਵੇਂ ਤਾਲਾਬ ਬਣਵਾਏ ਜਾਣ।' ਖ਼ਜ਼ਾਨਾ ਬਹੁਤ ਵੱਡਾ ਸੀ। ਪੁਰਾਣੇ ਤਾਲਾਬਾਂ ਦੀ ਮੁਰੰਮਤ ਹੋ ਗਈ ਅਤੇ ਨਵੇਂ ਵੀ ਬਣਨੇ ਸ਼ੁਰੂ ਹੋ ਗਏ। ਵੰਸ਼ਾਵਲੀ ਦੇਖ ਕੇ ਬਿਕਰਮੀ ਸੰਮਤ 286 ਤੋਂ 1162 ਤੱਕ ਦੀਆਂ 22 ਪੀੜ੍ਹੀਆਂ ਦੇ ਨਾਵਾਂ ਉੱਤੇ ਪੂਰੇ 22 ਵੱਡੇ-ਵੱਡੇ ਤਾਲਾਬ ਬਣਵਾਏ ਗਏ। ਇਹ ਬੁੰਦੇਲਖੰਡ ਵਿੱਚ ਅੱਜ ਵੀ ਹਨ।

ਦੱਬਿਆ ਪੈਸਾ ਹਰੇਕ ਨੂੰ ਨਹੀਂ ਮਿਲਦਾ। ਪਰ ਹਰੇਕ ਨੂੰ ਤਾਲਾਬ ਨਾਲ ਜੋੜ ਕੇ ਦੇਖਣ ਦੀਆਂ ਮਾਨਤਾਵਾਂ ਵੀ ਸਮਾਜ ਵਿੱਚ ਰਹੀਆਂ ਹਨ। ਮੱਸਿਆ ਅਤੇ ਪੁੰਨਿਆ ਨੂੰ ਸਮਾਜਿਕ ਕੰਮਾਂ ਲਈ ਸ਼ੁਭ ਮੰਨਿਆ ਗਿਆ ਹੈ। ਇਨ੍ਹਾਂ ਦੋਹਾਂ ਦਿਨਾਂ ਨੂੰ ਆਪਣੇ ਨਿਜੀ ਕੰਮ ਛੱਡ ਕੇ ਸਮਾਜਕ ਕੰਮਾਂ ਨਾਲ ਜੁੜਨ ਦੇ ਦਿਨ ਮੰਨਿਆ ਗਿਆ ਹੈ। ਕਿਸਾਨ ਮੱਸਿਆ ਅਤੇ ਪੁੰਨਿਆ ਨੂੰ ਆਪਣੇ ਖੇਤਾਂ ਵਿੱਚ ਕੰਮ ਨਹੀਂ ਕਰਦੇ ਸਨ। ਇਸ ਸਮੇਂ ਦੀ ਵਰਤੋਂ ਉਹ ਆਪਣੇ ਖੇਤਰ ਦੇ ਤਾਲਾਬਾਂ ਦੀ ਮੁਰੰਮਤ ਲਈ ਕਰਦੇ ਸਨ। ਸਮਾਜ ਵਾਸਤੇ ਕਿਰਤ ਵੀ ਪੂੰਜੀ ਹੀ ਹੈ। ਪੂੰਜੀ ਦੀ ਵਰਤੋਂ ਆਪਣੇ ਨਿਜੀ ਹਿਤ ਤੋਂ ਇਲਾਵਾ ਸਮਾਜ ਦੇ ਭਲੇ ਲਈ ਵੀ ਕੀਤੀ ਜਾਂਦੀ ਸੀ।


ਕਿਰਤ ਦੇ ਨਾਲ-ਨਾਲ ਪੂੰਜੀ ਦਾ ਵੱਖਰਾ ਪ੍ਰਬੰਧ ਕੀਤਾ ਜਾਂਦਾ ਰਿਹਾ ਹੈ। ਇਸ ਪੂੰਜੀ ਦੀ ਲੋੜ ਅਕਸਰ ਠੰਢ ਤੋਂ ਬਾਅਦ ਪਾਣੀ ਉੱਤਰਨ ਮਗਰੋਂ ਪੈਂਦੀ ਸੀ।

ਜਦੋਂ ਗਰਮੀ ਦਾ ਮੌਸਮ ਸਾਹਮਣੇ ਖੜ੍ਹਾ ਹੁੰਦਾ ਸੀ ਤਾਂ ਉਸ ਸਮੇਂ ਨੂੰ ਤਾਲਾਬ ਦੀ ਮੁਰੰਮਤ ਲਈ ਸਭ ਤੋਂ ਵਧੀਆ ਸਮਾਂ ਮੰਨਿਆ ਜਾਂਦਾ ਸੀ। ਸਾਲ ਦੀਆਂ 12



ਪੂਰਨਮਾਸ਼ੀਆਂ ਵਿੱਚੋਂ ਗਿਆਰਾਂ ਨੂੰ ਕਿਰਤਦਾਨ ਵਾਸਤੇ ਰੱਖਿਆ ਜਾਂਦਾ ਰਿਹਾ ਹੈ। ਪੁੰਨਿਆ ਨੂੰ ਤਾਲਾਬ ਲਈ ਕਣਕ ਅਤੇ ਪੈਸਾ ਇਕੱਠਾ ਕਰਨ ਦੀ ਪ੍ਰੰਪਰਾ ਰਹੀ ਹੈ। ਛੱਤੀਸਗੜ੍ਹ ਵਿੱਚ ਉਸ ਦਿਨ ਛੇਰ-ਛੇਰਾ ਤਿਓਹਾਰ ਮਨਾਇਆ ਜਾਂਦਾ ਹੈ। ਉਸ ਦਿਨ ਲੋਕੀਂ ਇਕੱਠੇ ਹੋ ਕੇ ਨਿੱਕਲਦੇ ਹਨ, ਗੀਤ ਗਾਉਂਦੇ ਜਾਂਦੇ ਹਨ, ਘਰ-ਘਰ ਜਾ ਕੇ ਚਾਵਲ ਇਕੱਠੇ ਕਰਦੇ ਹਨ। ਫ਼ਸਲ ਕੱਟ ਕੇ ਘਰ ਆ ਚੁੱਕੀ ਹੁੰਦੀ ਹੈ। ਹਰੇਕ ਘਰ ਆਪਣੀ ਗੁੰਜਾਇਸ਼ ਦੇ ਮੁਤਾਬਿਕ਼ ਦਾਨ ਕਰਦਾ ਹੈ। ਇਸ ਤਰ੍ਹਾਂ ਜਮ੍ਹਾਂ ਕੀਤਾ ਚਾਵਲ ਪਿੰਡ ਦੇ ਖ਼ਜ਼ਾਨੇ ਵਿੱਚ ਰੱਖਿਆ ਜਾਂਦਾ ਹੈ। ਇਸੇ ਖ਼ਜ਼ਾਨੇ ਦੀ ਜਮ੍ਹਾਂ ਰਾਸ਼ੀ ਵਿੱਚੋਂ ਆਉਣ ਵਾਲੇ ਦਿਨਾਂ ਵਿੱਚ ਤਾਲਾਬ ਦੀ ਟੁੱਟ-ਭੱਜ ਦੀ ਮੁਰੰਮਤ ਦਾ ਕੰਮ ਕੀਤਾ ਜਾਂਦਾ ਹੈ।

ਸਾਂਝੇ ਤਾਲਾਬਾਂ ਵਿੱਚ ਤਾਂ ਸਭ ਦੀ ਕਿਰਤ ਤੇ ਪੂੰਜੀ ਲਗਦੀ ਹੀ ਸੀ, ਨਿਜੀ ਤਾਲਾਬਾਂ ਵਿੱਚ ਵੀ ਲੋਕਾਂ ਦਾ ਯੋਗਦਾਨ ਜ਼ਰੂਰੀ ਮੰਨਿਆ ਜਾਂਦਾ ਸੀ। ਤਾਲਾਬ ਬਣਾਉਣ ਮਗਰੋਂ, ਉਸ ਇਲਾਕ਼ੇ ਦੀ ਸ਼ਾਮਲਾਟ ਜ਼ਮੀਨਾਂ ਤੋਂ ਲਿਆਂਦੀ ਮਿੱਟੀ ਤਾਲਾਬ ਵਿੱਚ ਪਾਉਣ ਦੀ ਰੀਤ ਅੱਜ ਵੀ ਹੈ। ਛੱਤੀਸਗੜ੍ਹ ਵਿੱਚ ਤਾਲਾਬ ਬਣਦਿਆਂ ਹੀ ਉਸ ਵਿੱਚ ਅਸਤਬਲ, ਹਾਥੀਖਾਨਾ, ਬਾਜ਼ਾਰ, ਸ਼ਮਸ਼ਾਨ ਘਾਟ, ਵੇਸਵਾ ਘਰ, ਅਖਾੜਿਆਂ, ਮੰਦਿਰ ਅਤੇ ਸਕੂਲਾਂ ਦੀ ਮਿੱਟੀ ਪਾਈ ਜਾਂਦੀ ਸੀ।




ਸੱਤ ਮਾਤਾਵਾਂ ਦਾ ਥਾਨ

ਸ਼ਾਇਦ ਅੱਜ ਜ਼ਿਆਦਾ ਪੜ੍ਹ ਲਿਖ ਗਏ ਲੋਕ ਆਪਣੇ ਸਮਾਜ ਤੋਂ ਕਟ ਜਾਂਦੇ ਹਨ। ਪਰ ਉਦੋਂ ਵੱਡੇ ਵਿਦਿਆ ਕੇਂਦਰਾਂ ਵਿੱਚੋਂ ਨਿੱਕਲਣ ਵਾਲੇ ਵਿਦਿਆਰਥੀਆਂ ਨਾਲ ਤਾਲਾਬ ਬਣਾਉਣ ਦੀਆਂ ਕਹਾਣੀਆਂ ਜੁੜ ਜਾਂਦੀਆਂ ਸਨ। ਮਧੂਬਨੀ, ਦਰਭੰਗਾ ਖੇਤਰਾਂ ਵਿੱਚ ਇਹ ਰਵਾਇਤ ਬਹੁਤ ਬਾਅਦ ਤੱਕ ਚਲਦੀ ਰਹੀ ਹੈ।

ਤਾਲਾਬਾਂ ਵਿੱਚ ਪ੍ਰਾਣ ਹਨ। ਇਸ ਕਰਕੇ ਪ੍ਰਾਣ ਪ੍ਰਤਿਸ਼ਠਾ ਦਾ ਉਤਸਵ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਸੀ। ਉਸੇ ਦਿਨ ਉਸਦਾ ਨਾਂ ਵੀ ਰੱਖਿਆ ਜਾਂਦਾ ਸੀ। ਕਿਤੇ-ਕਿਤੇ ਤਾਮਰਪੱਤਰ ਜਾਂ ਸ਼ਿਲਾਲੇਖ ਉੱਤੇ ਪੂਰਾ ਵੇਰਵਾ ਵੀ ਉੱਕਰਿਆ ਜਾਂਦਾ ਸੀ।

ਕਿਤੇ-ਕਿਤੇ ਤਾਲਾਬਾਂ ਦਾ ਪੂਰੀ ਵਿਧੀ ਨਾਲ ਵਿਆਹ ਵੀ ਹੁੰਦਾ ਸੀ। ਛੱਤੀਸਗੜ੍ਹ ਵਿੱਚ ਇਹ ਰਵਾਇਤ ਅੱਜ ਵੀ ਜਾਰੀ ਹੈ। ਵਿਆਹ ਤੋਂ ਪਹਿਲਾਂ ਤਾਲਾਬ ਦੇ ਪਾਣੀ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਨਾ ਉਸ ਵਿੱਚੋਂ ਪਾਣੀ ਕੱਢਿਆ ਜਾਂਦਾ ਸੀ ਅਤੇ ਨਾ ਹੀ ਤਾਲਾਬ ਨੂੰ ਪਾਰ ਕੀਤਾ ਜਾਂਦਾ ਸੀ। ਵਿਆਹ ਵਿੱਚ ਇਲਾਕ਼ੇ



ਕਜਲੀਆਂ

ਦੇ ਸਾਰੇ ਲੋਕ, ਹੁਮ-ਹੁਮਾ ਕੇ ਆਉਂਦੇ। ਆਲੇ-ਦੁਆਲੇ ਦੇ ਮੰਦਿਰਾਂ 'ਚੋਂ ਮਿੱਟੀ ਲਿਆਂਦੀ ਜਾਂਦੀ, ਗੰਗਾ ਜਲ ਲਿਆਂਦਾ ਜਾਂਦਾ, ਇਸੇ ਦੇ ਨਾਲ ਹੋਰ ਪੰਜ-ਸੱਤ ਖੂਹਾਂ ਜਾਂ ਤਾਲਾਬਾਂ ਦਾ ਪਾਣੀ ਮਿਲਾ ਕੇ ਵਿਆਹ ਪੂਰਾ ਹੁੰਦਾ। ਕਿਤੇ-ਕਿਤੇ ਤਾਲਾਬ ਬਣਾਉਣ ਵਾਲੇ ਆਪਣੀ ਹੈਸੀਅਤ ਦੇ ਹਿਸਾਬ ਨਾਲ ਦਹੇਜ ਤੱਕ ਦਾ ਵੀ ਪ੍ਰਬੰਧ ਕਰਦੇ ਸਨ। ਵਿਆਹ ਦੀ ਯਾਦਗਾਰ ਵੀ ਬਣਾਈ ਜਾਂਦੀ। ਬਹੁਤ ਬਾਅਦ ਵਿੱਚ ਜਦੋਂ ਤਾਲਾਬ ਦੀ ਸਫ਼ਾਈ ਵਗ਼ੈਰਾ ਹੁੰਦੀ, ਉਦੋਂ ਵੀ ਉਸ ਘਟਨਾ ਨੂੰ ਯਾਦ ਵਿੱਚ ਥੰਮ੍ਹ ਲਗਾਉਣ ਦੀ ਰਵਾਇਤ ਰਹੀ ਹੈ।

ਅੱਜ ਵੱਡੇ ਸ਼ਹਿਰਾਂ ਦੀ ਪਰਿਭਾਸ਼ਾ ਉਸ ਦੀ ਆਬਾਦੀ ਨਿਸ਼ਚਿਤ ਕਰਦੀ ਹੈ। ਪਹਿਲਾਂ ਵੱਡੇ ਸ਼ਹਿਰ ਜਾਂ ਪਿੰਡ ਦੀ ਪਰਿਭਾਸ਼ਾ ਉਸਦੇ ਤਾਲਾਬਾਂ ਦੀ ਗਿਣਤੀ ਨਿਸ਼ਚਿਤ ਕਰਦੀ ਸੀ। ਕਿੰਨੀ ਆਬਾਦੀ ਵਾਲਾ ਸ਼ਹਿਰ ਜਾਂ ਪਿੰਡ ਹੈ, ਇਸ ਦੀ ਥਾਂ ਪੁੱਛਿਆ ਜਾਂਦਾ ਸੀ ਕਿ ਕਿੰਨੇ ਤਾਲਾਬਾਂ ਵਾਲਾ ਪਿੰਡ ਹੈ। ਅੱਜ ਦੇ ਬਿਲਾਸਪੁਰ ਜ਼ਿਲ੍ਹੇ ਦੇ ਮਲਹਾਰ ਖੇਤਰ ਵਿੱਚ, ਜਿਹੜਾ ਈਸਾ ਤੋਂ ਪਹਿਲਾਂ ਵਸਿਆ ਸੀ, ਪੂਰੇ 126 ਤਾਲਾਬ ਸਨ। ਉਸੇ ਖੇਤਰ ਵਿੱਚ ਰਤਨਪੁਰ, ਖਰੌਦੀ, ਰਾਇਪੁਰ ਦੇ ਆਰੰਗ ਤੇ ਕੁਬਰਾ ਅਤੇ ਸਰਗੁਜਾ ਜ਼ਿਲ੍ਹੇ ਦੇ ਦੀਪਾਡੀਹ ਪਿੰਡ ਵਿੱਚ ਅੱਜ ਅੱਠ ਸੌ-ਹਜ਼ਾਰ ਸਾਲ ਬਾਅਦ ਵੀ ਪੂਰੇ 126 ਤਾਲਾਬ ਗਿਣੇ ਜਾ ਸਕਦੇ ਹਨ।

ਇਨ੍ਹਾਂ ਤਾਲਾਬਾਂ ਦੇ ਲੰਮੇ ਜੀਵਨ ਦਾ ਇੱਕ ਵੱਡਾ ਕਾਰਨ ਸੀ, ਲੋਕਾਂ ਦੀ ਮਮਤਾ। ਇਹ ਮੇਰਾ ਹੈ, ਸਾਡਾ ਆਪਣਾ ਹੈ। ਅਜਿਹੀ ਸ਼ਰਧਾ ਤੋਂ ਬਾਅਦ ਰੱਖ-ਰਖਾਅ ਵਰਗੇ ਸ਼ਬਦ ਬਹੁਤ ਬੌਣੇ ਲੱਗਣ ਲੱਗ ਜਾਂਦੇ ਹਨ। ਭੁਜਲੀਆ ਦੇ ਅੱਠੋ ਅੰਗ ਪਾਣੀ ਵਿੱਚ ਡੁੱਬ ਸਕਣ, ਇੰਨਾ ਪਾਣੀ ਤਾਲਾਬ ਵਿੱਚ ਰਹੇ, ਅਜਿਹੇ ਗੀਤ ਗਾਉਣ ਵਾਲੀਆਂ, ਅਜਿਹੀ ਕਾਮਨਾ ਕਰਨ ਵਾਲੀਆਂ ਔਰਤਾਂ ਸਨ ਉਨ੍ਹਾਂ ਦੇ ਪਿੱਛੇ ਪੂਰਾ ਸਮਾਜ ਵੀ ਸੀ, ਜਿਹੜਾ ਆਪਣਾ ਫ਼ਰਜ਼ ਪੂਰਾ ਕਰਨ ਲਈ ਅਜਿਹਾ ਵਾਤਾਵਰਣ ਬਣਾਉਂਦਾ ਸੀ। ਘਰਗੈਲ, ਘਰਮੈਲ ਭਾਵ ਸਾਰੇ ਘਰਾਂ ਵਿੱਚ ਮੇਲ ਦੇ ਹਿਸਾਬ ਨਾਲ ਤਾਲਾਬਾਂ ਦਾ ਕੰਮ ਹੁੰਦਾ ਸੀ।

ਸਭ ਦਾ ਮੇਲ ਤੀਰਥ ਹੈ। ਜਿਹੜਾ ਤੀਰਥ ਨਾ ਜਾ ਸਕੇ, ਉਹ ਆਪਣੇ ਇਲਾਕੇ ਵਿੱਚ ਤਾਲਾਬ ਬਣਾ ਕੇ ਪੁੰਨ ਕਮਾ ਸਕਦਾ ਸੀ। ਤਾਲਾਬ ਬਣਾਉਣ ਵਾਲੇ ਪੁੰਨਆਤਮਾ ਮੰਨੇ ਜਾਂਦੇ ਸਨ, ਮਹਾਤਮਾ ਕਹਾਉਂਦੇ ਸਨ। ਜਿਹੜਾ ਤਾਲਾਬ ਬਚਾਏ ਉਸਦੀ ਵੀ ਓਨੀ ਹੀ ਮਾਨਤਾ ਸੀ। ਇਸੇ ਤਰ੍ਹਾਂ ਤਾਲਾਬ ਵੀ ਤੀਰਥ ਸੀ। ਉੱਥੇ ਮੇਲੇ ਲਗਦੇ,




ਮੇਲਿਆਂ ਉੱਤੇ ਇਕੱਠਾ ਹੋਣ ਵਾਲਾ ਸਮਾਜ ਤਾਲਾਬ ਨੂੰ ਆਪਣੀਆਂ ਅੱਖਾਂ ਵਿੱਚ, ਮਨ ਵਿੱਚ ਵਸਾ ਲੈਂਦਾ ਸੀ।

ਤਾਲਾਬ ਹਮੇਸ਼ਾ ਸਮਾਜ ਦੇ ਮਨ ਵਿੱਚ ਰਿਹਾ ਹੈ, ਕਿਤੇ-ਕਿਤੇ ਉਸਦੇ ਤਨ ਵਿੱਚ ਵੀ। ਬਹੁਤ ਸਾਰੇ ਬਨਵਾਸੀ ਸਮਾਜ ਤਾਲਾਬ, ਬੌੜੀ ਆਪਣੇ ਸਰੀਰ ਦੇ ਅੰਗਾਂ ਉੱਤੇ ਗੁਦਵਾਉਂਦੇ ਹਨ। ਗੁਦਵਾਏ ਹੋਏ ਚਿੰਨ੍ਹਾਂ ਵਿੱਚ ਪਸ਼ੂ-ਪੰਛੀਆਂ ਤੋਂ ਇਲਾਵਾ ਫੁੱਲ ਆਦਿ ਦੇ ਨਾਲ-ਨਾਲ ਸਾਰਿਆਂ ਸਮਾਜਾਂ ਵਿੱਚ ਸੀਤਾ ਬੌੜੀ ਅਤੇ ਸਾਧਾਰਨ ਬੌੜੀ ਦੇ ਚਿੰਨ੍ਹ ਵੀ ਪ੍ਰਚਲਿਤ ਹਨ। ਸਹਰੀਆ ਸ਼ਬਰੀ (ਭੀਲਣੀ) ਨੂੰ ਆਪਣਾ ਪੂਰਵਜ ਮੰਨਦੇ ਹਨ। ਸੀਤਾ ਜੀ ਨਾਲ ਵਿਸ਼ੇਸ਼ ਸਬੰਧ ਹੈ। ਇਸ ਲਈ ਸਹਰੀਆ ਸਮਾਜ ਆਪਣੀਆਂ ਪਿੰਡਲੀਆਂ ਉੱਤੇ ਸੀਤਾ ਬੌੜੀ ਬੇਹੱਦ ਚਾਅ ਨਾਲ ਗੁਦਵਾਉਂਦਾ ਹੈ।

ਸੀਤਾ ਬੌੜੀ ਆਇਤਾਕਾਰ ਹੈ। ਅੰਦਰ ਲਹਿਰਾਂ ਹਨ। ਬਿਲਕੁਲ ਵਿਚਾਲੇ ਇੱਕ ਬਿੰਦੂ ਹੈ, ਜਿਹੜਾ ਜੀਵਨ ਦਾ ਪ੍ਰਤੀਕ ਹੈ। ਆਇਤ ਦੇ ਬਾਹਰ ਪੌੜੀਆਂ ਹਨ ਅਤੇ ਚਾਰੇ ਕੋਣਿਆਂ ਉੱਤੇ ਫੁੱਲ ਹਨ, ਫੁੱਲ ਵਿੱਚ ਹੈ ਜੀਵਨ ਦੀ ਸੁਗੰਧ। ਇਹ ਸਾਰੀਆਂ ਗੱਲਾਂ ਇੱਕ ਸਰਲ ਜਿਹੇ ਰੇਖਾ-ਚਿੱਤਰ ਵਿੱਚ ਉਤਾਰ ਸਕਣਾ ਬੇਹੱਦ ਔਖਾ ਕੰਮ ਹੈ। ਪ੍ਰੰਤੂ ਗੋਦਣ ਵਾਲੇ ਕਲਾਕਾਰ ਅਤੇ ਗੁਦਵਾਉਣ ਵਾਲੇ ਮਰਦ-ਔਰਤਾਂ ਦਾ ਮਨ ਤਾਲਾਬ, ਬੌੜੀ ਵਿੱਚ ਇੰਨਾ ਰਚਿਆ ਵਸਿਆ ਹੈ ਕਿ ਅੱਠ-ਦਸ ਰੇਖਾਵਾਂ, ਦਸ ਕੁ ਬਿੰਦੀਆਂ ਪੂਰੀ ਤਸਵੀਰ ਨੂੰ ਤਨ ਉੱਤੇ ਸਹਿਜ ਹੀ ਉਕੇਰ ਦਿੰਦੀਆਂ ਹਨ। ਇਹ ਗੀਤ ਤਾਮਿਲਨਾਡੂ ਦੇ ਦੱਖਣ ਆਰਕਾਟ ਜ਼ਿਲ੍ਹੇ ਦੇ ਕੁੰਰਾਊਂ ਸਮਾਜ ਵਿੱਚ ਵੀ ਹੈ। ਜਿਸਦੇ ਮਨ ਵਿੱਚ,

ਤਨਮਨ ਵਿੱਚ ਰਚੀ ਵਸੀ ਸੀਤਾ ਬੌੜੀ



**ਕੋਈ ਤਾਲਾਬ ਇਕੱਲਾ ਨਹੀਂ ਹੈ। ਉਹ ਭਰੇ-ਪੂਰੇ ਪਰਿਵਾਰ ਦਾ ਜੀਅ ਹੈ। ਉਸ ਵਿੱਚ ਸਭ ਲਈ ਪਾਣੀ ਹੈ, ਉਸਦਾ ਪਾਣੀ ਸਭ ਵਿੱਚ ਹੈ। ਅਜਿਹੀ ਮਾਨਤਾ ਰੱਖਣ ਵਾਲਿਆਂ ਨੇ ਸੱਚਮੁੱਚ ਇੱਕ ਅਜਿਹਾ ਤਾਲਾਬ ਬਣਾ ਦਿੱਤਾ ਸੀ। ਜਗਨਨਾਥ ਪੁਰੀ ਮੰਦਿਰ ਦੇ ਕੋਲ ਬਿੰਦੂ ਸਾਗਰ ਵਿੱਚ ਦੇਸ਼ ਭਰ ਦੇ ਹਰ ਜਲ-ਸ੍ਰੋਤਾਂ ਦਾ, ਨਦੀਆਂ ਦਾ ਅਤੇ ਸਮੁੰਦਰਾਂ ਦਾ ਪਾਣੀ ਮਿਲਿਆ ਹੈ। ਦੂਰ-ਦੂਰ ਤੋਂ, ਵੱਖ-ਵੱਖ ਦਿਸ਼ਾਵਾਂ ਤੋਂ ਪੁਰੀ ਆਉਣ ਵਾਲੇ ਭਗਤ ਆਪਣੇ ਨਾਲ ਆਪਣੇ ਖੇਤਰਾਂ ਦਾ ਪਾਣੀ ਲੈ ਆਉਂਦੇ ਹਨ ਅਤੇ ਬਿੰਦੂ ਸਾਗਰ ਨੂੰ ਅਰਪਿਤ ਕਰ ਦਿੰਦੇ ਹਨ।**

ਤਨ ਵਿੱਚ ਤਾਲਾਬ ਰਿਹਾ ਹੋਵੇ, ਉਹ ਤਾਲਾਬ ਨੂੰ ਸਿਰਫ਼ ਪਾਣੀ ਦਾ ਭਰਿਆ ਟੋਇਆ ਨਹੀਂ ਸਮਝ ਸਕਦਾ। ਉਸ ਲਈ ਤਾਲਾਬ ਇੱਕ ਜਿਉਂਦੀ-ਜਾਗਦੀ ਪ੍ਰੰਪਰਾ ਹੈ, ਪਰਿਵਾਰ ਹੈ ਅਤੇ ਉਸਦੇ ਕਈ ਸਗੇ-ਸਬੰਧੀ ਹਨ।ਕਿਸ ਸਮੇਂ ਕਿਸਨੂੰ ਯਾਦ ਕਰਨਾ ਹੈ, ਤਾਂ ਜੋ ਤਾਲਾਬ ਬਣਿਆ ਰਹੇ, ਇਸ ਦੀ ਵੀ ਪੂਰੀ ਉਸਨੂੰ ਸੁਧ ਹੈ।

ਜੇ ਸਮੇਂ ਸਿਰ ਮੀਂਹ ਨਾ ਪਵੇ ਤਾਂ ਕਿਸਨੂੰ ਸ਼ਿਕਾਇਤ ਕਰਨੀ ਹੈ? ਇੰਦਰ ਹਨ ਮੀਂਹ ਦੇ ਦੇਵਤਾ। ਪਰ ਸਿੱਧਿਆਂ ਉਨ੍ਹਾਂ ਦੇ ਦਰ 'ਤੇ ਦਸਤਕ ਦੇਣੀ ਔਖੀ ਹੈ, ਸ਼ਾਇਦ ਠੀਕ ਵੀ ਨਹੀਂ। ਉਨ੍ਹਾਂ ਦੀ ਧੀ ਹੈ ਕਾਜਲ। ਕਾਜਲ ਮਾਤਾ ਨੂੰ ਆਪਣਾ ਸੰਕਟ ਦੱਸੋ ਤਾਂ ਉਹ ਆਪਣੇ ਪਿਤਾ ਨੂੰ ਕਹਿ ਕੇ ਇਸ ਵੱਲ ਧਿਆਨ ਦਿਵਾ ਸਕਦੀ ਹੈ। ਬੋਹਣੀ ਹੋ ਜਾਵੇ, ਪਰ ਫੇਰ ਵੀ 15 ਦਿਨਾਂ ਤੱਕ ਮੀਂਹ ਨਾ ਵਰ੍ਹੇ ਤਾਂ ਫੇਰ ਕਾਜਲ ਮਾਤਾ ਦੀ ਪੂਜਾ ਸ਼ੁਰੂ ਹੁੰਦੀ ਹੈ। ਪੂਰਾ ਪਿੰਡ ਕਾਂਕੜਬਨੀ ਭਾਵ ਪਿੰਡ ਦੀ ਸਰਹੱਦ ਉੱਤੇ ਲੱਗੇ ਜੰਗਲ ਵਿੱਚ ਬਣੇ ਤਾਲਾਬ ਤੱਕ ਪੂਜਾ ਦੇ ਗੀਤ ਗਾਉਂਦਾ ਹੋਇਆ ਇਕੱਠਾ ਹੁੰਦਾ ਹੈ। ਫੇਰ ਦੱਖਣ ਦਿਸ਼ਾ ਵੱਲ ਮੂੰਹ ਕਰ ਕੇ ਸਾਰਾ ਪਿੰਡ ਕਾਜਲ ਮਾਤਾ ਨੂੰ ਪਾਣੀ ਲਈ ਪ੍ਰਾਰਥਨਾ ਕਰਦਾ ਹੈ। ਦੱਖਣ ਤੋਂ ਹੀ ਪਾਣੀ ਆਉਂਦਾ ਹੈ।

ਕਾਜਲ ਮਾਤਾ ਨੂੰ ਪੂਜਣ ਤੋਂ ਪਹਿਲਾਂ ਕਈ ਥਾਵਾਂ ਉੱਤੇ ਪਵਨ-ਪ੍ਰੀਖਿਆ ਵੀ ਕੀਤੀ ਜਾਂਦੀ ਹੈ। ਇਹ ਹਾੜ-ਸ਼ੁਕਲ ਪੁੰਨਿਆ ਨੂੰ ਹੁੰਦੀ ਹੈ। ਇਸ ਦਿਨ ਤਾਲਾਬਾਂ ਉੱਤੇ ਮੇਲਾ ਭਰਦਾ ਹੈ। ਹਵਾ ਦਾ ਰੁਖ ਅਤੇ ਉਸਦੀ ਗਤੀ ਦੇਖ ਕੇ ਭਵਿੱਖਬਾਣੀ ਕੀਤੀ ਜਾਂਦੀ ਹੈ। ਉਸ ਹਿਸਾਬ ਨਾਲ ਸਮੇਂ ਸਿਰ ਮੀਂਹ ਪੈ ਜਾਂਦਾ ਹੈ, ਨਾ ਪਵੇ ਤਾਂ ਫੇਰ ਕਾਜਲ ਮਾਤਾ ਨੂੰ ਦੱਸਣਾ ਹੁੰਦਾ ਹੈ।

ਤਾਲਾਬ ਦਾ ਨੱਕੋ-ਨੱਕ ਭਰ ਜਾਣਾ ਵੀ ਵੱਡਾ ਉਤਸਵ ਬਣ ਜਾਂਦਾ ਸੀ। ਭੁਜ (ਕੱਛ) ਦੇ ਸਭ ਤੋਂ ਵੱਡੇ ਤਾਲਾਬ ਹਮੀਰਪੁਰ ਦੇ ਘਾਟ ਉੱਤੇ ਬਣੀ ਹਾਥੀ ਦੀ ਮੂਰਤੀ ਨੂੰ ਜਦੋਂ ਪਾਣੀ ਛੋਹ ਜਾਂਦਾ ਤਾਂ ਸਾਰੇ ਸ਼ਹਿਰ ਵਿੱਚ ਖ਼ਬਰ ਫੈਲ ਜਾਂਦੀ। ਸਾਰਾ ਸ਼ਹਿਰ ਤਾਲਾਬ ਦੇ ਘਾਟਾਂ ਉੱਤੇ ਆ ਜਾਂਦਾ। ਘੱਟ ਪਾਣੀ ਵਾਲਾ ਇਹ ਇਲਾਕ਼ਾ ਇਸ ਘਟਨਾ ਨੂੰ ਤਿਉਹਾਰ ਵਿੱਚ ਬਦਲ ਦਿੰਦਾ। ਭੁਜ ਦਾ ਰਾਜਾ ਇਸ ਤਾਲਾਬ ਉੱਤੇ ਆਉਂਦਾ ਤਾਂ ਪੂਰੇ ਭਰੇ ਹੋਏ ਤਾਲਾਬ ਤੋਂ ਆਸ਼ੀਰਵਾਦ ਲੈ ਕੇ ਵਾਪਸ ਪਰਤਦਾ। ਤਾਲਾਬ ਦਾ ਪੂਰਾ ਭਰ ਜਾਣਾ ਸਿਰਫ਼ ਇੱਕ ਘਟਨਾ ਨਹੀਂ, ਆਨੰਦ ਹੁੰਦਾ ਸੀ, ਮੰਗਲ ਕੰਮਾਂ ਦਾ,



ਸ਼ੁਭ ਕੰਮਾਂ ਦਾ ਸੂਚਕ ਹੁੰਦਾ ਸੀ। ਉਹ ਪਰਜਾ ਅਤੇ ਰਾਜੇ ਨੂੰ ਇੱਕੋ ਘਾਟ ਉੱਤੇ ਲੈ ਆਉਂਦਾ ਸੀ।

ਇਨ੍ਹੀਂ ਦਿਨੀਂ ਦੇਵਤੇ ਵੀ ਘਾਟ ਉੱਤੇ ਆਉਂਦੇ ਸਨ। ਜਲ ਝੂਲਣ ਤਿਉਹਾਰ ਵਿੱਚ ਮੰਦਿਰਾਂ ਦੀਆਂ ਚੱਲ ਮੂਰਤੀਆਂ ਤਾਲਾਬ ਤੱਕ ਲਿਆਂਦੀਆਂ ਜਾਂਦੀਆਂ ਅਤੇ ਉਨ੍ਹਾਂ ਨੂੰ ਪੂਰੇ ਸ਼ਿੰਗਾਰ ਨਾਲ ਝੂਲਾ ਝੁਲਾਇਆ ਜਾਂਦਾ। ਭਗਵਾਨ ਜੀ ਵੀ ਸੌਣ ਦੇ ਝੂਲਿਆਂ ਦੀ ਪੀਂਘ ਦਾ ਆਨੰਦ ਲੈਂਦੇ ਸਨ।

ਕੋਈ ਤਾਲਾਬ ਇਕੱਲਾ ਨਹੀਂ ਹੈ। ਉਹ ਭਰੇ-ਪੂਰੇ ਪਰਿਵਾਰ ਦਾ ਜੀਅ ਹੈ। ਉਸ ਵਿੱਚ ਸਭ ਲਈ ਪਾਣੀ ਹੈ, ਉਸਦਾ ਪਾਣੀ ਸਭ ਵਿੱਚ ਹੈ। ਅਜਿਹੀ ਮਾਨਤਾ ਰੱਖਣ ਵਾਲਿਆਂ ਨੇ ਸੱਚਮੁੱਚ ਇੱਕ ਅਜਿਹਾ ਤਾਲਾਬ ਬਣਾ ਦਿੱਤਾ ਸੀ। ਜਗਨਨਾਥ ਪੁਰੀ ਮੰਦਿਰ ਦੇ ਕੋਲ ਬਿੰਦੂ ਸਾਗਰ ਵਿੱਚ ਦੇਸ਼ ਭਰ ਦੇ ਸਾਰੇ ਜਲ-ਸ੍ਰੋਤਾਂ ਦਾ, ਨਦੀਆਂ ਦਾ ਅਤੇ ਸਮੁੰਦਰਾਂ ਦਾ ਪਾਣੀ ਮਿਲਿਆ ਹੈ। ਦੂਰ-ਦੂਰ ਤੋਂ, ਵੱਖ-ਵੱਖ ਦਿਸ਼ਾਵਾਂ ਤੋਂ ਪੁਰੀ ਆਉਣ ਵਾਲੇ ਭਗਤ ਆਪਣੇ ਨਾਲ ਆਪਣੇ ਖੇਤਰਾਂ ਦਾ ਪਾਣੀ ਲੈ ਕੇ ਆਉਂਦੇ ਹਨ ਅਤੇ ਬਿੰਦੂ ਸਾਗਰ ਨੂੰ ਅਰਪਿਤ ਕਰ ਦਿੰਦੇ ਹਨ।

ਦੇਸ਼ ਦੀ ਏਕਤਾ ਦੀ ਪ੍ਰੀਖਿਆ ਦੀ ਇਸ ਘੜੀ ਵਿੱਚ ਬਿੰਦੂ ਸਾਗਰ 'ਰਾਸ਼ਟਰੀ ਏਕਤਾ' ਦਾ ਸਾਗਰ ਅਖਵਾ ਸਕਦਾ ਹੈ। ਬਿੰਦੂ ਸਾਗਰ ਇਕਮੁੱਠ ਭਾਰਤ ਦਾ ਪ੍ਰਤੀਕ ਹੈ।

ਆਉਣ ਵਾਲਾ ਸਮਾਂ ਕਿਹੋ ਜਿਹਾ ਹੋਵੇਗਾ? ਇਹ ਦੱਸਣਾ ਬੇਹੱਦ ਕਠਿਨ ਹੈ। ਪਰ ਇਸ ਨੂੰ ਮਾਪਣ ਦਾ ਇੱਕ ਸ੍ਰੋਤ ਤਾਲਾਬ ਵੀ ਸੀ। ਨੌਰਾਤਿਆਂ ਤੋਂ ਬਾਅਦ ਜਵਾਰੇ ਵਿਸਰਜਿਤ ਕੀਤੇ ਜਾਂਦੇ ਹਨ। ਰਾਜਸਥਾਨ ਵਿੱਚ ਇਸ ਅਵਸਰ 'ਤੇ ਲੋਕ ਤਾਲਾਬਾਂ ਦੇ ਕੰਢੇ ਇਕੱਠੇ ਹੁੰਦੇ ਅਤੇ ਭੋਪਾ ਯਾਨੀ ਪੁਜਾਰੀ ਵਿਸਰਜਨ ਤੋਂ ਬਾਅਦ ਪਾਣੀ ਦਾ ਪੱਧਰ ਦੇਖਕੇ ਆਉਣ ਵਾਲੇ ਸਮੇਂ ਦੀ ਭਵਿੱਖਬਾਣੀ ਕਰਦੇ। ਬਰਸਾਤ ਉਦੋਂ ਤੱਕ ਬੀਤ ਚੁੱਕੀ ਹੁੰਦੀ ਹੈ। ਜਿੰਨਾ ਪਾਣੀ ਤਾਲਾਬ ਵਿੱਚ ਜਮ੍ਹਾਂ ਹੋਣਾ ਹੁੰਦਾ, ਹੋ ਚੁੱਕਾ ਹੁੰਦਾ। ਅਗਲੇ ਹਾਲਾਤ ਇਸ ਸਥਿਤੀ 'ਤੇ ਹੀ ਨਿਰਭਰ ਹੁੰਦੇ ਸਨ।

ਅੱਜ ਇਹ ਪ੍ਰਥਾ ਲਗਭਗ ਮਿਟ ਗਈ ਹੈ। ਤਾਲਾਬ ਵਿੱਚ ਪਾਣੀ ਦਾ ਪੱਧਰ ਦੇਖ ਕੇ ਆਉਣ ਵਾਲੇ ਸਮੇਂ ਦੀ ਭਵਿੱਖਬਾਣੀ ਕਰਨੀ ਹੋਵੇ ਤਾਂ ਤਾਲਾਬਾਂ ਦੇ ਕੰਢੇ ਖੜ੍ਹੇ ਭੋਪਾ ਇਹ ਜ਼ਰੂਰ ਕਹਿੰਦੇ ਕਿ ਬੁਰਾ ਸਮਾਂ ਆਉਣ ਵਾਲਾ ਹੈ।

# ਅੱਜ ਵੀ ਖਰੇ ਹਨ ਤਾਲਾਬ

ਮਾੜਾ ਸਮਾਂ ਆ ਗਿਆ ਸੀ।

ਭੋਪਾ ਹੁੰਦੇ ਤਾਂ ਜ਼ਰੂਰ ਦੱਸਦੇ ਕਿ ਤਾਲਾਬਾਂ ਲਈ ਮਾੜਾ ਸਮਾਂ ਆ ਗਿਆ ਹੈ। ਜਿਹੜੀਆਂ ਸਹਿਜ, ਸਰਲ, ਰਸਭਰੀਆਂ ਪ੍ਰੰਪਰਾਵਾਂ, ਮਾਨਤਾਵਾਂ ਤਾਲਾਬ ਬਣਾਉਂਦੀਆਂ ਸਨ, ਉਹ ਸਭ ਸੁੱਕਣ ਲੱਗ ਪਈਆਂ ਸਨ।

ਦੂਰੀ ਭਾਵੇਂ ਇੱਕ ਛੋਟਾ ਜਿਹਾ ਸ਼ਬਦ ਹੈ, ਪਰ ਰਾਜ ਅਤੇ ਸਮਾਜ ਦੇ ਵਿੱਚ ਇਸ ਸ਼ਬਦ ਦੇ ਆਉਣ ਤੋਂ ਬਾਅਦ ਸਮਾਜ ਦਾ ਕਸ਼ਟ ਕਿੰਨਾ ਵਧ ਜਾਂਦਾ ਹੈ, ਇਸ ਦਾ ਕੋਈ ਹਿਸਾਬ ਨਹੀਂ। ਫੇਰ ਜਦੋਂ ਇਹ ਦੂਰੀ ਇੱਕ ਤਾਲਾਬ ਦੀ ਨਾ ਹੋ ਕੇ ਸੱਤ ਸਮੁੰਦਰ ਪਾਰ ਦੀ ਹੋ ਜਾਵੇ ਤਾਂ ਕਹਿਣ ਵਾਲੀ ਗੱਲ ਭਲਾ ਕੀ ਰਹਿ ਜਾਂਦੀ ਹੈ!

ਅੰਗਰੇਜ਼ ਸੱਤ ਸਮੁੰਦਰ ਪਾਰੋਂ ਆਏ ਸਨ ਅਤੇ ਆਪਣੇ ਸਮਾਜ ਦੇ ਤਜਰਬੇ ਲੈ ਕੇ ਆਏ ਸਨ। ਉੱਥੇ ਵਰਗਾਂ ਵਿੱਚ ਟਿਕਿਆ ਸਮਾਜ ਸੀ, ਜਿੱਥੇ ਸੁਆਮੀ ਅਤੇ ਦਾਸ ਦੇ ਸਬੰਧ ਸਨ। ਉੱਥੇ ਰਾਜ ਹੀ ਫ਼ੈਸਲਾ ਕਰਦਾ ਸੀ ਕਿ ਸਮਾਜ ਦਾ ਹਿੱਤ ਕਿਸ ਗੱਲ ਵਿੱਚ ਹੈ। ਇੱਥੇ ਜਾਤ ਦਾ ਸਮਾਜ ਸੀ। ਰਾਜਾ ਜ਼ਰੂਰ ਸਨ, ਪਰ ਰਾਜਾ ਅਤੇ ਪਰਜਾ ਦੇ ਸੰਬੰਧ ਅੰਗਰੇਜ਼ਾਂ ਨਾਲੋਂ ਵੱਖਰੇ ਸਨ। ਇੱਥੇ ਸਮਾਜ ਆਪਣਾ ਹਿੱਤ ਖ਼ੁਦ ਤੈਅ ਕਰਦਾ ਸੀ ਅਤੇ ਆਪਣੀ ਸ਼ਕਤੀ, ਤਾਕ਼ਤ ਨਾਲ, ਆਪਣੇ ਏਕੇ ਨਾਲ ਪੂਰਾ ਕਰਦਾ ਸੀ। ਰਾਜਾ ਉਸ ਵਿੱਚ ਸਹਿਯੋਗੀ ਹੁੰਦਾ ਸੀ। ਪਾਣੀ ਦਾ ਪ੍ਰਬੰਧ, ਉਸਦੀ ਚਿੰਤਾ ਸਾਡੇ ਸਮਾਜ ਦੀ ਜ਼ਿੰਮੇਦਾਰੀ ਦੇ ਵਿਸ਼ਾਲ ਸਾਗਰ ਦੀ ਇੱਕ ਛੋਟੀ ਜਿਹੀ ਬੂੰਦ ਸੀ। ਸਾਗਰ ਅਤੇ ਬੂੰਦ ਇੱਕ ਦੂਜੇ ਨਾਲ ਜੁੜੇ ਸਨ। ਬੂੰਦਾਂ ਵੱਖ ਹੋ ਜਾਣ ਤਾਂ ਨਾ ਸਾਗਰ ਬਚਦਾ ਹੈ ਤੇ ਨਾ ਬੂੰਦਾਂ। ਅੰਗਰੇਜ਼ਾਂ ਨੂੰ ਨਾ ਸਾਗਰ ਦਿਸੇ ਨਾ ਉਸਦੀਆਂ ਬੂੰਦਾਂ। ਉਨ੍ਹਾਂ ਨੂੰ ਇੱਥੇ ਕਾਗਜ਼ੀ ਰਿਕਾਰਡ ਨਹੀਂ ਦਿਸੇ ਜਿਨ੍ਹਾਂ ਦੀ ਉਨ੍ਹਾਂ ਨੂੰ ਆਦਤ ਸੀ। ਇਸ ਲਈ ਉਨ੍ਹਾਂ ਇਹ ਮੰਨ ਹੀ ਲਿਆ ਕਿ ਜੋ ਕੁੱਝ ਵੀ ਕਰਨਾ ਹੈ ਉਨ੍ਹਾਂ ਨੇ ਹੀ ਕਰਨਾ ਹੈ। ਇੱਥੇ ਤਾਂ ਕੁੱਝ ਹੈ ਹੀ ਨਹੀਂ।



ਦੇਸ਼ ਦੇ ਜ਼ਿਆਦਾਤਰ ਖੇਤਰਾਂ ਵਿੱਚ ਘੁੰਮ ਕੇ ਅੰਗਰੇਜ਼ਾਂ ਨੇ ਕਲਰਕਾਂ ਵਾਂਗ ਕੁੱਝ ਜਾਣਕਾਰੀਆਂ ਇਕੱਠੀਆਂ ਕੀਤੀਆਂ। ਇਨ੍ਹਾਂ ਜਾਣਕਾਰੀਆਂ ਵਿੱਚ ਸਾਗਰ ਅਤੇ ਉਸਦੀਆਂ ਬੂੰਦਾਂ ਦੇ ਰਹੱਸ ਨੂੰ ਸਮਝਣ ਦੀ ਕੋਈ ਕੋਸ਼ਿਸ਼ ਨਹੀਂ ਸੀ। ਇਸੇ ਲਈ ਇਕੱਠੀ ਕੀਤੀ ਜਾਣਕਾਰੀ ਦੇ ਆਧਾਰ ਉੱਤੇ ਜਿਹੜੀਆਂ ਨੀਤੀਆਂ ਬਣੀਆਂ ਉਨ੍ਹਾਂ ਨੀਤੀਆਂ ਨੇ ਹੀ ਸਾਗਰ ਅਤੇ ਬੂੰਦਾਂ ਨੂੰ ਵੱਖ-ਵੱਖ ਕਰ ਦਿੱਤਾ।


ਸੁਨਹਿਰਾ ਦੌਰ ਭਾਵੇਂ ਬੀਤ ਚੁੱਕਾ ਸੀ, ਪਰ ਅੰਗਰੇਜ਼ਾਂ ਤੋਂ ਬਾਅਦ ਵੀ ਪਤਨ ਦਾ ਦੌਰ ਸ਼ੁਰੂ ਨਹੀਂ ਸੀ ਹੋਇਆ। 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਅੰਗਰੇਜ਼ ਜਦੋਂ ਇੱਥੇ ਘੁੰਮ ਫਿਰ ਰਹੇ ਸਨ, ਜਿਹੜਾ ਗਜ਼ਟੀਅਰ ਬਣਾ ਰਹੇ ਸਨ, ਉਸ ਵਿੱਚ ਕਈ ਥਾਂ ਛੋਟੇ-ਛੋਟੇ ਹੀ ਨਹੀਂ, ਸਗੋਂ ਵੱਡੇ-ਵੱਡੇ ਤਾਲਾਬਾਂ ਉੱਤੇ ਚੱਲ ਰਹੇ ਕੰਮਾਂ ਦਾ ਜ਼ਿਕਰ ਮਿਲਦਾ ਹੈ।

ਮੱਧ-ਪ੍ਰਦੇਸ਼ ਦੇ ਦੁਰਗ ਅਤੇ ਰਾਜਨਾਂਦਗਾਓਂ ਵਰਗੇ ਖੇਤਰਾਂ ਵਿੱਚ ਸੰਨ 1907 ਤੱਕ ਵੀ 'ਬਹੁਤ ਸਾਰੇ ਵੱਡੇ-ਵੱਡੇ ਤਾਲਾਬ ਬਣ ਰਹੇ ਸਨ'। ਇਸ ਵਿੱਚ ਤਾਂਦੂਲਾ ਨਾਂ ਦਾ ਤਾਲਾਬ 11 ਵਰ੍ਹਿਆਂ ਦੀ ਮਿਹਨਤ ਨਾਲ ਤਿਆਰ ਹੋਇਆ ਸੀ। ਇਸ ਵਿੱਚ ਸਿੰਜਾਈ ਲਈ ਨਿੱਕਲੀਆਂ ਨਾਲ਼ਿਆਂ-ਨਹਿਰਾਂ ਦੀ ਲੰਬਾਈ 593 ਮੀਲ ਸੀ।

ਜਿਹੜੇ ਨਾਇਕ ਸਮਾਜ ਨੂੰ ਬਚਾ ਕੇ ਰੱਖਣ ਲਈ ਇਹ ਸਭ ਕੰਮ ਕਰਦੇ ਸਨ, ਉਨ੍ਹਾਂ ਦੇ ਮਨ ਵਿੱਚ ਸਮਾਜ ਨੂੰ ਤੋੜਨ ਵਾਲੀ ਪ੍ਰੰਪਰਾ ਕਿਵੇਂ ਵਸ ਸਕਦੀ ਸੀ। ਉਨ੍ਹਾਂ ਵੱਲੋਂ ਅੰਗਰੇਜ਼ਾਂ ਨੂੰ ਚੁਣੌਤੀਆਂ ਵੀ ਮਿਲੀਆਂ। ਸੈਂਸੀ, ਭੀਲ ਜਿਹੀਆਂ ਸਵੈਮਾਣ ਰੱਖਣ ਵਾਲੀਆਂ ਜਾਤਾਂ ਨੂੰ ਇਸੇ ਟਕਰਾਅ ਕਰਕੇ ਅੰਗਰੇਜ਼ੀ ਰਾਜ ਨੇ ਠੱਗ ਅਤੇ ਅਪਰਾਧੀ ਕਿਹਾ। ਜਦੋਂ ਹੁਣ ਸਭ ਕੁੱਝ ਅੰਗਰੇਜ਼ਾਂ ਨੇ ਹੀ ਕਰਨਾ ਸੀ ਤਾਂ ਪੁਰਾਣਾ ਤਾਂ ਸਭ ਕੁੱਝ ਟੁੱਟਣਾ ਹੀ ਸੀ। ਪੁਰਾਣੇ ਢਾਂਚੇ ਨੂੰ ਗ਼ਲਤ ਦੱਸਣਾ, ਉਸਨੂੰ ਦੁਤਕਾਰਨਾ ਕੋਈ ਬਹੁਤੀ ਸੋਚੀ-ਸਮਝੀ ਚਾਲ ਨਹੀਂ ਸੀ। ਉਹ ਤਾਂ ਇਸ ਨਵੀਂ ਸੋਚ ਦਾ ਸਹਿਜ ਸਿੱਟਾ ਸੀ, ਬਦਕ਼ਿਸਮਤੀ ਤਾਂ ਇਹ ਹੈ ਕਿ ਇਹ ਨਵੀਂ ਸੋਚ ਸਾਡੇ ਸਮਾਜ ਦੇ ਉਨ੍ਹਾਂ ਲੋਕਾਂ ਦੇ ਦਿਮਾਗ਼ ਵਿੱਚ ਵੀ ਵਸ ਗਈ ਜਿਹੜੇ ਪੂਰੇ ਤਨ-ਮਨ ਨਾਲ ਅੰਗਰੇਜ਼ਾਂ ਦਾ ਵਿਰੋਧ ਕਰ ਰਹੇ ਸਨ ਅਤੇ ਪੂਰੇ ਤਨ-ਮਨ ਨਾਲ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਲੱਗੇ ਹੋਏ ਸਨ।

ਪਿਛਲੇ ਦੌਰ ਦੇ ਤਜਰਬੇਕਾਰ ਹੱਥ ਹੁਣ ਨਿਕੰਮੇ ਕਾਰੀਗਰਾਂ ਵਿੱਚ ਬਦਲ ਦਿੱਤੇ ਗਏ। ਅਜਿਹੇ ਬਹੁਤ ਲੋਕ ਜਿਹੜੇ ਗੁਣਾਂ ਦੀ ਖਾਣ ਸਨ, ਨਵੇਂ ਦੌਰ ਵਿੱਚ, ਅਨਪੜ੍ਹ, ਜਾਹਿਲ ਮੰਨ ਲਏ ਗਏ। ਆਜ਼ਾਦੀ ਤੋਂ ਬਾਅਦ ਦੀਆਂ ਸਰਕਾਰਾਂ, ਸਮਾਜਕ ਸੰਸਥਾਵਾਂ ਦੀ ਇਹੋ ਬੇਸ਼ਰਮੀ ਅੱਜ ਵੀ ਜਾਰੀ ਹੈ।

ਉਸ ਗੁਣੀ ਸਮਾਜ ਦੇ ਹੱਥੋਂ ਪਾਣੀ ਦਾ ਕੰਮ ਕਿਵੇਂ ਖੋਹਿਆ ਗਿਆ ਇਸ ਦੀ ਝਲਕ ਉਦੋਂ ਦੇ ਮੈਸੂਰ ਰਾਜ ਵਿੱਚ ਦੇਖਣ ਨੂੰ ਮਿਲਦੀ ਹੈ।



ਅੱਜ ਵੀ ਖਰਾ ਹੈ ਦਿੱਲੀ ਦਾ ਹੌਜ਼-ਏ-ਸ਼ਮਸੀ

ਸੰਨ 1800 ਵਿੱਚ ਮੈਸੂਰ ਰਾਜ ਦੀਵਾਨ ਪੁਰਨੈਯਾ ਦੇਖਦੇ ਸਨ। ਉਸ ਸਮੇਂ ਰਾਜ ਭਰ ਵਿੱਚ 39,000 ਤਾਲਾਬ ਸਨ। ਕਿਹਾ ਜਾਂਦਾ ਸੀ ਕਿ ਜੇ ਕਿਸੇ ਪਹਾੜ ਉੱਤੇ ਵੀ ਇੱਕ ਬੂੰਦ ਡਿੱਗੇ ਤਾਂ ਉਸ ਬੂੰਦ ਨੂੰ ਸੰਭਾਲਣ ਦਾ ਇੰਤਜ਼ਾਮ ਦੋਹੇਂ ਪਾਸੇ ਹੁੰਦਾ ਸੀ। ਸਮਾਜ ਤੋਂ ਇਲਾਵਾ ਰਾਜ ਵੀ ਇੰਨੇ ਉਮਦਾ ਤਾਲਾਬਾਂ ਦੀ ਦੇਖ-ਰੇਖ ਵਾਸਤੇ ਹਰ ਸਾਲ ਕੁੱਝ ਕੁ ਲੱਖ ਰੁਪਏ ਖ਼ਰਚ ਕਰਦਾ ਸੀ।

ਰਾਜ ਬਦਲਿਆ। ਅੰਗਰੇਜ਼ ਆਏ, ਸਭ ਤੋਂ ਪਹਿਲਾਂ ਉਨ੍ਹਾਂ ਇਹ 'ਫ਼ਿਜ਼ੂਲ ਖ਼ਰਚੀ' ਰੋਕੀ ਅਤੇ ਸੰਨ 1839 ਵਿੱਚ ਰਾਜ ਵੱਲੋਂ ਮਿਲਣ ਵਾਲੀ ਇਮਦਾਦ ਵੀ ਅੱਧੀ ਕਰ ਦਿੱਤੀ ਗਈ। ਅਗਲੇ 32 ਸਾਲਾਂ ਵਿੱਚ ਨਵੇਂ ਰਾਜ ਦੀ ਕੰਜੂਸੀ ਨੂੰ ਸਮਾਜ ਨੇ ਬੜੀ ਦਰਿਆ-ਦਿਲੀ ਨਾਲ ਢਕ ਕੇ ਰੱਖਿਆ। ਤਾਲਾਬ ਲੋਕਾਂ ਦੇ ਸਨ, ਰਾਜ ਤੋਂ ਮਿਲਣ ਵਾਲੀ ਮਦਦ ਘੱਲਣ ਦੇ ਬਾਵਜੂਦ, ਕਿਤੇ-ਕਿਤੇ ਬੰਦ ਹੋ ਜਾਣ ਉੱਤੇ ਵੀ ਸਮਾਜ ਤਾਲਾਬਾਂ ਦੀ ਸਾਂਭ-ਸੰਭਾਲ ਵਿੱਚ ਲੱਗਿਆ ਰਿਹਾ। ਹਜ਼ਾਰਾਂ ਸਾਲ ਪੁਰਾਣੀਆਂ ਯਾਦਾਂ ਐਵੇਂ ਹੀ ਨਹੀਂ ਮਿਟ ਜਾਂਦੀਆਂ। ਪਰ ਫੇਰ 32 ਵਰ੍ਹੇ ਬਾਅਦ 1863 ਵਿੱਚ ਉੱਥੇ ਪਹਿਲੀ ਵਾਰ ਪੀ.ਡਬਲਿਊ.ਡੀ. ਬਣਿਆ ਅਤੇ ਸਾਰੇ ਤਾਲਾਬ ਲੋਕਾਂ ਤੋਂ ਖੋਹ ਕੇ ਰਾਜ ਨੂੰ ਸੌਂਪ ਦਿੱਤੇ ਗਏ।

ਸਨਮਾਨ ਪਹਿਲਾਂ ਹੀ ਖੋਹ ਲਿਆ ਗਿਆ, ਫੇਰ ਪੈਸਾ, ਸਾਧਨ ਅਤੇ ਹੁਣ ਹੁਨਰ ਵੀ ਲੈ ਲਿਆ। ਸਨਮਾਨ, ਸਹੂਲਤ ਅਤੇ ਅਧਿਕਾਰਾਂ ਤੋਂ ਬਿਨਾਂ ਸਮਾਜ ਲਾਚਾਰ ਹੋਣ ਲੱਗਾ ਸੀ। ਅਜਿਹੇ ਹਾਲਾਤ ਵਿੱਚ ਉਸ ਤੋਂ ਸਿਰਫ਼ ਆਪਣਾ ਫ਼ਰਜ਼ ਨਿਭਾਉਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਸੀ?

ਮੈਸੂਰ ਦੇ 39,000 ਤਾਲਾਬਾਂ ਦੀ ਦੁਰਦਸ਼ਾ ਦਾ ਕਿੱਸਾ ਬੜਾ ਲੰਮਾ ਹੈ। ਪੀ. ਡਬਲਿਊ. ਡੀ. ਤੋਂ ਕੰਮ ਨਹੀਂ ਚੱਲਿਆ ਤਾਂ ਫੇਰ ਪਹਿਲੀ ਵਾਰ ਸਿੰਜਾਈ ਵਿਭਾਗ ਬਣਿਆ। ਉਸਨੂੰ ਤਾਲਾਬ ਦਾ ਕੰਮ ਦਿੱਤਾ ਗਿਆ। ਉਹ ਵੀ ਕੁੱਝ ਨਾ ਕਰ ਸਕਿਆ ਤਾਂ ਵਾਪਸ ਫੇਰ ਪੀ.ਡਬਲਿਊ.ਡੀ. ਨੂੰ। ਅੰਗਰੇਜ਼ ਮਹਿਕਮੇ ਬਦਲਦੇ ਗਏ, ਰਾਜ ਨੂੰ ਮਿਲਣ ਵਾਲਾ ਤਾਲਾਬ ਟੈਕਸ ਵਧਾਉਂਦੇ ਗਏ ਅਤੇ ਰੱਖ-ਰਖਾਅ ਲਈ ਮਿਲਣ ਵਾਲੇ ਪੈਸੇ ਵਿੱਚ ਕਟੌਤੀ ਕਰਦੇ ਗਏ। ਅੰਗਰੇਜ਼ ਇਸ ਕੰਮ ਲਈ ਚੰਦਾ ਤੱਕ ਮੰਗਣ ਲੱਗੇ, ਫੇਰ ਜਬਰਨ ਵਸੂਲੀ ਦੀ ਹੱਦ ਤੱਕ ਵੀ ਗਏ।

ਇੱਧਰ ਦਿੱਲੀ ਦੇ ਤਾਲਾਬਾਂ ਦੀ ਦੁਰਦਸ਼ਾ ਲਈ ਨਵੀਂ ਰਾਜਧਾਨੀ ਬਣਨ ਲੱਗੀ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇੱਥੇ 350 ਤਾਲਾਬ ਸਨ। ਇਨ੍ਹਾਂ ਨੂੰ ਵੀ ਟੈਕਸ ਦੇ ਨਫ਼ੇ-ਨੁਕ਼ਸਾਨ ਦੀ ਤੱਕੜੀ ਵਿੱਚ ਤੋਲਿਆ ਗਿਆ ਅਤੇ ਕਮਾਈ ਨਾ ਦੇ ਸਕਣ ਵਾਲੇ ਤਾਲਾਬ ਰਾਜ ਦੇ ਪੱਲੜੇ 'ਚੋਂ ਬਾਹਰ ਸੁੱਟ ਦਿੱਤੇ ਗਏ।

ਉਸੇ ਦੌਰ ਵਿੱਚ ਦਿੱਲੀ ਵਿੱਚ ਨਲਕੇ ਲੱਗਣ ਲੱਗ ਪਏ ਸਨ। ਇਸ ਦੇ ਵਿਰੋਧ ਵਿੱਚ ਇੱਕ ਹਲਕ਼ੀ ਜਿਹੀ ਸੁਰੀਲੀ ਆਵਾਜ਼ ਸੰਨ 1900 ਦੇ ਨੇੜੇ-ਤੇੜੇ ਵਿਆਹਾਂ ਦੇ ਮੌਕਿਆਂ ਉੱਤੇ ਗਾਈ ਜਾਣ ਲੱਗੀ। 'ਗਾਰਿਓਂ' (ਵਿਆਹ ਦੇ ਗੀਤ) ਜਦੋਂ ਬਾਰਾਤ ਭੋਜਨ ਲਈ ਬੈਠਦੀ ਤਾਂ ਔਰਤਾਂ 'ਫਿਰੰਗੀ ਨਲ ਮਤ ਲਗਵਾਇ ਦੀਓ' ਗੀਤ ਗਾਉਂਦੀਆਂ। ਪਰ ਨਲਕੇ ਲਗਦੇ ਗਏ ਅਤੇ ਥਾਂ-ਥਾਂ ਬਣੇ ਤਾਲਾਬ, ਖ਼ੂਹ ਅਤੇ ਬੌੜੀਆਂ ਦੀ ਜਗ੍ਹਾ ਅੰਗਰੇਜ਼ਾਂ ਦੀ ਦੇਣ 'ਵਾਟਰ ਵਰਕਸ' ਰਾਹੀਂ ਪਾਣੀ ਆਉਣ ਲੱਗਾ।

ਪਹਿਲਾਂ ਸਾਰੇ ਵੱਡੇ ਸ਼ਹਿਰਾਂ ਵਿੱਚ, ਫਿਰ ਛੋਟੇ-ਛੋਟੇ ਸ਼ਹਿਰਾਂ ਵਿੱਚ ਵੀ ਇਹ ਸੁਪਨਾ ਅਮਲ ਵਿੱਚ ਲਿਆਂਦਾ ਗਿਆ। ਪਰ ਸਿਰਫ਼ ਪਾਈਪ ਪਾਉਣ ਨਾਲ ਅਤੇ ਥਾਂ-ਥਾਂ ਟੂਟੀ ਲਾਉਣ ਨਾਲ ਤਾਂ ਪਾਣੀ ਨਹੀਂ ਆਉਂਦਾ। ਇਹ ਗੱਲ ਉਸ ਸਮੇਂ ਨਹੀਂ ਪਰ ਆਜ਼ਾਦੀ ਮਿਲਣ ਤੋਂ ਕੁੱਝ ਸਮੇਂ ਬਾਅਦ ਹੌਲੀ-ਹੌਲੀ ਸਮਝ ਆਉਣ ਲੱਗੀ। ਉਦੋਂ ਤੱਕ ਕਈ ਸ਼ਹਿਰਾਂ ਦੇ ਤਾਲਾਬ ਬੇਕ਼ਦਰੀ ਦੇ ਗਾਰੇ ਨਾਲ ਭਰ ਚੁੱਕੇ ਸਨ, ਉਨ੍ਹਾਂ ਉੱਤੇ ਨਵੇਂ ਮੁਹੱਲੇ, ਬਾਜ਼ਾਰ, ਸਟੇਡੀਅਮ ਖੜ੍ਹੇ ਹੋ ਚੁੱਕੇ ਸਨ।

ਪਰ ਪਾਣੀ ਆਪਣਾ ਰਸਤਾ ਨਹੀਂ ਭੁੱਲਦਾ, ਪਾਣੀ ਦੀ ਯਾਦਦਾਸ਼ਤ ਬਹੁਤ ਤੇਜ਼ ਹੁੰਦੀ ਹੈ। ਹਰ ਸਾਲ ਤਾਲਾਬ ਉੱਤੇ ਬਣੇ ਮੁਹੱਲਿਆਂ ਵਿੱਚ ਮੀਂਹ ਦਾ ਪਾਣੀ ਭਰ ਜਾਂਦਾ, ਮੀਂਹਾਂ ਦੇ ਮੌਸਮ ਤੋਂ ਬਾਅਦ ਸ਼ਹਿਰਾਂ ਵਿੱਚ ਫੇਰ ਪਾਣੀ ਦਾ ਸੰਕਟ ਡੂੰਘਾ ਹੋ ਜਾਂਦਾ।


ਜਿਹੜੇ ਸ਼ਹਿਰਾਂ ਕੋਲ ਫਿਲਹਾਲ ਥੋੜ੍ਹਾ ਪੈਸਾ ਹੈ, ਥੋੜ੍ਹੀ ਤਾਕ਼ਤ ਹੈ, ਉਹ ਕਿਸੇ ਹੋਰ ਦਾ ਪਾਣੀ ਖੋਹ ਕੇ ਆਪਣੇ ਨਲਕਿਆਂ ਨੂੰ ਚਲਾ ਰਹੇ ਹਨ, ਪਰ ਬਾਕ਼ੀ ਦੀ ਹਾਲਤ ਤਾਂ ਹਰ ਸਾਲ ਵਿਗੜਦੀ ਜਾ ਰਹੀ ਹੈ। ਕਈ ਸ਼ਹਿਰਾਂ ਦੇ ਕੁਲੈਕਟਰ ਫ਼ਰਵਰੀ ਦੇ ਮਹੀਨੇ ਵਿੱਚ ਆਲੇ-ਦੁਆਲੇ ਦੇ ਪਿੰਡਾਂ ਦੇ ਵੱਡੇ ਤਾਲਾਬਾਂ ਦਾ ਪਾਣੀ ਸਿੰਜਾਈ ਦੇ ਕੰਮਾਂ ਲਈ ਰੋਕ ਕੇ ਸ਼ਹਿਰਾਂ ਲਈ ਮਹਿਫ਼ੂਜ਼ ਕਰ ਲੈਂਦੇ ਹਨ।

ਸ਼ਹਿਰਾਂ ਨੂੰ ਪਾਣੀ ਤਾਂ ਚਾਹੀਦਾ ਹੈ, ਪਰ ਪਾਣੀ ਦੇ ਸਕਣ ਵਾਲੇ ਤਾਲਾਬ ਨਹੀਂ। ਪਾਣੀ ਟਿਊਬਵੈੱਲ ਤੋਂ ਮਿਲ ਸਕਦਾ ਹੈ, ਪਰ ਇਸਦੇ ਲਈ ਬਿਜਲੀ ਤੇ ਡੀਜ਼ਲ ਦੇ ਨਾਲ-ਨਾਲ ਸ਼ਹਿਰ ਦੀ ਧਰਤੀ ਹੇਠ ਵੀ ਤਾਂ ਪਾਣੀ ਹੋਣਾ ਚਾਹੀਦਾ ਹੈ। ਚੇਨੰਈ ਜਿਹੇ ਸ਼ਹਿਰ ਦਾ ਦੁਖਾਂਤ ਇਹੋ ਦੱਸਦਾ ਹੈ ਕਿ ਪਾਣੀ ਦੇ ਲਗਾਤਾਰ ਡਿਗਦੇ ਪੱਧਰ ਨੂੰ ਸਿਰਫ਼ ਪੈਸੇ ਜਾਂ ਸੱਤਾ ਦੇ ਜ਼ੋਰ ਨਾਲ ਉੱਪਰ ਨਹੀਂ ਚੁੱਕਿਆ ਜਾ ਸਕਦਾ। ਕਈ ਸ਼ਹਿਰਾਂ ਨੇ ਆਪਣੇ ਦੂਰ-ਨੇੜੇ ਵਗਦੀਆਂ ਨਦੀਆਂ ਤੋਂ ਪਾਣੀ ਲਿਆਉਣ ਦੀਆਂ ਬੇਹੱਦ ਖਰਚੀਲੀਆਂ ਅਤੇ ਹਾਸੋਹੀਣੀਆਂ ਤਕਨੀਕਾਂ ਅਪਣਾਈਆਂ ਜਿਸ ਕਰਕੇ ਅਜਿਹੀਆਂ ਕਈ ਨਗਰ ਪਾਲਿਕਾਵਾਂ ਉੱਤੇ ਕਰੋੜਾਂ ਰੁਪਏ ਦੇ ਬਿਜਲੀ ਦੇ ਬਿਲ ਦਾ ਬੋਝ ਵੀ ਚੜ੍ਹ ਚੁੱਕਾ ਹੈ।

ਇੰਦੌਰ ਦੀ ਇੱਕ ਅਜਿਹੀ ਉਦਾਹਰਣ ਅੱਖਾਂ ਖੋਲ੍ਹ ਸਕਦੀ ਹੈ। ਇੱਥੋਂ ਦੂਰ ਵਹਿ ਰਹੀ ਨਰਮਦਾ ਦਾ ਪਾਣੀ ਲਿਆਂਦਾ ਗਿਆ। ਯੋਜਨਾ ਦਾ ਪਹਿਲਾ ਭਾਗ ਛੋਟਾ ਰਿਹਾ, ਤਾਂ ਸਭ ਨੇ ਇੱਕੋ ਆਵਾਜ਼ ਵਿੱਚ ਕਿਹਾ--ਦੂਜੀ ਵਾਰ ਅਜ਼ਮਾਉ। ਤੇ ਤੀਜੀ ਵਾਰ ਵੀ ਅੰਦੋਲਨ ਚੱਲਿਆ। ਇਸ ਵਿੱਚ ਕਾਂਗਰਸ, ਭਾਰਤੀ ਜਨਤਾ ਪਾਰਟੀ, ਕਮਿਊਨਿਸਟ ਪਾਰਟੀਆਂ ਤੋਂ ਇਲਾਵਾ ਸ਼ਹਿਰ ਦੇ ਮਸ਼ਹੂਰ ਭਲਵਾਨ ਸ਼੍ਰੀ ਅਨੋਖੀ ਲਾਲ ਇੱਕ ਪੈਰ ਉੱਤੇ ਇੱਕੋ ਥਾਂ 34 ਦਿਨਾਂ ਤੱਕ ਖੜ੍ਹੇ ਰਹਿ ਕੇ 'ਸੱਤਿਆਗ੍ਰਹਿ' ਕਰ ਚੁੱਕੇ ਸਨ। ਇਸੇ ਇੰਦੌਰ ਵਿੱਚ ਕੁੱਝ ਵਰ੍ਹੇ ਪਹਿਲਾਂ ਤੱਕ ਬਿਲਾਵਲੀ ਜਿਹਾ ਤਾਲਾਬ ਸੀ, ਜਿਸ ਵਿੱਚ ਹੁਣ ਫਲਾਈਂਗ ਕਲੱਬ ਦੇ ਜਹਾਜ਼ ਉਡਾਏ ਜਾਂਦੇ ਹਨ।

ਇੰਦੌਰ ਦੇ ਗੁਆਂਢ ਵਿੱਚ ਵਸੇ ਦੇਵਾਸ ਸ਼ਹਿਰ ਦਾ ਕ਼ਿੱਸਾ ਤਾਂ ਹੋਰ ਵੀ ਅਜੀਬ ਹੈ। ਪਿਛਲੇ 30 ਸਾਲਾਂ ਵਿੱਚ ਇੱਥੇ ਸਾਰੇ ਛੋਟੇ-ਵੱਡੇ ਤਾਲਾਬ ਭਰ ਦਿੱਤੇ ਗਏ ਅਤੇ ਉਨ੍ਹਾਂ ਉੱਤੇ ਮਕਾਨ, ਕਾਰਖ਼ਾਨੇ ਖੁੱਲ੍ਹ ਗਏ। ਪਰ ਫੇਰ ਪਤਾ ਲੱਗਿਆ ਕਿ ਇਨ੍ਹਾਂ ਨੂੰ ਪਾਣੀ ਦੇਣ ਦਾ ਸਰੋਤ ਹੀ ਨਹੀਂ ਬਚਿਆ। ਸ਼ਹਿਰ ਦੇ ਖਾਲੀ ਹੋਣ ਦੀਆਂ ਖ਼ਬਰਾਂ ਛਪਣ ਲੱਗੀਆਂ। ਹੁਣ ਪਾਣੀ ਕਿੱਥੋਂ ਆਵੇ? ਦੇਵਾਸ ਦੇ ਤਾਲਾਬਾਂ, ਖੂਹਾਂ ਉੱਤੇ ਕੰਮ ਚੱਲਣ ਦੀ ਬਜਾਏ ਰੇਲਵੇ ਸਟੇਸ਼ਨ ਉੱਤੇ ਦਸ ਦਿਨ ਕੰਮ ਚਲਦਾ ਰਿਹਾ।





ਅੱਜ ਬਿਲਾਵਲੀ ਤਾਲਾਬ ਵਿੱਚ ਜਹਾਜ਼ ਉਡਾਏ ਜਾਂਦੇ ਹਨ

25 ਅਪਰੈਲ 1990 ਨੂੰ ਇੰਦੌਰ ਤੋਂ 50 ਟੈਂਕਰ ਪਾਣੀ ਲੈ ਕੇ ਰੇਲਗੱਡੀ ਦੇਵਾਸ ਆਈ। ਮੰਤਰੀਆਂ ਦੀ ਅਗਵਾਈ ਵਿੱਚ ਬੈਂਡ-ਵਾਜਿਆਂ ਨਾਲ ਪਾਣੀ ਵਾਲੀ ਰੇਲ ਗੱਡੀ ਦਾ ਸੁਆਗਤ ਹੋਇਆ। ਮੰਤਰੀ ਜੀ ਨੇ ਰੇਲਵੇ ਸਟੇਸ਼ਨ ਆਈ 'ਨਰਮਦਾ' ਦਾ ਪਾਣੀ ਪੀ ਕੇ ਸੁਆਗਤ ਕੀਤਾ। ਦੇਵਾਸ ਵਿੱਚ ਹੁਣ ਹਰ ਰੋਜ਼ ਪਾਣੀ ਦੀ ਰੇਲ ਆਉਂਦੀ ਹੈ। ਟੈਂਕਰਾਂ ਦਾ ਪਾਣੀ ਪੰਪਾਂ ਦੇ ਸਹਾਰੇ ਟੈਂਕੀਆਂ ਵਿੱਚ ਚੜ੍ਹਾਇਆ ਜਾਦਾ ਹੈ ਤੇ ਫੇਰ ਸ਼ਹਿਰ ਵਿੱਚ ਵੰਡਿਆ ਜਾਂਦਾ ਹੈ।

ਰੇਲ ਦਾ ਕਿਰਾਇਆ ਰੋਜ਼ਾਨਾ 40,000 ਰੁਪਏ ਹੈ। ਬਿਜਲੀ ਦਾ ਖ਼ਰਚ ਵੱਖਰਾ। ਜੇਕਰ ਸਾਰੇ ਖ਼ਰਚੇ ਮਿਲਾ ਦਿੱਤੇ ਜਾਣ ਤਾਂ ਇਹ ਸਾਰਾ ਜੁਗਾੜ ਦੁੱਧ ਦੇ ਖ਼ਰਚੇ ਦੇ ਬਰਾਬਰ ਹੈ। ਫ਼ਿਲਹਾਲ ਮੱਧ-ਪ੍ਰਦੇਸ਼ ਸਰਕਾਰ ਕੇਂਦਰ ਵੱਲੋਂ ਰੇਲ ਭਾੜਾ ਮੁਆਫ਼ ਕਰਵਾਉਂਦੀ ਰਹੀ ਹੈ। ਦਿੱਲੀ ਵਾਸੀਆਂ ਲਈ ਦੂਰੋਂ ਗੰਗਾ ਦਾ ਪਾਣੀ ਲਿਆ ਕੇ ਸਰਕਾਰ ਹਾਲੇ ਮੱਧ ਪ੍ਰਦੇਸ਼ ਪ੍ਰਤੀ ਉਦਾਰਤਾ ਵਰਤ ਰਹੀ ਹੈ। ਜੇਕਰ ਡਾ. ਮਨਮੋਹਨ ਸਿੰਘ ਜੀ ਦੀ 'ਉਦਾਰ਼ਵਾਦੀ ਨੀਤੀ' ਗੱਡੀ ਅਤੇ ਬਿਜਲੀ ਦੇ ਭਾੜੇ ਵੀ ਜੋੜ ਦੇਵੇ ਤਾਂ ਦੇਵਾਸ ਨੂੰ ਨਰਕਵਾਸ ਬਣਨ ਵਿੱਚ ਕਿੰਨੀ ਕੁ ਦੇਰ ਲੱਗੇਗੀ।

ਪਾਣੀ ਦੇ ਮਾਮਲੇ ਵਿੱਚ ਇਸ ਕ਼ਿਸਮ ਦੀ ਬੇਵਕੂਫ਼ੀ ਦੀਆਂ ਉਦਾਹਰਣਾਂ ਦੇ ਢੇਰ ਹਰ ਸੂਬੇ ਵਿੱਚ ਹੀ ਮਿਲਦੇ ਹਨ। ਮੱਧ-ਪ੍ਰਦੇਸ਼ ਦੇ ਹੀ ਸ਼ਹਿਰ ਸਾਗਰ ਨੂੰ ਵੇਖੀਏ। ਕੋਈ 600 ਸਾਲ ਪਹਿਲਾਂ ਲਾਖਾ ਵਣਜਾਰੇ ਵੱਲੋਂ ਬਣਵਾਏ ਸਾਗਰ ਨਾਂ ਦੇ ਬਹੁਤ ਵੱਡੇ ਤਾਲਾਬ ਦੇ ਕੰਢੇ ਵਸੇ ਇਸ ਸ਼ਹਿਰ ਦਾ ਨਾਂ ਹੀ ਸਾਗਰ ਹੋ ਗਿਆ ਸੀ। ਅੱਜ ਇੱਥੇ ਚਾਰ ਵੱਡੀਆਂ ਸੰਸਥਾਵਾਂ ਹਨ। ਪੁਲਿਸ ਸਿਖਲਾਈ ਕੇਂਦਰ, ਫ਼ੌਜ ਦੇ ਮਹਾਰ ਰੈਜੀਮੈਂਟ ਦਾ ਮੁੱਖ ਦਫ਼ਤਰ, ਨਗਰ ਪਾਲਿਕਾ ਅਤੇ ਸਰ ਹਰੀ ਸਿੰਘ ਦੇ ਨਾਂ 'ਤੇ ਬਣੀ ਯੂਨੀਵਰਸਿਟੀ। ਇੱਕ ਵਣਜਾਰਾ

ਆਇਆ ਅਤੇ ਵਿਸ਼ਾਲ ਤਾਲਾਬ ਬਣਾ ਕੇ ਚਲਾ ਗਿਆ। ਪਰ ਨਵੇਂ ਸਮਾਜ ਦੀਆਂ ਇਹ ਕਰੋੜਪਤੀ ਸੰਸਥਾਵਾਂ ਇਸ ਤਾਲਾਬ ਦੀ ਸਾਂਭ-ਸੰਭਾਲ ਵੀ ਨਹੀਂ ਕਰ ਸਕੀਆਂ। ਅੱਜ ਸਾਗਰ ਤਾਲਾਬ ਉੱਤੇ 11 ਥੀਸਿਸ ਲਿਖੇ ਜਾ ਚੁੱਕੇ ਹਨ, ਡਿਗਰੀਆਂ ਵੰਡੀਆਂ ਜਾ ਚੁੱਕੀਆਂ ਹਨ, ਪਰ ਇੱਕ ਅਨਪੜ੍ਹ ਮੰਨੇ ਗਏ ਵਣਜਾਰੇ ਦੇ ਹੱਥੋਂ ਬਣੇ ਸਾਗਰ ਤਾਲਾਬ ਨੂੰ ਪੜ੍ਹਿਆ-ਲਿਖਿਆ ਸਮਾਜ ਵੀ ਨਹੀਂ ਬਚਾ ਸਕਿਆ।


ਬੇਕ਼ਦਰੀ ਦੀ ਹਨੇਰੀ ਵਿੱਚ ਕੁੱਝ ਤਾਲਾਬ ਫੇਰ ਵੀ ਖੜ੍ਹੇ ਹਨ। ਦੇਸ਼ ਭਰ ਵਿੱਚ ਅੱਜ ਅੱਠ ਤੋਂ ਦਸ ਲੱਖ ਤਾਲਾਬ ਅੱਜ ਵੀ ਭਰੇ ਜਾ ਰਹੇ ਹਨ ਅਤੇ ਵਰੁਣ ਦੇਵਤਾ ਦਾ ਪ੍ਰਸ਼ਾਦ ਪਾਤਰਾਂ-ਕੁਪਾਤਰਾਂ ਵਿੱਚ ਵੰਡ ਰਹੇ ਹਨ। ਇਨ੍ਹਾਂ ਦੀ ਮਜ਼ਬੂਤ ਬਣਤਰ ਵੀ ਇਸਦਾ ਮੁੱਖ ਕਾਰਨ ਹੈ ਪਰ ਸਿਰਫ਼ ਇੱਕੋ ਕਾਰਨ ਨਹੀਂ ਕਿਉਂਕਿ ਮਜ਼ਬੂਤ ਪੱਥਰਾਂ ਨਾਲ ਬਣੇ ਕਿਲ੍ਹੇ ਖੰਡਰਾਂ ਵਿੱਚ ਨਹੀਂ ਬਦਲਦੇ। ਕਈ ਪਾਸਿਉਂ ਟੁੱਟ ਚੁੱਕੇ ਸਮਾਜ ਵਿੱਚ ਤਾਲਾਬਾਂ ਦੀਆਂ ਯਾਦਾਂ ਅੱਜ ਵੀ ਬਾਕ਼ੀ ਹਨ। ਯਾਦਾਂ ਦੀ ਮਜ਼ਬੂਤੀ ਪੱਥਰਾਂ ਦੀ ਮਜ਼ਬੂਤੀ ਤੋਂ ਕਿਤੇ ਜ਼ਿਆਦਾ ਮਜ਼ਬੂਤ ਹੈ।

ਛੱਤੀਸਗੜ੍ਹ ਦੇ ਪਿੰਡਾਂ ਵਿੱਚ ਅੱਜ ਵੀ ਡੇਰ-ਡੇਰਾ ਦੇ ਗੀਤ ਗਾਏ ਜਾਂਦੇ ਹਨ। ਅੱਜ ਵੀ ਬੁੰਦੇਲਖੰਡ ਵਿੱਚ ਕਜਲੀਆਂ ਦੇ ਗੀਤਾਂ ਵਿੱਚ ਉਨ੍ਹਾਂ ਦੇ ਅੱਠੋ ਅੰਗ ਡੁੱਬ ਸਕਣ, ਅਜਿਹੀ ਕਾਮਨਾ ਕੀਤੀ ਜਾਂਦੀ ਹੈ। ਹਰਿਆਣਾ ਦੇ ਨਾਰਨੌਲ ਵਿੱਚ ਜਾਤ ਉਤਾਰਨ ਸਮੇਂ ਮਾਂ-ਪਿਓ ਤਾਲਾਬ ਦੀ ਮਿੱਟੀ ਪੁੱਟਦੇ ਹਨ ਅਤੇ ਪਾਲ ਉੱਤੇ ਚੜ੍ਹਾਉਂਦੇ ਹਨ। ਪਤਾ ਨਹੀਂ ਕਿੰਨੇ ਸ਼ਹਿਰ, ਕਿੰਨੇ ਪਿੰਡ ਇਨ੍ਹਾਂ ਤਾਲਾਬਾਂ ਸਦਕ਼ਾ ਹੀ ਟਿਕੇ ਹੋਏ ਹਨ। ਬਹੁਤ ਸਾਰੀਆਂ ਨਗਰ ਪਾਲਿਕਾਵਾਂ ਅੱਜ ਵੀ ਇਨ੍ਹਾਂ ਤਾਲਾਬਾਂ ਦੇ ਸਿਰ ਉੱਤੇ ਪਲ ਰਹੀਆਂ ਹਨ। ਸਿੰਜਾਈ ਵਿਭਾਗ ਵੀ ਇਨ੍ਹਾਂ ਦੇ ਦਮ ਉੱਤੇ ਹੀ ਖੇਤੀ ਨੂੰ ਪਾਣੀ ਦੇ ਰਿਹਾ ਹੈ। ਅਲਵਰ ਜ਼ਿਲ੍ਹੇ ਦੇ ਬੀਜਾ ਕੀ ਡਾਹ ਵਰਗੇ ਪਿੰਡਾਂ ਵਿੱਚ ਅੱਜ ਵੀ ਸਾਗਰਾਂ ਦੇ ਉਹੀ ਨਾਇਕ ਨਵੇਂ ਤਾਲਾਬ ਪੁੱਟ ਰਹੇ ਹਨ ਅਤੇ ਪਹਿਲੀ ਬਰਸਾਤ ਵਿੱਚ ਉਨ੍ਹਾਂ ਉੱਤੇ ਰਾਤਾਂ ਨੂੰ ਪਹਿਰਾ ਦੇ ਰਹੇ ਹਨ। ਉਧਰ ਰੋਜ਼ ਸਵੇਰੇ-ਸ਼ਾਮ ਘੜਸੀਸਰ ਵਿੱਚ ਅੱਜ ਵੀ ਸੂਰਜ ਦਿਲ ਖੋਲ੍ਹ ਕੇ ਸੋਨਾ ਉਲੱਦ ਰਿਹਾ ਹੈ :

ਕੁੱਝ ਕੰਨਾਂ ਵਿੱਚ ਅੱਜ ਵੀ ਇਹੋ ਆਵਾਜ਼ ਗੂੰਜਦੀ ਹੈ
"ਚੰਗੇ-ਚੰਗੇ ਕੰਮ ਕਰਦੇ ਜਾਣਾ।"



## ਸੀਤਾ ਬੌੜੀ



ਵਿੱਚ-ਵਿਚਾਲੇ ਇੱਕ ਬਿੰਦੂ ਹੈ
ਜਿਹੜਾ ਜੀਵਨ ਦਾ ਇੱਕ ਪ੍ਰਤੀਕ ਹੈ
ਮੁੱਖ ਆਇਤ ਦੇ ਅੰਦਰ ਲਹਿਰਾਂ ਅਤੇ
ਬਾਹਰ ਪੌੜੀਆਂ ਹਨ
ਚਾਰੇ ਕੋਨਿਆਂ ਉੱਤੇ ਫੁੱਲ ਹਨ
ਜਿਹੜੇ ਜੀਵਨ ਨੂੰ ਸੁਗੰਧ ਨਾਲ ਭਰ ਦਿੰਦੇ ਹਨ
ਪਾਣੀ ਉੱਤੇ ਆਧਾਰਿਤ
ਇੱਕ ਪੂਰੇ ਜੀਵਨ ਦਰਸ਼ਨ ਨੂੰ
ਇੰਨੇ ਸਹਿਜ-ਸਰਲ ਢੰਗ ਨਾਲ
ਅੱਠ-ਦਸ ਰੇਖਾਵਾਂ ਵਿੱਚ
ਉਕੇਰਣਾ, ਬੜਾ ਔਖਾ ਕੰਮ ਹੈ
ਪਰ ਸਾਡੇ ਸਮਾਜ ਦਾ ਇੱਕ ਵੱਡਾ ਹਿੱਸਾ
ਬੇਹੱਦ ਸਹਿਜਤਾ ਅਤੇ ਸਰਲਤਾ ਨਾਲ
ਇਸ ਬਾਓਲੀ ਨੂੰ ਆਪਣੇ
ਪਿੰਡੇ 'ਤੇ ਉਕੇਰਦਾ ਰਿਹਾ ਹੈ





ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੀ ਚੌਥੀ ਸ਼ਤਾਬਦੀ ਅਤੇ ਭਾਈ ਘਨੱਈਆ ਦੀ ਜਯੰਤੀ ਮਨਾ ਕੇ ਹਟੇ ਹਾਂ। ਇਨ੍ਹਾਂ ਪ੍ਰਕਾਸ਼ ਪੁੰਜਾਂ 'ਚੋਂ ਚਾਨਣ ਦੀ ਲਿਸ਼ਕ ਲੈ ਕੇ ਅਸੀਂ ਇਸ ਧਾਰਨਾ ਨੂੰ ਝੁਠਲਾਉਣਾ ਹੈ ਕਿ ਪੰਜਾਬ ਅਤੇ ਹਰਿਆਣਾ ਅਗਲੇ ਕੁੱਝ ਵਰ੍ਹਿਆਂ ਵਿੱਚ ਰੇਗਿਸਤਾਨ ਬਣ ਜਾਣਗੇ।

ਲਗਾਤਾਰ ਸੁੱਕਦੇ ਪਾਣੀ ਦੇ ਸੋਮੇ ਅਤੇ ਵਾਤਾਵਰਣ ਜੇ ਮੂਲੋਂ ਹੀ ਪਲੀਤ ਹੋ ਜਾਣ ਤਾਂ ਉਨ੍ਹਾਂ ਨੂੰ ਸੁਰਜੀਤ ਕਰਨ ਲਈ ਹਿਮਾਲਾ ਜਿੱਡੇ ਯਤਨਾਂ ਦੀ ਲੋੜ ਪੈਂਦੀ ਹੈ। ਆਉ ! ਆਪਣੇ ਮਹਾਨ ਪ੍ਰੇਰਨਾ ਸਰੋਤ ਸ੍ਰੀ ਹਰਿਮੰਦਰ ਸਾਹਿਬ ਅਤੇ ਜਯੋਤੀਸਰ ਦੇ ਅੰਮ੍ਰਿਤ ਸਰੋਵਰਾਂ 'ਚੋਂ ਅੰਮ੍ਰਿਤ ਲੈ ਕੇ ਬੇਕਦਰੀ ਦੇ ਗਾਰੇ ਨਾਲ ਭਰੇ ਜਾ ਰਹੇ ਆਪਣੇ ਟੋਭਿਆਂ, ਢਾਬਾਂ, ਛੱਪੜਾਂ ਅਤੇ ਤਾਲਾਬਾਂ ਵਿੱਚ ਛਿੜਕ ਕੇ ਪਰਮ ਪਿਤਾ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗਦੇ ਹੋਏ ਬੇਨਤੀ ਕਰੀਏ, ਹੇ ਸੱਚੇ ਪਾਤਸ਼ਾਹ ! ਹਰੀ ਕ੍ਰਾਂਤੀ ਤੇਰੀ ਕੁਦਰਤ ਦੇ ਖ਼ਿਲਾਫ਼ ਜੰਗ ਸੀ, ਤੇਰੇ ਸਹਿਜ ਘੁੰਮਦੇ ਚੱਕੇ ਨੂੰ ਅਸੀਂ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਵਿੱਚ ਅਸੀਂ ਆਪਣੀ ਮਿੱਟੀ, ਪਾਣੀ, ਰੁੱਖ, ਪਸ਼ੂ, ਪਰਿੰਦੇ ਅਤੇ ਆਪਣੇ ਲਹੂ ਦੀ ਲਾਲੀ ਦੇ ਨਾਲ-ਨਾਲ ਆਪਣਾ ਨਿੱਘਾ ਸਭਿਆਚਾਰ ਤੱਕ ਗੁਆ ਬੈਠੇ ਹਾਂ। ਸਾਡੀਆਂ ਰਗਾਂ ਵਿੱਚ ਅੱਜ ਲਹੂ ਦੀ ਥਾਂ ਪੈਸਟੀਸਾਈਡ ਤੈਰ ਰਿਹਾ ਹੈ। ਹੇ ਬਖ਼ਸ਼ਣਹਾਰ ! ਸਾਡੀ ਭੁੱਲ ਮੁਆਫ਼ ਕਰ। ਅਸੀਂ ਤੇਰੀਆਂ ਦਾਤਾਂ ਨੂੰ ਬਚਾਉਣ ਲਈ ਕਾਰ ਸੇਵਾ ਕਰਾਂਗੇ। ਸਾਨੂੰ 'ਹੁਕਮ' ਦੇ ਕਿ ਅਸੀਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਜਿਹੀ ਅਮਰ ਬਾਣੀ ਆਪਣੇ ਮਨ-ਮਸਤਕ ਵਿੱਚ ਧਾਰਨ ਕਰਕੇ ਪਾਣੀ ਦੇ ਸੋਮਿਆਂ ਤੇ ਵਾਤਾਵਰਣ ਨੂੰ ਪਹਿਲਾਂ ਵਾਂਗ ਰੰਗਤਾਂ 'ਚ ਲਿਆ ਸਕੀਏ।

ਬੀਆਬਾਨਾਂ ਵੱਲ ਵਧਦੀ ਸੱਭਿਅਤਾ ਦੇ ਸੰਕਟ ਦੇ ਇਸ ਦੌਰ ਵਿੱਚ ਸੋਧ ਸਿਰਫ਼ ਸੰਸਕ੍ਰਿਤੀ, ਪ੍ਰੰਪਰਾਵਾਂ ਦੀ ਪੜਤਾਲ ਨਾਲ ਹੀ ਸੰਭਵ ਹੈ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਨਾਤਨ ਧਰਮ ਸਭਾਵਾਂ, ਪੰਚਾਇਤਾਂ, ਯੁਥ ਕਲੱਬਾਂ ਦੇ ਉੱਦਮੀ, ਸਨਅਤਕਾਰ ਅਤੇ ਲੋਕ ਗਾਇਕ ਮਿਲ ਕੇ 'ਵਾਤਾਵਰਣ ਬਚਾਉਣ' ਲਈ ਅੱਗੇ ਆਉਣ ਤਾਂ ਹੀ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਸੁਰੱਖਿਅਤ ਹੋ ਸਕਦਾ ਹੈ। ਰੱਬੀ ਕਾਰਜਾਂ ਤੋਂ ਦੂਰ ਹੋ ਚੁੱਕੇ ਧਾਰਮਿਕ ਆਗੂਆਂ ਨੂੰ ਆਪਣੇ ਏ. ਸੀ. ਕਮਰਿਆਂ 'ਚੋਂ ਬਾਹਰ ਆ ਕੇ ਸੁਲਘਦੀ ਧਰਤੀ ਦੀ ਸਾਂਭ-ਸੰਭਾਲ ਲਈ ਕਾਰ ਸੇਵਾ ਦੇ ਦੀਵਾਨ ਸਜਾਉਣੇ ਚਾਹੀਦੇ ਹਨ।

ਆਓ ! ਪੰਜਾਬ -ਹਰਿਆਣਾ ਨੂੰ ਬੇ-ਆਬ ਅਤੇ ਬੀਆਬਾਨ ਹੋਣ ਤੋਂ ਬਚਾਉਣ ਲਈ ਪ੍ਰਭਾਤ-ਫੇਰੀਆਂ, ਨਗਰ ਕੀਰਤਨ, ਸ਼ੋਭਾ ਯਾਤਰਾਵਾਂ ਕੱਢੀਏ। ਅੱਜ ਵਿਸ਼ਵ ਵਪਾਰ ਸੰਗਠਨ ਜਿਹੇ 'ਵਲੀ ਕੰਧਾਰੀ' ਸਾਨੂੰ ਫੇਰ ਤਿਹਾਇਆਂ ਮਾਰਨਾ ਚਾਹੁੰਦੇ ਹਨ। ਇਸ ਸੁਹਾਵੀ ਧਰਤ 'ਤੇ ਕਦੀ ਜਪੁਜੀ ਅਤੇ ਗੀਤਾ ਨੇ ਧੁੰਧੂਕਾਰ ਪਸਰੇ ਹਨੇਰਿਆਂ ਨੂੰ ਸੇਧ ਦਿੱਤੀ ਸੀ। ਆਪਾਂ ਸਾਰੇ ਪਾਰਥ 'ਸ਼ੁਭ ਕਰਮਨ ਕਰਨ' ਤੋਂ ਕਦੋਂ ਤੱਕ ਟਲਦੇ ਰਹਾਂਗੇ?

ਸੁਰਿੰਦਰ ਬਾਂਸਲ